ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK

sadelok.com

18-24 ਫਰਵਰੀ 2026

ਸਾਲ 17ਵਾਂ - ਅੰਕ 8
email : info@sadelok.com

Ph. : 510-706-1300
Fax : 925-373-1300

## ਭਾਰਤ ਦੌਰੇ 'ਤੇ ਆਏ ਫ਼ਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਹੋਏ ਨਤਮਸਤਕ



(ਦੇਖੋ ਸਫ਼ਾ 25 'ਤੇ)

## ਅਮਰੀਕਾ ਤੋਂ ਬਾਅਦ ਕੈਨੇਡਾ ਵਲੋਂ ਭਾਰਤੀਆਂ ਦੇ ਨਿਕਾਲੇ 'ਚ ਰਿਕਾਰਡ ਤੋੜ ਵਾਧਾ

### 2,831 ਭਾਰਤੀ ਵਾਪਸ ਭੇਜੇ, 6,515 ਭਾਰਤੀ CBSA ਦੀ 'ਰਿਮੂਵਲ ਲਿਸਟ' ਵਿੱਚ

ਓਟਵਾ/ਟੋਰਾਂਟੋ, (ਸਾਡੇ ਲੋਕ) ਕੈਨੇਡਾ ਸਰਕਾਰ ਵੱਲੋਂ ਇਮੀਗ੍ਰੇਸ਼ਨ ਨਿਯਮਾਂ ਵਿੱਚ ਕੀਤੀ ਜਾ ਰਹੀ




ਸਖ਼ਤੀ ਦਾ ਵੱਡਾ ਅਸਰ ਭਾਰਤੀ ਨਾਗਰਿਕਾਂ 'ਤੇ ਦੇਖਣ ਨੂੰ ਮਿਲ ਰਿਹਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਦੇ ਤਾਜ਼ਾ ਅੰਕੜਿਆਂ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਸਾਲ 2025 ਦੇ ਪਹਿਲੇ 10 ਮਹੀਨਿਆਂ ਵਿੱਚ

(ਦੇਖੋ ਸਫ਼ਾ 25 'ਤੇ)

## ਫਰੀਮਾਂਟ ਕੈਲੀਫੋਰਨੀਆ 'ਚ ਫਾਈਵ ਸਟਾਰ 'Royal Sakoon Palace' ਦਾ ਸ਼ਾਹੀ ਆਗਾਜ਼

### ਅਮਰੀਕਾ ਦੀਆਂ ਦਿੱਗਜ ਸਿਆਸੀ ਅਤੇ ਸਮਾਜਿਕ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਹੋਇਆ ਆਲੀਸ਼ਾਨ ਉਦਘਾਟਨ

ਫਰੀਮਾਂਟ (ਸਾਡੇ ਲੋਕ) : ਕੈਲੀਫੋਰਨੀਆ ਦੇ ਕਾਰੋਬਾਰੀ ਹਲਕਿਆਂ ਵਿੱਚ ਉਸ ਵੇਲੇ ਇੱਕ ਨਵਾਂ ਇਤਿਹਾਸ ਸਿਰਜਿਆ ਗਿਆ, ਜਦੋਂ ਫਰੀਮਾਂਟ ਸਿਟੀ ਵਿੱਚ ਰਾਜੇ-ਮਹਾਰਾਜਿਆਂ ਦੇ ਸ਼ਾਹੀ ਮਹਿਲਾਂ ਦੀ ਯਾਦ ਦਿਵਾਉਂਦੇ 'Royal Sakoon Palace' ਦਾ ਉਦਘਾਟਨ ਹੋਇਆ। ਸ. ਬਲਕਾਰ ਸਿੰਘ ਤਾਂਬਰ ਅਤੇ ਸ. ਦਿਦਾਰ ਸਿੰਘ ਤਾਂਬਰ ਵੱਲੋਂ ਤਿਆਰ ਕੀਤਾ ਗਿਆ ਇਹ ਆਲੀਸ਼ਾਨ ਬੈਂਕੁਏਟ ਹਾਲ ਨਾ ਸਿਰਫ਼ ਕਾਰੋਬਾਰੀ ਸਫ਼ਲਤਾ ਦੀ ਮਿਸਾਲ ਹੈ, ਸਗੋਂ ਇਹ ਤਾਂਬਰ ਪਰਿਵਾਰ ਦੀ ਦਹਾਕਿਆਂ ਦੀ ਸਖ਼ਤ ਮਿਹਨਤ ਅਤੇ ਸੇਵਾ ਭਾਵਨਾ ਦਾ ਸਿਖ਼ਰ ਹੈ। ਸਿਆਸੀ ਗਲਿਆਰਿਆਂ ਦੀਆਂ ਵੱਡੀਆਂ ਹਸਤੀਆਂ ਨੇ ਭਰੀ ਹਾਜ਼ਰੀ : ਇਸ

(ਦੇਖੋ ਸਫ਼ਾ 30-33 'ਤੇ)



## ਗਿਆਨੀ ਰਘਬੀਰ ਸਿੰਘ ਦਾ ਬਾਦਲ ਪਰਿਵਾਰ ਅਤੇ SGPC 'ਤੇ ਵੱਡਾ ਹਮਲਾ

### 'ਸਰਬੱਤ ਖਾਲਸਾ' ਬੁਲਾਉਣ ਦੀ ਅਪੀਲ

ਜਲੰਧਰ: ਸ਼੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਜੀ ਨੇ ਅੱਜ ਜਲੰਧਰ ਵਿਖੇ ਇੱਕ ਭਰਵੀਂ ਪ੍ਰੈੱਸ ਕਾਨਫਰੰਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਅਤੇ ਬਾਦਲ ਪਰਿਵਾਰ



ਦੇ ਕਥਿਤ ਭ੍ਰਿਸ਼ਟਾਚਾਰ ਵਿਰੁੱਧ ਬਗਾਵਤ ਦਾ ਝੰਡਾ ਬੁਲੰਦ ਕੀਤਾ ਹੈ। ਬੇਹੱਦ ਭਰੇ ਮਨ ਅਤੇ ਭਾਵੁਕ ਲਹਿਜੇ ਵਿੱਚ ਬੋਲਦਿਆਂ ਗਿਆਨੀ ਜੀ ਨੇ ਕੌਮ ਨੂੰ ਸੁਚੇਤ ਕੀਤਾ ਕਿ ਗੁਰੂਘਰਾਂ ਦੀ ਮਰਿਯਾਦਾ ਅਤੇ ਕੌਮ ਦੇ ਸਰਮਾਏ ਨੂੰ ਬਚਾਉਣ ਲਈ ਹੁਣ 'ਸਰਬੱਤ ਖਾਲਸਾ' ਹੀ ਇੱਕੋ-ਇੱਕ ਰਾਹ ਬਾਕੀ ਰਹਿ ਗਿਆ ਹੈ। ਗੁਰੂ ਕੀ ਗੋਲਕ ਦੀ ਲੁੱਟ ਅਤੇ ਵਿੱਤੀ ਘੁਟਾਲੇ

**ਇਸ ਸੰਵੇਦਨਸ਼ੀਲ ਮਸਲੇ 'ਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਧਾਰੀ ਚੁੱਪ**

ਗਿਆਨੀ ਰਘਬੀਰ ਸਿੰਘ ਨੇ ਦੋਸ਼ ਲਾਇਆ ਕਿ ਪਿਛਲੇ ਕਈ ਸਾਲਾਂ ਤੋਂ ਇੱਕੋ ਪਰਿਵਾਰ ਦੇ ਕਬਜ਼ੇ ਹੇਠ SGPC ਅੰਦਰ ਗੁਰੂ ਦੀ ਗੋਲਕ ਦੀ ਬੇਰਹਿਮੀ ਨਾਲ ਲੁੱਟ ਕੀਤੀ ਜਾ ਰਹੀ ਹੈ। ਉਹਨਾਂ ਨੇ ਹੇਠ ਲਿਖੇ ਗੰਭੀਰ ਮੁੱਦੇ ਚੁੱਕੇ:
ਲੰਗਰ ਘੁਟਾਲਾ: ਲੰਗਰ ਦੀਆਂ ਸੁੱਕੀਆਂ

(ਦੇਖੋ ਸਫ਼ਾ 27 'ਤੇ)

## ਅਮਰੀਕੀ ਸਿੱਖ ਕਾਕਸ ਅਤੇ ਵਰਲਡ ਸਿੱਖ ਪਾਰਲੀਮੈਂਟ ਦੀ ਅਮਰੀਕਨ ਸਰਕਾਰ ਤੋਂ ਮੰਗ

### ਅਮਰੀਕੀ ਧਰਤੀ 'ਤੇ ਸਿੱਖਾਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ




ਵਾਸ਼ਿੰਗਟਨ ਡੀ.ਸੀ. : ਅਮਰੀਕੀ ਧਰਤੀ 'ਤੇ ਸਿੱਖਾਂ ਦੀ ਸੁਰੱਖਿਆ ਨੂੰ ਲੈ ਕੇ ਸਿੱਖ ਜਥੇਬੰਦੀਆਂ ਨੇ ਆਰ-ਪਾਰ ਦੀ ਲੜਾਈ ਦਾ ਐਲਾਨ ਕਰ ਦਿੱਤਾ ਹੈ। ਅਮਰੀਕੀ ਸਿੱਖ ਕਾਕਸ ਕਮੇਟੀ ਅਤੇ ਵਰਲਡ ਸਿੱਖ ਪਾਰਲੀਆਮੈਂਟ ਨੇ ਇੱਕ ਸਾਂਝੇ ਬਿਆਨ ਵਿੱਚ ਸਪੱਸ਼ਟ ਕੀਤਾ ਹੈ ਕਿ ਅਮਰੀਕੀ ਨਾਗਰਿਕਾਂ ਦੀ ਜਾਨ ਨਾਲ ਕਿਸੇ ਵੀ ਵਿਦੇਸ਼ੀ ਤਾਕਤ ਨੂੰ ਖੇਡਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਨਿਖਿਲ ਗੁਪਤਾ ਦੇ ਕਬੂਲਨਾਮੇ ਤੋਂ ਬਾਅਦ ਇਹ ਸਾਬਤ ਹੋ ਚੁੱਕਾ ਹੈ ਕਿ ਪੰਜਾਬ ਤੋਂ ਲੈ ਕੇ ਕੈਨੇਡਾ, ਯੂਕੇ ਅਤੇ ਅਮਰੀਕਾ ਤੱਕ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਸਾਜ਼ਿਸ਼ਾਂ ਦੇ ਤਾਰ ਕਿੱਥੇ ਜੁੜੇ ਹੋਏ ਹਨ। ਸਿੱਖ ਕਮੇਟੀ ਨੇ FBI, NSA ਅਤੇ ਨਿਆਂ ਵਿਭਾਗ (DOJ) ਦੀ ਕਾਰਵਾਈ 'ਤੇ ਭਰੋਸਾ ਜਤਾਉਂਦੇ ਹੋਏ ਰਾਸ਼ਟਰਪਤੀ ਟਰੰਪ ਅਤੇ ਮੌਜੂਦਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਭਾਰਤ ਨਾਲ ਸਬੰਧਾਂ ਦੀ ਕੀਮਤ 'ਤੇ ਸਿੱਖਾਂ ਦੀ ਸੁਰੱਖਿਆ

(ਦੇਖੋ ਸਫ਼ਾ 34 'ਤੇ)

'ਕੀ ਤੁਸੀਂ ਆਪਣੇ ਘਰ ਜਾਂ ਕਾਰੋਬਾਰ ਲਈ ਬਿਜਲੀ ਦੇ ਖਰਚੇ ਘਟਾਉਣਾ ਚਾਹੁੰਦੇ ਹੋ ?'
SINGH SOLAR
High-performance Bifacial Smart Panels
ਜੋ ਤੁਹਾਡੀ ਊਰਜਾ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦਗਾਰ ਹਨ।
Residential/Business



- ਉੱਚ ਗੁਣਵੱਤਾ ਵਾਲੇ ਸੋਲਰ ਪੈਨਲ
- ਪੇਸ਼ੇਵਰ ਇੰਸਟਾਲੇਸ਼ਨ
- ਭਾਰੀ ਬੱਚਤ ਦਾ ਮੌਕਾ

510-706-1300 | singhsolarusa@gmail.com

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ



Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker



CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com



- ਪੋਲੀਟੀਕਲ ਅਸਾਈਲਮ - Political Asylum
- Deportation of Defense - BIA Appeal
- 9 Circuit Court - Federal Court
- ਗਰੀਨਕਾਰਡ - ਸਿਟੀਜਨਸ਼ਿਪ
- Green Card - Citizenship
- ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
- Divorce - Civil and Criminal Cases
- Family Petition Immigration
- Travel document - Work Permit

Harminder Singh Samana
Office Manager
239 West Yosemite Ave Manteca CA 95336 | hsrotal.64@gmail.com

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco



EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਸ਼੍ਰੋਮਣੀ ਕਮੇਟੀ ਗੁਰਦੁਆਰਾ ਸਾਹਿਬਾਨਾਂ ਦੀਆਂ ਜ਼ਮੀਨਾਂ-ਜਾਇਦਾਦਾਂ ਦੀ ਕੇਅਰ ਟੇਕਰ ਹੈ ਮਾਲਕ ਨਹੀਂ : ਗਿਆਨੀ ਹਰਪ੍ਰੀਤ ਸਿੰਘ

## ਜ਼ਮੀਨਾਂ-ਜਾਇਦਾਦਾਂ ਦਾ ਮਾਲਕ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਹੈ



ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅੱਜ ਅੰਮ੍ਰਿਤਸਰ ਵਿਖੇ ਇਕ ਕਾਨਫਰੰਸ ਕੀਤੀ। ਇਸ ਕਾਨਫਰੰਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ’ਤੇ ਗੰਭੀਰ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿਹਾ ਕਿ 2002 ’ਚ ਇਕ ਬੀਬੀ ਵੱਲੋਂ ਗੁਰਦੁਆਰਾ ਭੱਠਾ ਸਾਹਿਬ ਨੂੰ ਜ਼ਮੀਨ ਦਾਨ ਵਜੋਂ ਦਿੱਤੀ ਗਈ ਸੀ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਦਾਨ ਵਜੋਂ ਮਿਲੀ ਜ਼ਮੀਨ ਨੂੰ 7000 ਪ੍ਰਤੀ ਗਜ਼ ਦੇ ਹਿਸਾਬ ਨਾਲ ਵੇਚ ਦਿੱਤਾ। ਜਦਕਿ ਇਹ ਜ਼ਮੀਨ ਮੇਨ ਹਾਈਵੇ ’ਤੇ ਪੈਂਦੀ ਹੈ ਅਤੇ ਇਸ ਨੂੰ ਇੰਨੇ ਸਸਤੇ ਰੇਟ ’ਤੇ ਕਿਉਂ ਵੇਚਿਆ ਇਸ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਦਾ ਮੁੱਦਾ ਚੁੱਕਦੇ ਹੋਏ ਕਿਹਾ ਕਿ ਗਮਾਡਾ ਵੱਲੋਂ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਐਕਵਾਇਰ ਕੀਤੀ ਗਈ ਸੀ ਅਤੇ ਇਸ ਬਦਲੇ ਗਮਾਡਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 39 ਕਰੋੜ 43 ਲੱਖ ਰੁਪਏ ਦਿੱਤੇ। ਗੁਰਦੁਆਰਾ ਐਕਟ ਅਨੁਸਾਰ ਗੁਰਦੁਆਰਾ ਸਾਹਿਬ ਦੀ ਵੇਚੀ ਗਈ ਜ਼ਮੀਨ ਦਾ ਪੈਸਾ ਗੁਰਦੁਆਰਿਆਂ ਦੀ ਉਸਾਰੀ ਜਾਂ ਲੰਗਰ ਆਦਿ ’ਤੇ ਖਰਚ ਨਹੀਂ ਕੀਤਾ ਜਾ ਸਕਦਾ। ਇਸ ਪੈਸੇ ਦੀ ਸਿਰਫ਼ ਜ਼ਮੀਨ ਹੀ ਖਰੀਦੀ ਜਾ ਸਕਦੀ ਹੈ। ਪਰ ਹੁਣ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਅੰਬ ਸਾਹਿਬ ਦੇ ਆਸੇ-ਪਾਸੇ ਕਿਤੇ ਕੋਈ ਜ਼ਮੀਨ ਨਹੀਂ ਖਰੀਦੀ ਗਈ। ਉਨ੍ਹਾਂ ਸਵਾਲ ਚੁੱਕਿਆ ਗੁਰਦੁਆਰਾ ਅੰਬ ਕਮੇਟੀ ਕੋਲ 39 ਕਰੋੜ 43 ਲੱਖ ਰੁਪਇਆ ਪਿਆ ਵੀ ਹੈ ਜਾਂ ਨਹੀਂ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਸੰਗਤਾਂ ਨੂੰ ਦੱਸਣਾ ਚਾਹੀਦਾ ਹੈ। ਉਨ੍ਹਾਂ ਕਿਹਾ ਜੇਕਰ ਅੰਬ ਸਾਹਿਬ ਦੀ ਕਮੇਟੀ ਕੋਲ ਇਹ ਪੈਸਾ ਪਿਆ ਹੈ ਤਾਂ ਉਸ ਦੀ ਹੁਣ ਤੱਕ ਜ਼ਮੀਨ ਕਿਉਂ ਨਹੀਂ ਖਰੀਦੀ ਗਈ ਅਤੇ ਇਸ ਪੈਸੇ ਨੂੰ ਐਸ.ਜੀ.ਪੀ.ਸੀ. ਹੁਣ ਤੱਕ ਫੰਡਾਂ ’ਚ ਕਿਉਂ ਰੱਖਿਆ। ਕਿਉਂਕਿ ਗਮਾਡਾ ਵੱਲੋਂ 2023 ’ਚ ਪੈਸੇ ਦਿੱਤੇ ਗਏ ਸਨ ਅਤੇ ਹੁਣ ਤਿੰਨ ਸਾਲ ਬਾਅਦ ਜ਼ਮੀਨ ਦੇ ਰੇਟ 2023 ਦੇ ਮੁਕਾਬਲੇ ਕਾਫ਼ੀ ਵਧ ਚੁੱਕੇ ਹਨ।

ਗਿਆਨੀ ਹਰਪ੍ਰੀਤ ਸਿੰਘ ਨੇ ਅੱਗੇ ਕਿਹਾ ਕਿ ਗੁਰਦੁਆਰਾ ਸਾਹਿਬਾਨਾਂ ਦੀ ਜ਼ਮੀਨਾਂ ਜਾਇਦਾਦਾਂ ਦੀ ਸ਼੍ਰੋਮਣੀ ਕਮੇਟੀ ਮਾਲਕ ਨਹੀਂ ਹੈ, ਉਹ ਸਿਰਫ਼ ਇਨ੍ਹਾਂ ਜਾਇਦਾਦਾਂ ਦੀ ਕੇਅਰ ਟੇਕਰ ਹੈ। ਗੁਰਦੁਆਰਾ ਸਾਹਿਬਾਨਾਂ ਦੀਆਂ ਜ਼ਮੀਨਾਂ ਜਾਇਦਾਦਾਂ ਦਾ ਮਾਲਕ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਹੈ। ਉਨ੍ਹਾਂ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਨੂੰ ਜੇਕਰ ਜ਼ਮੀਨ ਵੇਚਣ ਦੀ ਜ਼ਰੂਰਤ ਪੈਂਦੀ ਵੀ ਹੈ ਤਾਂ ਉਹ ਪਾਰਦਰਸ਼ੀ ਢੰਗ ਨਾਲ ਵੇਚੀ ਜਾਵੇ ਅਤੇ ਉਸ ਦਾ ਹਿਸਾਬ ਸੰਗਤਾਂ ਸਾਹਮਣੇ ਰੱਖਿਆ ਜਾਵੇਗਾ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium





Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com






Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences


ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ ’ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ ’ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ ’ਚ ਬਦਲਾਂਗੇ।



S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.

OUR EXPERT COMPLIANCE DRIVING YOUR SUCCESS



## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਨਿਊਯਾਰਕ ਦੇ ਚਰਚ ਵਿੱਚ ਜ਼ਬਰਦਸਤ ਧਮਾਕਾ, ਪਾਦਰੀ ਅਤੇ ਚਾਰ ਫਾਇਰਫਾਈਟਰ ਝੁਲਸੇ

## ਧਮਾਕੇ ਨਾਲ ਹਵਾ ਵਿੱਚ ਕਾਲੇ ਧੂੰਏਂ ਦਾ ਸੰਘਣਾ ਗੁਬਾਰ ਗਿਆ ਫੈਲ



ਨਿਊਯਾਰਕ : ਅਮਰੀਕਾ ਦੇ ਨਿਊਯਾਰਕ ਵਿਚ ਇਕ ਵੱਡਾ ਹਾਦਸਾ ਵਾਪਰਿਆ ਹੈ। ਚਰਚ ਵਿੱਚ ਹੋਏ ਜ਼ੋਰਦਾਰ ਧਮਾਕੇ ਨਾਲ ਚਰਚ ਦੇ ਪਾਦਰੀ ਅਤੇ ਇੱਕ ਫਾਇਰ ਫਾਈਟਰ ਸਮੇਤ ਪੰਜ ਲੋਕ ਗੰਭੀਰ ਜ਼ਖ਼ਮੀ ਹੋ ਗਏ। ਗੈਸ ਦੀ ਬਦਬੂ ਆਉਣ ਦੀ ਰਿਪੋਰਟ ਮਿਲਣ ਤੋਂ ਬਾਅਦ ਫਾਇਰਫਾਈਟਰਜ਼ ਚਰਚ ਦੀ ਇਮਾਰਤ ਵਿੱਚ ਪਹੁੰਚੇ ਹੀ ਸਨ ਕਿ ਉਦੋਂ ਹੀ ਧਮਾਕਾ ਹੋ ਗਿਆ। ਜ਼ਖ਼ਮੀਆਂ ਵਿੱਚ ਇੱਕ ਪਾਦਰੀ ਅਤੇ ਚਾਰ ਫਾਇਰਫਾਈਟਰ ਸ਼ਾਮਲ ਸਨ।

ਨਿਊਜ਼ ਏਜੰਸੀ ਦੇ ਅਨੁਸਾਰ, ਨਿਊਯਾਰਕ ਸਟੇਟ ਪੁਲਿਸ ਧਮਾਕੇ ਦੀ ਜਾਂਚ ਕਰ ਰਹੀ ਹੈ। ਇਹ ਧਮਾਕਾ ਸਵੇਰੇ 10:30 ਵਜੇ ਦੇ ਕਰੀਬ ਨਿਊਯਾਰਕ ਦੇ ਬੂਨਵਿਲ ਵਿੱਚ ਅਬੰਡੈਂਟ ਲਾਈਫ ਚਰਚ ਵਿੱਚ ਹੋਇਆ, ਧਮਾਕੇ ਨਾਲ ਹਵਾ ਵਿੱਚ ਕਾਲੇ ਧੂੰਏਂ ਦਾ ਸੰਘਣਾ ਗੁਬਾਰ ਫੈਲ ਗਿਆ।

ਪੁਲਿਸ ਅਧਿਕਾਰੀਆਂ ਦੇ ਅਨੁਸਾਰ, ਇਹ ਧਮਾਕਾ ਪ੍ਰੋਪੇਨ ਸਿਲੰਡਰਾਂ ਵਿਚੋਂ ਇਕ ਵਿਚ ਲੀਕ ਅਤੇ ਅੱਗ ਲੱਗਣ ਕਾਰਨ ਹੋਇਆ। ਪ੍ਰੋਪੇਨ ਸਿਲੰਡਰਾਂ ਦਾ ਮੁੱਖ ਉਦੇਸ਼ ਘਰਾਂ, ਦਫਤਰਾਂ ਅਤੇ ਉਦਯੋਗਾਂ ਨੂੰ ਸਾਫ਼, ਕੁਸ਼ਲ ਅਤੇ ਪੋਰਟੇਬਲ ਊਰਜਾ ਪ੍ਰਦਾਨ ਕਰਨਾ ਹੈ। ਇਹ ਇਕ ਉੱਚ ਊਰਜਾ ਕੁਸ਼ਲ ਬਾਲਣ ਹੈ ਜੋ ਖਾਣਾ ਪਕਾਉਣ, ਘਰਾਂ/ਪਾਣੀ ਨੂੰ ਗਰਮ ਕਰਨ, ਹੀਟਰ ਚਲਾਉਣ ਅਤੇ ਬੈਕਅੱਪ ਜਨਰੇਟਰਾਂ ਲਈ ਵਰਤਿਆ ਜਾਂਦਾ ਹੈ।

# ਅਮਰੀਕਾ ਵਿੱਚ ਸਿੱਖ ਵਿਦਿਆਰਥੀ 'ਤੇ ਹਮਲਾ

## ਸੰਭਾਵਤ ਨਫ਼ਰਤੀ ਅਪਰਾਧ ਵਜੋਂ ਜਾਂਚ ਜਾਰੀ

ਕੈਲੀਫੋਰਨੀਆ: ਸੈਨਹੋਜ਼ੇ ਸਟੇਟ ਯੂਨੀਵਰਸਿਟੀ (ਕੈਲੀਫੋਰਨੀਆ) ਵਿੱਚ ਪਿਛਲੇ ਹਫ਼ਤੇ ਲੋਕਾਂ ਨੇ ਇਕ ਸਿੱਖ ਵਿਦਿਆਰਥੀ ਨੂੰ ਜ਼ਮੀਨ 'ਤੇ ਸੁੱਟ ਕੇ ਉਸ ਦੀ ਪੱਗ ਉਤਾਰ ਦਿੱਤੀ ਅਤੇ ਉਸ ਨੂੰ "ਹਿੰਦੂ "ਕਹਿ ਕੇ ਗਾਲਾਂ ਕੱਢੀਆਂ। ਸਿੱਖ ਵਿਦਿਆਰਥੀ 'ਤੇ ਹਮਲੇ ਨੇ ਧਾਰਮਿਕ ਨਫ਼ਰਤ ਦੇ ਮਾਮਲੇ ਨੂੰ ਚਰਚਾ ਵਿੱਚ ਲਿਆ ਦਿੱਤਾ ਹੈ।

ਹਿੰਦੂ ਵਕਾਲਤ ਸਮੂਹਾਂ ਨੇ ਵੀ ਘਟਨਾ ਦੀ ਨਿੰਦਾ ਕੀਤੀ ਅਤੇ ਕੈਂਪਸ ਦੀ ਸਖਤ ਸੁਰੱਖਿਆ ਦੀ ਮੰਗ ਕੀਤੀ। 7 ਫਰਵਰੀ ਨੂੰ ਵਾਪਰੀ ਇਸ ਘਟਨਾ ਦੀ ਜਾਂਚ ਕੈਂਪਸ ਅਤੇ ਸਥਾਨਕ ਅਧਿਕਾਰੀਆਂ ਦੁਆਰਾ ਇੱਕ ਸੰਭਾਵਤ ਨਫ਼ਰਤੀ ਅਪਰਾਧ ਵਜੋਂ ਕੀਤੀ ਜਾ ਰਹੀ ਹੈ।




ਯੂਨੀਵਰਸਿਟੀ ਦੇ ਅਧਿਕਾਰੀਆਂ ਮੁਤਾਬਕ ਵਿਦਿਆਰਥੀ 'ਤੇ ਕਈ ਲੋਕਾਂ ਨੇ ਹਮਲਾ ਕੀਤਾ ਜਿਸ ਨੇ ਕਥਿਤ ਤੌਰ 'ਤੇ ਉਸ ਨੂੰ ਜ਼ਬਰਦਸਤੀ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਉਸ ਦੀ ਪੱਗ ਪਾੜ ਦਿੱਤੀ। ਹਮਲੇ ਦੇ ਦੌਰਾਨ, ਹਮਲਾਵਰਾਂ ਨੇ ਕਥਿਤ ਤੌਰ 'ਤੇ 'ਹਿੰਦੂ' ਸ਼ਬਦ ਦੀ ਵਰਤੋਂ ਕੀਤੀ, ਜੋ ਪੱਖਪਾਤ ਨਾਲ ਚੱਲਣ ਵਾਲੀ ਭਾਸ਼ਾ ਨਾਲ ਜੋੜੀ ਗਈ ਗਲਤ ਪਛਾਣ ਦੇ ਮਾਮਲੇ ਨੂੰ ਦਰਸਾਉਂਦੀ ਹੈ। ਮੰਨਿਆ ਜਾਂਦਾ ਹੈ ਕਿ ਸ਼ੱਕੀ ਗੈਰ-ਵਿਦਿਆਰਥੀ ਸਨ, ਅਤੇ ਅਜੇ ਤੱਕ ਕਿਸੇ ਦੀ ਗ੍ਰਿਫਤਾਰੀ ਦਾ ਐਲਾਨ ਨਹੀਂ ਕੀਤਾ ਗਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਨਿਗਰਾਨੀ ਫੁਟੇਜ ਦੀ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਗਵਾਹਾਂ ਦੀ ਇੰਟਰਵਿਊ ਕੀਤੀ ਜਾ ਰਹੀ ਹੈ।

ਸਿੱਖ ਕਾਲਜੀਏਟ ਫੈਡਰੇਸ਼ਨ ਦੀ ਪ੍ਰਧਾਨ ਹਸਮੀਤ ਕੌਰ ਨੇ ਦੱਸਿਆ ਕਿ ਮੋਬਾਈਲ ਵੀਡੀਓ ਵਿੱਚ ਹਮਲਾਵਰਾਂ ਵੱਲੋਂ ਸਿੱਖ ਵਿਦਿਆਰਥੀ ਨੂੰ ਗਲਤ ਤੌਰ 'ਤੇ ਹਿੰਦੂ ਕਹਿ ਕੇ ਨਿਸ਼ਾਨਾ ਬਣਾਇਆ ਗਿਆ। ਯੂਨੀਵਰਸਿਟੀ ਪ੍ਰਸ਼ਾਸਨ ਨੇ ਵੀ ਆਪਣੀ ਪਹਿਲੀ ਸੂਚਨਾ ਵਿੱਚ ਵਿਦਿਆਰਥੀ ਨੂੰ ਹਿੰਦੂ ਦਰਸਾ ਕੇ ਗਲਤੀ ਕੀਤੀ, ਜਿਸ 'ਤੇ ਉਨ੍ਹਾਂ ਨੇ ਮਾਫ਼ੀ ਮੰਗੀ।

ਹਿੰਦੂ ਵਿਦਿਆਰਥੀ ਗਰੁੱਪ CYAN ਨੇ ਇਸ ਹਮਲੇ ਨੂੰ "ਹਿੰਦੂਫੋਬੀਆ ਦਾ ਕਲਾਸਿਕ ਕੇਸ" ਕਰਾਰ ਦਿੱਤਾ। ਉਨ੍ਹਾਂ ਨੇ ਕਿਹਾ ਕਿ "ਹਿੰਦੂ" ਸ਼ਬਦ ਨੂੰ ਗਾਲ ਵਜੋਂ ਵਰਤਣਾ ਸਪਸ਼ਟ ਤੌਰ 'ਤੇ ਨਫ਼ਰਤ ਦੀ ਨਿਸ਼ਾਨੀ ਹੈ। CYAN ਨੇ ਯੂਨੀਵਰਸਿਟੀ ਤੋਂ ਤਿੰਨ ਮੁੱਖ ਮੰਗਾਂ ਰੱਖੀਆਂ। ਪਹਿਲੀ, ਹਿੰਦੂਫੋਬੀਆ ਨੂੰ ਖੁੱਲ੍ਹੇ ਤੌਰ 'ਤੇ ਨਿੰਦਾ ਕਰਨਾ। ਦੂਜੀ, ਹਿੰਦੂ ਅਤੇ ਸਿੱਖ ਵਿਦਿਆਰਥੀਆਂ ਲਈ ਜਾਗਰੂਕਤਾ ਪ੍ਰੋਗਰਾਮ ਸ਼ੁਰੂ ਕਰਨਾ। ਤੀਜੀ, ਪ੍ਰਭਾਵਿਤ ਵਿਦਿਆਰਥੀਆਂ ਲਈ ਟਰਾਮਾ-ਸਹਾਇਤਾ ਸੇਵਾਵਾਂ ਮੁਹੱਈਆ ਕਰਵਾਉਣਾ।

ਇਸ ਘਟਨਾ ਤੋਂ ਬਾਅਦ ਸਿੱਖ ਵਿਦਿਆਰਥੀ ਗਰੁੱਪ ਨੇ ਟਾਊਨ ਹਾਲ ਬੁਲਾਇਆ, ਜਿੱਥੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਤੋਂ ਵਧੇਰੇ ਸੁਰੱਖਿਆ ਅਤੇ ਜਵਾਬਦੇਹੀ ਦੀ ਮੰਗ ਕੀਤੀ। ਪੀੜਤ ਵਿਦਿਆਰਥੀ ਦੇ ਭਰਾ ਹਰਸ਼ਦੀਪ ਸਿੰਘ ਨੇ ਕਿਹਾ ਕਿ ਇਹ ਘਟਨਾ ਪਰਿਵਾਰ ਲਈ ਬਹੁਤ ਹੀ ਦੁਖਦਾਈ ਹੈ, ਪਰ ਉਹ ਚਾਹੁੰਦੇ ਹਨ ਕਿ ਹੋਰ ਕਿਸੇ ਨਾਲ ਅਜਿਹਾ ਨਾ ਹੋਵੇ।

ਯੂਨੀਵਰਸਿਟੀ ਪੁਲਿਸ ਮੁਖੀ ਮਾਈਕਲ ਕੈਰੋਲ ਨੇ ਦੱਸਿਆ ਕਿ ਜਾਂਚ ਜਾਰੀ ਹੈ ਅਤੇ ਕੈਂਪਸ ਵਿੱਚ ਨਿਗਰਾਨੀ ਕੈਮਰੇ ਵਧਾਏ ਜਾ ਰਹੇ ਹਨ। ਇਹ ਮਾਮਲਾ ਨਾ ਸਿਰਫ਼ ਸਿੱਖ ਭਾਈਚਾਰੇ ਲਈ, ਸਗੋਂ ਹਿੰਦੂ ਵਿਦਿਆਰਥੀਆਂ ਲਈ ਵੀ ਚਿੰਤਾ ਦਾ ਕਾਰਨ ਬਣ ਗਿਆ ਹੈ।

ਚਿਨਾਰਕਾਰਪਸ ਕਸ਼ਮੀਰ ਦੀ ਖੇਡ ਪ੍ਰਤਿਭਾ ਨੂੰ ਪਾਲਣ ਅਤੇ ਰਾਸ਼ਟਰ ਨਿਰਮਾਣ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਸੁਚਾਰੂ ਬਣਾਉਣ ਲਈ ਆਪਣੀ ਵਚਨਬੱਧਤਾ ਵਿੱਚ ਦ੍ਰਿੜ ਹੈ।

# ਅਮਰੀਕੀ ਸੰਸਦ 'ਤੇ ਹਮਲਾ ਕਰਨ ਦੀ ਸਾਜ਼ਿਸ਼

## ਪੂਰੀ ਤਿਆਰੀ ਨਾਲ ਆਇਆ ਸੀ ਹਮਲਾਵਰ, ਪੁਲਿਸ ਨੇ ਕੀਤਾ ਕਾਬੂ



ਵਾਸ਼ਿੰਗਟਨ : ਅਮਰੀਕੀ ਰਾਜਧਾਨੀ ਵਾਸ਼ਿੰਗਟਨ ਵਿੱਚ ਕੈਪੀਟਲ ਉੱਤੇ ਹਮਲਾ ਕਰਨ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ। ਇੱਕ 18 ਸਾਲਾ ਵਿਅਕਤੀ ਨੂੰ ਯੂਐਸ ਕੈਪੀਟਲ ਦੇ ਨੇੜੇ ਗ੍ਰਿਫ਼ਤਾਰ ਕੀਤਾ ਗਿਆ, ਜਿਸ ਕੋਲ ਇੱਕ ਲੋਡਿਡ ਸ਼ਾਟਗਨ ਸੀ ਅਤੇ ਉਹ ਯੂਐਸ ਕੈਪੀਟਲ ਵੱਲ ਭੱਜ ਰਿਹਾ ਸੀ। ਕੈਪੀਟਲ ਪੁਲਿਸ ਅਧਿਕਾਰੀਆਂ ਨੇ ਉਸਨੂੰ ਸਮੇਂ ਸਿਰ ਘੇਰ ਲਿਆ ਅਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ।

ਹਮਲਾਵਰ ਪੂਰੀ ਤਰ੍ਹਾਂ ਤਿਆਰ ਪਹੁੰਚਿਆ ਸੀ। ਉਸ ਨੇ ਇੱਕ ਟੈਕਟਿਕ ਜੈਕੇਟ ਅਤੇ ਦਸਤਾਨੇ ਪਹਿਨੇ ਹੋਏ ਸਨ। ਪੁਲਿਸ ਨੇ ਉਸ ਨੂੰ ਆਪਣਾ ਹਥਿਆਰ ਸੁੱਟਣ ਦਾ ਹੁਕਮ ਦਿੱਤਾ, ਜਿਸ 'ਤੇ ਉਸ ਨੇ ਸ਼ਾਟਗਨ ਜ਼ਮੀਨ 'ਤੇ ਰੱਖ ਦਿੱਤੀ ਅਤੇ ਲੇਟ ਗਿਆ। ਫਿਰ ਅਧਿਕਾਰੀਆਂ ਨੇ ਉਸ ਨੂੰ ਕੈਪੀਟਲ ਦੇ ਪੱਛਮੀ ਮੋਰਚੇ 'ਤੇ ਹਿਰਾਸਤ ਵਿੱਚ ਲੈ ਲਿਆ। ਕੈਪੀਟਲ ਪੁਲਿਸ ਮੁਖੀ ਮਾਈਕਲ ਸੁਲੀਵਾਨ ਨੇ ਸਵੀਕਾਰ ਕੀਤਾ ਕਿ ਕੋਈ ਨਹੀਂ ਜਾਣਦਾ ਕਿ ਜੇਕਰ ਅਧਿਕਾਰੀ ਮੌਜੂਦ ਨਾ ਹੁੰਦੇ ਤਾਂ ਕੀ ਹੋ ਸਕਦਾ ਸੀ।

**ਪੂਰੀ ਤਰ੍ਹਾਂ ਤਿਆਰ ਹੋ ਕੇ ਆਇਆ ਸੀ ਹਮਲਾਵਰ**

ਕੈਪੀਟਲ ਪੁਲਿਸ ਮੁਖੀ ਨੇ ਇਹ ਵੀ ਕਿਹਾ ਕਿ ਇੱਕ ਸਰਗਰਮ ਹਮਲਾਵਰ ਨਾਲ ਨਜਿੱਠਣ ਲਈ ਹਾਲ ਹੀ ਵਿੱਚ ਉਸੇ ਸਥਾਨ 'ਤੇ ਇੱਕ ਮੌਕ ਡ੍ਰਿਲ ਕੀਤੀ ਗਈ ਸੀ। ਉਸਨੇ ਦੱਸਿਆ ਕਿ ਹਮਲਾਵਰ ਪੂਰੀ ਤਰ੍ਹਾਂ ਤਿਆਰ ਸੀ। ਉਸਦੀ ਗ੍ਰਿਫਤਾਰੀ ਦੇ ਸਮੇਂ ਉਸ ਕੋਲ ਵਾਧੂ ਗੋਲਾ ਬਾਰੂਦ ਵੀ ਸੀ। ਪੁਲਿਸ ਨੇ ਉਸਦੀ ਚਿੱਟੀ ਮਰਸੀਡੀਜ਼ ਐਸਯੂਵੀ ਦੀ ਤਲਾਸ਼ੀ ਲਈ, ਜੋ ਇਮਾਰਤ ਦੇ ਨੇੜੇ ਖੜੀ ਸੀ। ਇੱਕ ਕੇਵਲਰ ਹੈਲਮੇਟ ਅਤੇ ਗੈਸ ਮਾਸਕ ਵੀ ਵਾਹਨ ਵਿੱਚੋਂ ਬਰਾਮਦ ਕੀਤਾ ਗਿਆ ਸੀ। ਪੁਲਿਸ ਦੇ ਅਨੁਸਾਰ, ਸ਼ੱਕੀ ਵਾਸ਼ਿੰਗਟਨ, ਡੀ.ਸੀ. ਦਾ ਨਿਵਾਸੀ ਨਹੀਂ ਹੈ, ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਕੋਲ ਉਸਦਾ ਕੋਈ ਪਹਿਲਾਂ ਦਾ ਰਿਕਾਰਡ ਨਹੀਂ ਹੈ। ਉਸਦੇ ਇਰਾਦਿਆਂ ਜਾਂ ਇਰਾਦਿਆਂ ਬਾਰੇ ਅਜੇ ਤੱਕ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ, ਅਤੇ ਜਾਂਚ ਜਾਰੀ ਹੈ।




**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ**

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

**ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ**

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਇਮੀਗ੍ਰੇਸ਼ਨ ਅਦਾਲਤ ਵੱਲੋਂ ਤੁਰਕੀ ਦੇ ਵਿਦਿਆਰਥੀ ਨੂੰ ਦੇਸ਼ ਨਿਕਾਲਾ ਦੇਣ 'ਤੇ ਰੋਕ

### ਮਾਮਲਾ ਫਲਸਤੀਨ ਪੱਖੀ ਲੇਖ ਲਿਖਣ ਦਾ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇੱਕ ਇਮੀਗ੍ਰੇਸ਼ਨ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੁਆਰਾ ਤੁਰਕੀ ਦੀ ਇੱਕ ਵਿਦਿਆਰਥਣ ਨੂੰ ਦੇਸ਼ ਨਿਕਾਲਾ ਦੇਣ ਦੀਆਂ ਕੋਸ਼ਿਸ਼ਾਂ ਉਪਰ ਰੋਕ ਲਾ ਦਿੱਤੀ ਹੈ। ਰੁਮੇਸਾ ਓਜ਼ਟਰਕ ਨਾਮੀ ਵਿਦਿਆਰਥਣ ਨੂੰ ਟਫਟਸ ਯੁਨੀਵਰਸਿਟੀ ਦੇ ਵਿਦਿਆਰਥੀਆਂ ਦੇ ਅਖਬਾਰ ਲਈ ਫਸਲਤੀਨ ਪਖੀ ਲੇਖ ਲਿਖਣ ਕਾਰਨ ਮਾਰਚ 2025 ਵਿੱਚ ਬੋਸਟਨ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਲੇਖ ਵਿੱਚ ਉਸ ਨੇ ਇਜਰਾਈਲ- ਗਾਜ਼ਾ ਜੰਗ ਬਾਰੇ ਸਕੂਲ ਦੇ ਪ੍ਰਤੀਕਰਮ ਦੀ ਨਿੰਦਾ ਕੀਤੀ ਸੀ। ਮਈ 2025 ਵਿੱਚ ਇਕ ਸੰਘੀ ਅਦਾਲਤ ਨੇ ਉਸ ਨੂੰ ਰਿਹਾਅ ਕਰਨ ਦਾ ਆਦੇਸ਼ ਦਿੱਤਾ ਸੀ। ਫਰੀਡਮ ਆਫ ਦਾ ਪ੍ਰੈਸ ਫਾਊਂਡੇਸ਼ਨ ਚੀਫ ਆਫ ਐਡਵੋਕੇਸੀ ਸੇਠ ਸਟਰਨ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਹ ਮਾਮਲਾ ਪ੍ਰੈਸ ਦੀ ਆਜ਼ਾਦੀ ਦੀ ਉਲੰਘਣਾ ਨਾਲ ਜੁੜਿਆ ਹੋਇਆ ਹੈ। ਉਨਾਂ ਕਿਹਾ "ਟਰੰਪ ਪ੍ਰਸ਼ਾਸ਼ਨ ਆਪਣੀ ਕਾਰਵਾਈ ਦਾ ਕਾਰਨ ਦੱਸਣ ਲਈ ਵੀ ਤਿਆਰ ਨਹੀਂ ਹੈ, ਓਜ਼ਟਰਕ ਨੂੰ ਗ੍ਰਿਫਤਾਰ ਕਰਕੇ ਜੇਲ ਵਿੱਚ ਬਹੁਤ ਹੀ ਬੁਰੇ ਹਾਲਾਤ ਵਿੱਚ ਰਖਿਆ ਗਿਆ ਤੇ ਉਸ ਨੂੰ ਇਸ ਆਧਾਰ 'ਤੇ ਦੇਸ਼ ਨਿਕਾਲਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਸ ਨੇ ਉਸ ਮੁੱਦੇ 'ਤੇ ਲੱਖਾਂ ਅਮਰੀਕੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਸਨ ਜੋ ਮੁੱਦਾ ਇਸ ਵੇਲੇ ਬਹੁਤ ਅਹਿਮ ਬਣਿਆ ਹੋਇਆ ਹੈ।" ਟਰੰਪ ਪ੍ਰਸ਼ਾਸਨ ਨੇ ਕਿਹਾ ਹੈ ਕਿ ਉਹ ਸੰਘੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦੇਵੇਗਾ।

# ਭਾਰਤੀ ਮੂਲ ਦੀ ਨਿਸ਼ਾ ਅਗਰਵਾਲ ਮੇਅਰ ਦੇ ਦਫਤਰ ਵਿੱਚ ਕਮਿਸ਼ਨਰ ਨਿਯੁਕਤ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਮੇਅਰ ਜ਼ੋਹਰਨ ਮਮਦਾਨੀ ਨੇ ਨਿਊਯਾਰਕ ਦੀਆਂ ਪ੍ਰਮੁੱਖ ਏਜੰਸੀਆਂ ਵਿੱਚ ਸੇਵਾਵਾਂ ਵਿੱਚ ਸੁਧਾਰ ਦੀ ਕੋਸ਼ਿਸ਼ ਵਜੋਂ ਕਈ ਨਿਯੁਕਤੀਆਂ ਕਰਨ ਦਾ ਐਲਾਨ ਕੀਤਾ ਹੈ ਜਿਨਾਂ ਵਿੱਚ ਇਕ ਅਹਿਮ ਨਿਯੁਕਤੀ ਭਾਰਤੀ ਮੂਲ ਦੀ ਨਿਸ਼ਾ ਅਗਰਵਾਲ ਦੀ ਹੋਈ ਹੈ। ਨਿਸ਼ਾ ਅਗਰਵਾਲ ਨੂੰ ਅੰਗਹੀਣਾਂ ਲਈ ਮੇਅਰ ਦੇ ਦਫਤਰ ਦੀ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਮੇਅਰ ਨੇ ਕਿਹਾ ਹੈ ਕਿ ਅਗਰਵਾਲ ਦਾ ਤਜ਼ਰਬਾ ਹਾਊਸਿੰਗ, ਸਿਹਤ ਸੰਭਾਲ, ਸਿੱਖਿਆ ਤੇ ਹੋਰ ਜਰੂਰੀ ਸੇਵਾਵਾਂ ਲੋਕਾਂ ਤੱਕ ਪਹੁੰਚਾਉਣ ਦੇ ਕੰਮ ਆਵੇਗਾ। ਅਗਰਵਾਲ ਪਾਲਸੀ ਐਂਡ ਕਮਿਊਨੀਕੇਸ਼ਨਜ ਦੇ ਡਾਇਰੈਕਟਰ ਸਮੇਤ ਹੋਰ ਕਈ ਅਹਿਮ ਅਹੁਦਿਆਂ 'ਤੇ ਕੰਮ ਕਰ ਚੁੱਕੀ ਹੈ। ਉਸ ਨੇ ਮੇਅਰ ਦੇ ਦਫਤਰ ਵਿੱਚ ਪ੍ਰਵਾਸੀ ਮਾਮਲਿਆਂ 'ਤੇ ਵੀ ਆਪਣੀਆਂ ਸੇਵਾਵਾਂ ਦਿੱਤੀਆਂ ਹਨ।

# ਅਮਰੀਕਾ ਦੇ ਕੋਲੋਰਾਡੋ ਵਿੱਚ ਭਾਰੀ ਧੂੜ ਭਰੇ ਤੂਫ਼ਾਨ ਕਾਰਨ 30 ਤੋਂ ਵੱਧ ਵਾਹਨ ਟਕਰਾ ਗਏ, ਚਾਰ ਲੋਕਾਂ ਦੀ ਮੌਤ

### ਦੱਖਣ ਵਿੱਚ ਇੰਟਰਸਟੇਟ 25 'ਤੇ ਤੇਜ਼ ਹਵਾਵਾਂ ਕਾਰਨ ਉਡਦੀ ਧੂੜ ਕਾਰਨ ਵਾਪਰਿਆ



ਪੁਏਬਲੋ: ਮੰਗਲਵਾਰ ਨੂੰ ਕੋਲੋਰਾਡੋ ਵਿੱਚ ਧੂੜ ਭਰੇ ਤੂਫ਼ਾਨ ਕਾਰਨ 30 ਤੋਂ ਵੱਧ ਵਾਹਨ ਟਕਰਾ ਗਏ, ਜਿਸ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ, ਅਧਿਕਾਰੀਆਂ ਨੇ ਦੱਸਿਆ।
ਕੋਲੋਰਾਡੋ ਸਟੇਟ ਪੈਟਰੋਲ ਨੇ ਕਿਹਾ ਕਿ ਹਾਦਸਾ ਸਵੇਰੇ 10 ਵਜੇ ਦੇ ਕਰੀਬ ਪੁਏਬਲੋ ਦੇ ਦੱਖਣ ਵਿੱਚ ਇੰਟਰਸਟੇਟ 25 'ਤੇ ਤੇਜ਼ ਹਵਾਵਾਂ ਕਾਰਨ ਉੱਡਦੀ ਧੂੜ ਕਾਰਨ ਵਾਪਰਿਆ।
ਉਨ੍ਹਾਂ ਕਿਹਾ ਕਿ ਡਰਾਈਵਰਾਂ ਕੋਲ 'ਘੱਟ ਜਾਂ ਕੋਈ ਦ੍ਰਿਸ਼ਟੀ ਨਹੀਂ ਸੀ'। ਪੁਲਿਸ ਨੇ ਕਿਹਾ ਕਿ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ 29 ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ, ਪਰ ਉਨ੍ਹਾਂ ਦੀ ਹਾਲਤ ਦਾ ਪਤਾ ਨਹੀਂ ਲੱਗ ਸਕਿਆ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਬੁਲਾਰੇ ਸ਼ੈਰੀ ਮੈਂਡੇਜ਼ ਨੇ ਕਿਹਾ ਕਿ ਘੱਟ ਦ੍ਰਿਸ਼ਟੀ ਨੂੰ ਇੱਕ ਕਾਰਕ ਮੰਨਿਆ ਜਾ ਰਿਹਾ ਹੈ, ਪਰ ਹੋਰ ਕਾਰਕ ਵੀ ਸ਼ਾਮਲ ਹੋ ਸਕਦੇ ਹਨ।

# ਆਈ ਸੀ ਈ ਦਾ ਵਿਵਹਾਰ ਤਾਨਾਸ਼ਾਹੀ ਵਾਲਾ : ਬਰਾਕ ਉਬਾਮਾ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਨੇ ਇਮੀਗ੍ਰੇਸ਼ਨ ਤੇ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਏਜੰਟਾਂ ਦੀ ਸਖਤ ਅਲੋਚਨਾ ਕਰਦਿਆਂ ਕਿਹਾ ਹੈ ਕਿ ਉਹ ਤਾਨਾਸ਼ਾਹੀ ਢੰਗ ਤਰੀਕੇ ਨਾਲ ਕੰਮ ਕਰ ਰਹੇ ਹਨ। ਉਨਾਂ ਨੇ ਇਕ ਬਿਆਨ ਵਿੱਚ ਕਿਹਾ ਕਿ ਮਿਨੀਸੋਟਾ ਵਿੱਚ ਆਈ ਸੀ ਈ ਏਜੰਟ ਜਿਸ ਤਰ੍ਹਾਂ ਦਾ ਵਿਵਹਾਰ ਕਰ ਰਹੇ ਹਨ, ਅਜਿਹਾ ਵਿਵਹਾਰ ਏਕਾਧਿਕਾਰ ਤੇ ਤਾਨਾਸ਼ਾਹੀ ਦੇਸ਼ਾਂ ਵਿੱਚ ਵੇਖਿਆ ਗਿਆ ਹੈ। ਉਬਾਮਾ ਜਿਨਾਂ ਨੇ ਪਹਿਲਾਂ ਅਮਰੀਕਾ ਦੇ ਸ਼ਹਿਰਾਂ ਵਿੱਚ ਸੰਘੀ ਏਜੰਟਾਂ ਨੂੰ ਤਾਇਨਾਤ ਕਰਨ ਕਾਰਨ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਲੋਚਨਾ ਕੀਤੀ ਸੀ, ਨੇ ਤਾਜ਼ਾ ਬਿਆਨ ਵਿੱਚ ਕਿਹਾ ਹੈ ਕਿ ਆਈ ਸੀ ਈ ਏਜੰਟਾਂ ਦਾ ਵਿਵਹਾਰ ਖਤਰਨਾਕ ਹੈ ਇਹ ਚਿੰਤਾ ਦਾ ਵਿਸ਼ਾ ਹੈ। ਮਿਨੀਸੋਟਾ ਵਿਚ ਤਾਇਨਾਤ 3000 ਸੰਘੀ ਏਜੰਟਾਂ ਦੀਆਂ ਆਮ ਲੋਕਾਂ ਨਾਲ ਟਕਰਾਅ ਦੀਆਂ ਅਨੇਕਾਂ ਵੀਡੀਓ ਸਾਹਮਣੇ ਆਈਆਂ ਹਨ। ਉਬਾਮਾ ਨੇ ਕਿਹਾ ਕਿ ਮਿਨਿਆਪੋਲਿਸ, ਸੇਂਟ ਪਾਲ ਵਿੱਚ ਆਈ ਸੀ ਈ ਏਜੰਟ ਜੋ ਕਰ ਰਹੇ ਹਨ ਉਸ ਦਾ ਨੋਟਿਸ ਲੈਣਾ ਜਰੂਰੀ ਹੈ, ਅਜਿਹਾ ਲੱਗਦਾ ਹੈ ਕਿ ਉਨਾਂ ਨੂੰ ਬਿਨਾਂ ਸਪੱਸ਼ਟ ਦਿਸ਼ਾ ਨਿਰਦੇਸ਼, ਸਿਖਲਾਈ ਦੇ ਤਾਇਨਾਤ ਕੀਤਾ ਗਿਆ ਹੈ ਜੋ ਲੋਕਾਂ ਨੂੰ ਘਰਾਂ ਵਿਚੋਂ ਧੂਹ ਕੇ ਬਾਹਰ ਕੱਢ ਰਹੇ ਹਨ ਤੇ ਜੋ ਸਧਾਰਨ ਖੜੇ ਲੋਕਾਂ ਉਪਰ ਹੰਝੂ ਗੈਸ ਛੱਡ ਰਹੇ ਹਨ। ਮਿਨਿਆਪੋਲਿਸ ਵਿੱਚ ਪ੍ਰਦਰਸ਼ਨਕਾਰੀ ਰੀਨੀ ਗੁੱਡ ਤੇ ਐਲਕਸ ਪੈਟੀ ਦੀ ਇਮੀਗ੍ਰੇਸ਼ਨ ਏਜੰਟਾਂ ਹੱਥੋਂ ਹੋਈ ਹੱਤਿਆ ਤੋਂ ਬਾਅਦ ਦੇਸ਼ ਭਰ ਵਿੱਚ ਵੱਡੀ ਪੱਧਰ 'ਤੇ ਵਿਰੋਧ ਵੇਖਣ ਨੂੰ ਮਿਲਿਆ ਹੈ।

# ਅਮਰੀਕਾ ਲਈ ਡੰਕੀ ਰੂਟ ਤੋਂ ਦੋ ਭਾਰਤੀ ਅਗ਼ਵਾ

### ਵਿਦੇਸ਼ ਮੰਤਰਾਲੇ ਦੇ ਦਖ਼ਲ ਤੋਂ ਬਾਅਦ 24 ਘੰਟੇ ਦੇ ਅੰਦਰ ਦੋਵੇਂ ਜਣਿਆਂ ਨੂੰ ਅਗਵਾਕਾਰਾਂ ਦੇ ਚੁੰਗਲ ਤੋਂ ਸੁਰੱਖਿਅਤ ਬਚਾਇਆ ਗਿਆ


ਫਾਈਲ ਫੋਟੋ

ਵਾਸ਼ਿੰਗਟਨ : ਹਰ ਕੋਈ ਚਾਹੁੰਦਾ ਏ ਕਿ ਉਹ ਅਮਰੀਕਾ ਵਰਗੇ ਦੇਸ਼ ਵਿਚ ਵਸੇ, ਪਰ ਦੋ ਨੌਜੁਆਨਾਂ ਦੇ ਲਈ ਅਮਰੀਕਾ ਵਸਣ ਦਾ ਸੁਪਨਾ ਕਦੇ ਨਾ ਭੁਲਾਉਣ ਵਾਲੀ ਡਰਾਉਣੀ ਯਾਦ ਬਣ ਕੇ ਰਹਿ ਗਿਆ। ਦਰਅਸਲ ਗ਼ੈਰਕਾਨੂੰਨੀ ਡੰਕੀ ਰੂਟ ਰਾਹੀਂ ਅਮਰੀਕਾ ਪਹੁੰਚਣ ਦੀ ਕੋਸ਼ਿਸ਼ ਵਿਚ ਉਨ੍ਹਾਂ ਨੂੰ ਅਜ਼ਰਬੈਜਾਨ ਵਿਖੇ ਕਿਸੇ ਗੈਂਗ ਨੇ ਅਗਵਾ ਕਰ ਲਿਆ। ਉਨ੍ਹਾਂ ਨੂੰ ਇੰਨੀ ਬੁਰੀ ਤਰ੍ਹਾਂ ਟਾਰਚਰ ਕੀਤਾ ਗਿਆ ਕਿ ਉਨ੍ਹਾਂ ਦੇ ਅੰਗ ਤਕ ਵੇਚਣ ਦੀ ਧਮਕੀ ਦੇ ਦਿਤੀ । ਪਰਵਾਰ ਦੀ ਸੂਚਨਾ 'ਤੇ ਭਾਰਤੀ ਅਧਿਕਾਰੀਆਂ ਨੇ ਇਨ੍ਹਾਂ ਦੋਵੇਂ ਮੁੰਡਿਆਂ ਨੂੰ ਸੁਰੱਖਿਅਤ ਬਚਾ ਲਿਆ ਪਰ ਉਨ੍ਹਾਂ ਨੂੰ ਅਪਣੀ ਹੱਡਬੀਤੀ ਕਦੇ ਨਹੀਂ ਭੁੱਲਣੀ।

ਇਕ ਰੀਪੋਰਟ ਮੁਤਾਬਕ ਪੀੜਤ ਨੌਜੁਆਨ 22 ਸਾਲਾ ਧਰੁਵ ਪਟੇਲ ਅਤੇ 32 ਸਾਲਾ ਦੀਪਿਕਾ ਪਟੇਲ ਗੁਜਰਾਤ ਵਿਚ ਅਨੰਦ ਜ਼ਿਲ੍ਹੇ ਦੇ ਪਿੰਡ ਕੰਥਾਰੀਆ ਦੇ ਰਹਿਣ ਵਾਲੇ ਹਨ। ਇਨ੍ਹਾਂ ਨੇ ਅਮਰੀਕਾ ਜਾਣ ਵਾਸਤੇ ਮੁੰਬਈ ਦੇ ਇਕ ਏਜੰਟ ਨਾਲ ਸੰਪਰਕ ਕੀਤਾ ਸੀ, ਜਿਸ ਨੇ ਇਨ੍ਹਾਂ ਨੂੰ ਗ਼ੈਰਕਾਨੂੰਨੀ ਡੰਕੀ ਰੂਟ ਰਾਹੀਂ ਅਮਰੀਕਾ ਪਹੁੰਚਾਉਣ ਦਾ ਵਾਅਦਾ ਕੀਤਾ ਸੀ। ਇਹ ਰਸਤਾ ਕਾਫ਼ੀ ਖ਼ਤਰਨਾਕ ਹੈ, ਜਿਸ ਵਿਚ ਬਹੁਤ ਸਾਰੇ ਨੌਜੁਆਨਾਂ ਨੂੰ ਅਪਣੀ ਜਾਨ ਤਕ ਗਵਾਉਣੀ ਪੈ ਗਈ। ਧਰੁਵ ਨੇ ਡੰਕੀ ਰੂਟ ਲਈ ਏਜੰਟ ਨੂੰ 35 ਲੱਖ ਅਤੇ ਦੀਪਿਕਾ ਨੇ 15 ਲੱਖ ਰੁਪਏ ਦਿਤੇ। 30 ਜਨਵਰੀ ਨੂੰ ਇਨ੍ਹਾਂ ਨੇ ਆਪਣਾ ਸਫ਼ਰ ਸ਼ੁਰੂ ਕੀਤਾ ਜੋ ਦਿੱਲੀ ਤੋਂ ਹੁੰਦਿਆਂ ਅਜਰਬੈਜਾਨ ਦੀ ਰਾਜਧਾਨੀ ਬਾਕੂ ਪੁੱਜੇ, ਜਿੱਥੇ ਦੋਹਾਂ ਜਣਿਆਂ ਦੇ ਫ਼ੋਨ ਬੰਦ ਕਰਵਾ ਦਿਤੇ ਗਏ ਅਤੇ ਪੈਸਿਆਂ ਦੀ ਡਿਮਾਂਡ ਕੀਤੀ ਗਈ। ਜਦੋਂ ਉਨ੍ਹਾਂ ਨੇ ਹੋਰ ਪੈਸੇ ਦੇਣ ਤੋਂ ਮਨ੍ਹਾਂ ਕੀਤਾ ਤਾਂ ਉਨ੍ਹਾਂ ਨੂੰ ਕਿਡਨੈਪ ਕਰ ਕੇ ਸੁੰਨਸਾਨ ਥਾਂ 'ਤੇ ਇਕ ਬੇਸਮੈਂਟ ਵਿਚ ਬੰਦ ਕਰ ਦਿਤਾ ਗਿਆ ਅਤੇ ਉਨ੍ਹਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ।

ਪਰਿਵਾਰ ਦਾ ਇਲਜ਼ਾਮ ਹੈ ਕਿ ਅਗਵਾਕਾਰਾਂ ਨੇ ਵਟਸਐਪ ਕਾਲ ਜ਼ਰੀਏ ਉਨ੍ਹਾਂ ਦੇ ਸਾਹਮਣੇ ਧਰੁਵ ਨੂੰ ਟੌਰਚਰ ਕੀਤਾ। ਫਿਰੌਤੀ ਨਾ ਦੇਣ 'ਤੇ ਅੰਗ ਕੱਢ ਕੇ ਵੇਚਣ ਦੀ ਧਮਕੀ ਦਿਤੀ , ਜਿਸ ਤੋਂ ਬਾਅਦ ਪਰਵਾਰ ਨੇ ਕਿਸੇ ਨਾ ਕਿਸੇ ਤਰ੍ਹਾਂ 65 ਲੱਖ ਦਾ ਇੰਤਜ਼ਾਮ ਕੀਤਾ,, ਪਰ ਇਸ ਤੋਂ ਬਾਅਦ ਵੀ ਅਗਵਾਕਾਰਾਂ ਵਲੋਂ ਹੋਰ ਪੈਸਿਆਂ ਦੀ ਮੰਗ ਕੀਤੀ ਗਈ। ਆਖ਼ਰਕਾਰ ਦੋਵੇਂ ਮੁੰਡਿਆਂ ਦੇ ਪਰਵਾਰਾਂ ਨੇ ਆਨੰਦ ਤੋਂ ਸਾਂਸਦ ਮਿਤੇਸ਼ ਰਮੇਸ਼ਭਾਈ ਪਟੇਲ ਨਾਲ ਸੰਪਰਕ ਕੀਤਾ, ਜਿਸ ਤੋਂ ਬਾਅਦ ਇਹ ਮਾਮਲਾ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤਕ ਪਹੁੰਚ ਗਿਆ। ਵਿਦੇਸ਼ ਮੰਤਰਾਲੇ ਨੇ ਬਾਕੂ ਸਥਿਤ ਭਾਰਤੀ ਅੰਬੈਸੀ ਨੂੰ ਅਲਰਟ ਕੀਤਾ, ਜਿਸ ਮਗਰੋਂ ਧਰੁਵ ਨੂੰ ਬਚਾਉਣ ਦਾ ਅਪਰੇਸ਼ਨ ਚਲਾਇਆ ਗਿਆ ਅਤੇ 24 ਘੰਟੇ ਦੇ ਅੰਦਰ ਦੋਵੇਂ ਜਣਿਆਂ ਨੂੰ ਅਗਵਾਕਾਰਾਂ ਦੇ ਚੁੰਗਲ ਤੋਂ ਸੁਰੱਖਿਅਤ ਬਚਾ ਲਿਆ। ਫ਼ਿਲਹਾਲ ਇਹ ਦੋਵੇਂ ਭਾਰਤੀ ਅੰਬੈਸੀ ਦੀ ਸੁਰੱਖਿਆ ਵਿਚ ਹਨ ਅਤੇ ਕਾਨੂੰਨੀ ਪ੍ਰਕਿਰਿਆ ਪੂਰੀ ਹੋਣ ਮਗਰੋਂ ਜਲਦ ਭਾਰਤ ਆਉਣਗੇ। ਇਸ ਤੋਂ ਇਲਾਵਾ ਗੁਜਰਾਤ ਪੁਲਿਸ ਨੇ ਪੀੜਤਾਂ ਨੂੰ ਫਸਾਉਣ ਵਾਲੇ ਮੁੰਬਈ ਦੇ ਪੰਜ ਏਜੰਟਾਂ ਦੀ ਭਾਲ ਵੀ ਸ਼ੁਰੂ ਕਰ ਦਿਤੀ ਐ, ਜਲਦ ਹੀ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਜਾਵੇਗਾ।

# ਈਰਾਨ 'ਚ ਸ਼ਾਸਨ ਤਬਦੀਲੀ ਤੋਂ ਵਧੀਆ ਕੁਝ ਹੋ ਹੀ ਨਹੀਂ ਸਕਦਾ : ਟਰੰਪ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ ਵਿੱਚ ਸ਼ਾਸਨ ਤਬਦੀਲੀ ਤੋਂ ਵਧੀਆ ਕੁਝ ਨਹੀਂ ਹੋ ਸਕਦਾ। ਟਰੰਪ ਦੀਆਂ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ, ਜਦੋਂ ਅਮਰੀਕਾ ਅਤੇ ਈਰਾਨ ਵਿਚਕਾਰ ਤਣਾਅ ਲਗਾਤਾਰ ਵਧ ਰਿਹਾ ਹੈ ਅਤੇ ਅਮਰੀਕੀ ਪ੍ਰਸ਼ਾਸਨ ਈਰਾਨ ਵਿਰੁੱਧ ਫੌਜੀ ਕਾਰਵਾਈ ਕਰਨ ਬਾਰੇ ਵਿਚਾਰ ਕਰ ਰਿਹਾ ਹੈ। ਟਰੰਪ ਨੇ ਇਹ ਟਿੱਪਣੀਆਂ ਉੱਤਰੀ ਕੈਰੋਲੀਨਾ ਦੇ ਫੋਰਟ ਬ੍ਰੈਗ ਵਿਖੇ ਫੌਜੀਆਂ ਨਾਲ ਮੁਲਾਕਾਤ ਤੋਂ ਥੋੜ੍ਹੀ ਦੇਰ ਬਾਅਦ ਕੀਤੀਆਂ ਅਤੇ ਦਿਨ ਦੇ ਸ਼ੁਰੂ ਵਿਚ ਉਨ੍ਹਾਂ ਨੇ ਪੁਸ਼ਟੀ ਕੀਤੀ ਕਿ ਉਹ ਈਰਾਨ ਵਿਰੁੱਧ ਸੰਭਾਵੀ ਫੌਜੀ ਕਾਰਵਾਈ ਲਈ ਪੱਛਮੀ ਏਸ਼ੀਆ ਵਿਚ ਦੂਜਾ ਜਹਾਜ਼ ਵਾਹਕ ਤਾਇਨਾਤ ਕਰ ਰਹੇ ਹਨ।

ਈਰਾਨ ਵਿਚ ਇਸਲਾਮੀ ਸ਼ਾਸਨ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿਚ, ਟਰੰਪ ਨੇ ਕਿਹਾ, ਇਸ ਤੋਂ ਵਧੀਆ ਕੁਝ ਨਹੀਂ ਹੋ ਸਕਦਾ। ਉਹ 47 ਸਾਲਾਂ ਤੋਂ ਗੱਲ ਕਰ ਰਹੇ ਹਨ।"ਟਰੰਪ ਨੇ ਪਹਿਲਾਂ ਕਿਹਾ ਸੀ ਕਿ ਦੁਨੀਆਂ ਦਾ ਸਭ ਤੋਂ ਵੱਡਾ ਜਹਾਜ਼ ਵਾਹਕ, ਯੂ.ਐੱਸ.ਐੱਸ. ਗੈਰਾਲਡ ਆਰ. ਫੋਰਡ, ਕੈਰੇਬੀਅਨ ਤੋਂ ਪੱਛਮੀ ਏਸ਼ੀਆ ਭੇਜਿਆ ਜਾ ਰਿਹਾ ਹੈ, ਜਿੱਥੇ ਅਮਰੀਕੀ ਜੰਗੀ ਜਹਾਜ਼ ਅਤੇ ਫੌਜੀ ਹਥਿਆਰ ਪਹਿਲਾਂ ਹੀ ਮੌਜੂਦ ਹਨ। ਇਹ ਤਾਇਨਾਤੀ ਟਰੰਪ ਦੇ ਇਸ਼ਾਰੇ ਤੋਂ ਕੁਝ ਦਿਨ ਬਾਅਦ ਆਈ ਹੈ ਕਿ ਈਰਾਨ ਨਾਲ ਗੱਲਬਾਤ ਦਾ ਇੱਕ ਹੋਰ ਦੌਰ ਜਲਦੀ ਹੀ ਆ ਸਕਦਾ ਹੈ, ਹਾਲਾਂਕਿ ਇਹ ਗੱਲਬਾਤ ਅਸਫਲ ਰਹੀ।

ਇਸ ਹਫ਼ਤੇ, ਤਹਿਰਾਨ ਦੇ ਇੱਕ ਉੱਚ ਸੁਰੱਖਿਆ ਅਧਿਕਾਰੀ ਨੇ ਓਮਾਨ ਅਤੇ ਕਤਰ ਦਾ ਦੌਰਾ ਕੀਤਾ ਅਤੇ ਉੱਥੇ ਅਮਰੀਕੀ ਵਿਚੋਲਿਆਂ ਨਾਲ ਗੱਲਬਾਤ ਕੀਤੀ। ਅਮਰੀਕੀ ਰਾਸ਼ਟਰਪਤੀ ਨੇ ਦੂਜੇ ਜਹਾਜ਼ ਵਾਹਕ ਬਾਰੇ ਪੱਤਰਕਾਰਾਂ ਨੂੰ ਕਿਹਾ, ਜੇਕਰ ਅਸੀਂ ਕਿਸੇ ਸਮਝੌਤੇ 'ਤੇ ਨਹੀਂ ਪਹੁੰਚ ਸਕਦੇ ਤਾਂ ਸਾਨੂੰ ਇਸਦੀ ਜ਼ਰੂਰਤ ਹੋਵੇਗੀ।"ਉਨ੍ਹਾਂ ਅੱਗੇ ਕਿਹਾ, 'ਇਹ ਬਹੁਤ ਜਲਦੀ ਰਵਾਨਾ ਹੋ ਜਾਵੇਗਾ।"ਅਰਬ ਦੇਸ਼ਾਂ ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਹੈ ਕਿ ਕੋਈ ਵੀ ਹਮਲਾ ਖੇਤਰੀ ਟਕਰਾਅ ਨੂੰ ਜਨਮ ਦੇ ਸਕਦਾ ਹੈ, ਖਾਸ ਕਰਕੇ ਅਜਿਹੇ ਸਮੇਂ ਵਿਚ ਜਦੋਂ ਪੱਛਮੀ ਏਸ਼ੀਆ ਅਜੇ ਵੀ ਗਾਜ਼ਾ ਪੱਟੀ ਵਿਚ ਇਜ਼ਰਾਈਲ-ਹਮਾਸ ਯੁੱਧ ਦੇ ਪ੍ਰਭਾਵਾਂ ਤੋਂ ਉਭਰ ਰਿਹਾ ਹੈ। ਈਰਾਨ ਪਿਛਲੇ ਮਹੀਨੇ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ 'ਤੇ ਕੀਤੀ ਗਈ ਕਾਰਵਾਈ ਵਿਚ ਮਾਰੇ ਗਏ ਹਜ਼ਾਰਾਂ ਲੋਕਾਂ ਦੀ ਯਾਦ ਵਿਚ 40 ਦਿਨਾਂ ਦੇ ਸੋਗ ਦੀ ਮਿਆਦ ਸ਼ੁਰੂ ਕਰ ਰਿਹਾ ਹੈ।

# ਸਾਈਬਰ ਅਪਰਾਧੀਆਂ ਦਾ ਤੰਤਰ

ਦੇਸ਼ ਵਿਚ ਨਵੇਂ-ਨਵੇਂ ਤੇ ਅਨੋਖੇ ਤਰੀਕਿਆਂ ਨਾਲ ਸਾਈਬਰ ਧੋਖਾਧੜੀ ਦੀਆਂ ਵਧ ਰਹੀਆਂ ਅਪਰਾਧਿਕ ਘਟਨਾਵਾਂ ਨੇ ਸਮਾਜ, ਰਾਜਨੀਤੀ ਤੇ ਪ੍ਰਸ਼ਾਸਨਿਕ ਪੱਧਰ ’ਤੇ ਗੰਭੀਰ ਚਿੰਤਾਜਨਕ ਸਥਿਤੀ ਪੈਦਾ ਕਰ ਦਿੱਤੀ ਹੈ। ਦੇਸ਼ ਵਿਚ ਪਿਛਲੇ 5 ਸਾਲ ਦੌਰਾਨ ਸਾਈਬਰ ਅਪਰਾਧੀ ਡਿਜੀਟਲ ਤਕਨੀਕਾਂ ਰਾਹੀਂ ਲੋਕਾਂ ਤੋਂ 52,976 ਕਰੋੜ ਰੁਪਏ ਦੀ ਲੁੱਟ ਕਰ ਚੁੱਕੇ ਹਨ। ਇਕ ਦਹਾਕਾ ਪਹਿਲਾਂ ਤੱਕ ਦੇਸ਼ ’ਚ ਸਾਈਬਰ ਅਪਰਾਧ ਦੀਆਂ ਇੱਕਾ-ਦੁੱਕਾ ਘਟਨਾਵਾਂ ਹੀ ਵਾਪਰਦੀਆਂ ਸਨ, ਜਦਕਿ ਪਿਛਲੇ 5-7 ਸਾਲਾਂ ਦੌਰਾਨ ਦੇਸ਼ ’ਚ ਡਿਜੀਟਲ ਕ੍ਰਾਂਤੀ ਆਉਣ ਤੋਂ ਬਾਅਦ ਅਜਿਹੀਆਂ ਘਟਨਾਵਾਂ ਬਹੁਤ ਤੇਜ਼ੀ ਨਾਲ ਵਧੀਆਂ ਹਨ। ਸਾਲ 2023 ਤੋਂ ਲੈ ਕੇ ਹੁਣ ਤੱਕ ਦੇਸ਼ ’ਚ 86 ਹਜ਼ਾਰ ਤੋਂ ਜ਼ਿਆਦਾ ਸਾਈਬਰ ਧੋਖਾਧੜੀ ਦੇ ਮਾਮਲੇ ਦਰਜ ਕੀਤੇ ਗਏ ਹਨ, ਜਿਨ੍ਹਾਂ ’ਚ ਅਰਬਾਂ-ਖਰਬਾਂ ਰੁਪਏ ਦੀ ਲੁੱਟ ਸਾਈਬਰ ਅਪਰਾਧੀ ਕਰ ਚੁੱਕੇ ਹਨ।

ਸਾਈਬਰ ਅਪਰਾਧੀ ਇੰਨੇ ਚਾਲਾਕ ਹੁੰਦੇ ਹਨ ਕਿ ਇਕ ਜਗ੍ਹਾ ਅਸਫਲ ਹੋਣ ’ਤੇ ਕਿਸੇ ਹੋਰ ਨੂੰ ਆਪਣਾ ਸ਼ਿਕਾਰ ਬਣਾਉਣ ਲਈ ਕੋਈ ਨਵੀਂ ਚਾਲ ਖੇਡਦੇ ਹਨ। ਸਾਈਬਰ ਅਪਰਾਧ ਦੀ ਸ਼ਿਕਾਰ ਹੋਈ ਇਕ ਮਹਿਲਾ ਉੱਚ ਅਧਿਕਾਰੀ ਨੇ ਦੱਸਿਆ ਕਿ ਵਿਦੇਸ਼ਾਂ ’ਚ ਵੀ ਅਜਿਹੇ ਅਪਰਾਧੀ ਤੱਤ ਮੌਜੂਦ ਹਨ। ਉਨ੍ਹਾਂ ਨੇ ਆਪਣੀ ਅੱਖੀਂ ਵੇਖੀ ਇਕ ਘਟਨਾ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਟੈਕਸੀ ਚਾਲਕ ਮਸਨੂਈ ਬੁੱਧੀ (ਏ.ਆਈ.) ਦਾ ਇਸਤੇਮਾਲ ਕਰਕੇ ਸਵਾਰੀਆਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ। ਇਨ੍ਹਾਂ ਅਪਰਾਧੀਆਂ ਦਾ ਸ਼ਿਕਾਰ ਹੋਏ ਲੋਕ ਆਪਣੀ ਜੀਵਨ ਭਰ ਦੀ ਪੂੰਜੀ ਤਾਂ ਗੁਆਉਂਦੇ ਹੀ ਹਨ, ਕਈ ਵਾਰ ਨਿਰਾਸ਼ ਹੋ ਕੇ ਖ਼ੁਦਕੁਸ਼ੀ ਤੱਕ ਕਰ ਲੈਂਦੇ ਹਨ। ਅੱਜ-ਕੱਲ੍ਹ ਕਥਿਤ ‘ਡਿਜੀਟਲ ਅਰੈਸਟ’ ਜ਼ਰੀਏ ਲੁੱਟਣ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਭਾਵੇਂ ਲੋਕਾਂ ਨੂੰ ਅਖ਼ਬਾਰਾਂ ਤੇ ਹੋਰ ਮੀਡੀਆ ਸਾਧਨਾਂ ਰਾਹੀਂ ਵਾਰ-ਵਾਰ ਜਾਗਰੂਕ ਕੀਤਾ ਜਾਂਦਾ ਹੈ, ਫਿਰ ਵੀ ਲੋਕ ਅਜਿਹੇ ਚਾਲਾਕ ਅਪਰਾਧੀਆਂ ਦੇ ਸ਼ਿਕਾਰ ਬਣ ਹੀ ਜਾਂਦੇ ਹਨ। ਸਾਈਬਰ ਅਪਰਾਧੀਆਂ ਵਲੋਂ ਝਟਪਟ ਧਨ ਹਾਸਲ ਕਰਨ ਦਾ ਲਾਲਚ ਦੇ ਕੇ ਜਾਂ ਗੈਰ-ਕਾਨੂੰਨੀ ਕੰਮਾਂ ’ਚ ਸ਼ਾਮਿਲ ਹੋਣ ਦੇ ਦੋਸ਼ ਲਗਾ ਕੇ ਲੋਕਾਂ ਨੂੰ ਲੁੱਟਣ ਦੀਆਂ ਘਟਨਾਵਾਂ ਆਮ ਹੋ ਚੁੱਕੀਆਂ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਬਾਅਦ ਹਰਿਆਣਾ ’ਚ ਅਜਿਹੀਆਂ ਘਟਨਾਵਾਂ ਤੇਜ਼ੀ ਨਾਲ ਵਧੀਆਂ ਹਨ। ਪੰਜਾਬ ’ਚ ਇਕ ਸਮੇਂ ਅਜਿਹੇ ਮਾਮਲਿਆਂ ਦਾ ਹੜ੍ਹ ਹੀ ਆ ਗਿਆ ਸੀ, ਪਰ ਪਿਛਲੇ 2-3 ਸਾਲਾਂ ਤੋਂ ਸੂਬੇ ’ਚ ਇਸ ਵਰਤਾਰੇ ਨੂੰ ਕੁਝ ਹੱਦ ਤੱਕ ਠੱਲ੍ਹ ਪਈ ਜਾਪਦੀ ਹੈ।

ਦੇਸ਼ ਭਰ ’ਚ ਅਜਿਹੇ ਅਪਰਾਧਾਂ ਦੀ ਲਗਾਤਾਰ ਵਧ ਰਹੀ ਗਿਣਤੀ ਨੂੰ ਵੇਖਦਿਆਂ ਕੇਂਦਰ ਸਰਕਾਰ, ਸੂਬਾ ਸਰਕਾਰਾਂ ਤੇ ਉਨ੍ਹਾਂ ਦੇ ਪ੍ਰਸ਼ਾਸਨਿਕ ਤੰਤਰਾਂ ਵਲੋਂ ਚਲਾਈਆਂ ਸੁਰੱਖਿਆ ਤੇ ਜਾਗਰੂਕਤਾ ਲਈ ਮੁਹਿੰਮਾਂ ਦੇ ਚਲਦਿਆਂ ਹੁਣ ਅਜਿਹੇ ਮਾਮਲਿਆਂ ’ਚ ਥੋੜ੍ਹੀ ਕਮੀ ਆ ਰਹੀ ਹੈ। ਪੰਜਾਬ ’ਚ ਪਹਿਲਾਂ ਅਜਿਹੇ ਮਾਮਲਿਆਂ ਵਿਚ ਬਹੁਤ ਵਾਧਾ ਹੋ ਗਿਆ ਸੀ, ਪਰ ਸੂਬਾ ਸਰਕਾਰ, ਬੈਂਕਾਂ, ਪੁਲਿਸ ਤੰਤਰ ਤੇ ਪ੍ਰਸ਼ਾਸਨ ਵਲੋਂ ਕੀਤੇ ਗਏ ਯਤਨਾਂ ਕਾਰਨ ਪੈਦਾ ਹੋਈ ਜਾਗਰੂਕਤਾ ਨਾਲ ਲੋਕਾਂ ਵਿਚ ਸਾਈਬਰ ਅਪਰਾਧਾਂ ਬਾਰੇ ਚੇਤੰਨਤਾ ਤੇ ਸਮਝਦਾਰੀ ਦਾ ਦਾਇਰਾ ਵਧਿਆ ਹੈ। ਭਾਵੇਂ ਹੁਣ ਆਮ ਲੋਕ ਅਜਿਹੇ ਅਪਰਾਧਾਂ ਬਾਰੇ ਸੁਚੇਤ ਹੋ ਰਹੇ ਹਨ, ਫਿਰ ਵੀ ਅਪਰਾਧੀ ਨਵੇਂ-ਨਵੇਂ ਢੰਗ-ਤਰੀਕੇ ਅਪਣਾ ਕੇ ਘਟਨਾਵਾਂ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਅਜਿਹੇ ਅਪਰਾਧੀ ਗਰੋਹ ਆਪਣੇ ਧੰਦੇ ਨੂੰ ਬਣਾਈ ਰੱਖਣ ਲਈ ਨਵੇਂ-ਨਵੇਂ ਜਾਲ ਵਿਛਾ ਕੇ ਮੋਬਾਈਲ ਤੇ ਸੋਸ਼ਲ ਮੀਡੀਆ ਦੇ ਜ਼ਰੀਏ ਬੇਰੁਜ਼ਗਾਰ ਨੌਜਵਾਨਾਂ ਨੂੰ ਲਾਲਚ ਦੇ ਕੇ ਆਪਣੇ ਨੈੱਟਵਰਕ ’ਚ ਭਰਤੀ ਕਰ ਲੈਂਦੇ ਹਨ। ਇਸ ਤਰ੍ਹਾਂ ਦੇ ਵਧ ਰਹੇ ਅਪਰਾਧਿਕ ਮਾਮਲਿਆਂ ਦੇ ਮੱਦੇਨਜ਼ਰ ਸਰਕਾਰੀ ਖੁਫੀਆ ਏਜੰਸੀਆਂ ਦਾ ਤੰਤਰ ਵੀ ਕਾਫ਼ੀ ਸਰਗਰਮ ਹੋਇਆ ਹੈ ਅਤੇ ਲੱਖਾਂ ਸ਼ਿਕਾਇਤਾਂ ਦੀ ਜਾਂਚ ਕਰਕੇ ਲਗਭਗ 7,130 ਕਰੋੜ ਰੁਪਏ ਦੀ ਰਕਮ ਪੀੜਤ ਲੋਕਾਂ ਨੂੰ ਵਾਪਸ ਦਿਵਾਈ ਗਈ ਹੈ। ਹੁਣ ਤਾਂ ਥੋੜ੍ਹਾ ਜਿਹਾ ਸ਼ੱਕ ਪੈਣ ’ਤੇ ਬੈਂਕ ਤੇ ਪ੍ਰਸ਼ਾਸਨਿਕ ਤੰਤਰ ਦੇ ਅਧਿਕਾਰੀ ਖ਼ੁਦ ਹੀ ਲੋਕਾਂ ਨੂੰ ਸੁਚੇਤ ਕਰਨ ਲੱਗੇ ਹਨ। ਇਨ੍ਹਾਂ ਸਾਈਬਰ ਅਪਰਾਧੀਆਂ ਦਾ ਤੰਤਰ ਇੰਨਾ ਵਿਆਪਕ ਤੇ ਮਜ਼ਬੂਤ ਹੈ ਕਿ ਕਈ ਵਾਰ ਖ਼ੁਫ਼ੀਆ ਏਜੰਸੀਆਂ ਵੀ ਹੈਰਾਨ ਰਹਿ ਜਾਂਦੀਆਂ ਹਨ। ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਵੀ ਅਜਿਹੇ ਅਪਰਾਧਾਂ ਦਾ ਸਵੈ-ਨੋਟਿਸ ਲੈਂਦਿਆਂ ਕੇਂਦਰ ਸਰਕਾਰ ਨੂੰ ਐਨ.ਆਈ.ਏ., ਸੀ.ਬੀ.ਆਈ. ਅਤੇ ਸਾਈਬਰ ਕ੍ਰਾਈਮ ਵਿਰੁੱਧ ਕਾਰਵਾਈ ਕਰਨ ਵਾਲੀਆਂ ਹੋਰ ਏਜੰਸੀਆਂ ਦੇ ਮੈਂਬਰਾਂ ’ਤੇ ਆਧਾਰਿਤ ਇਕ ਤਾਲਮੇਲ ਕਮੇਟੀ ਬਣਾਉਣ ਲਈ ਕਿਹਾ ਸੀ।

ਅਸੀਂ ਸਮਝਦੇ ਹਾਂ ਕਿ ਅਜਿਹੇ ਅਪਰਾਧਾਂ ਤੋਂ ਬਚਣ ਲਈ ਸਭ ਤੋਂ ਜ਼ਿਆਦਾ ਜ਼ਿੰਮੇਵਾਰੀ ਖ਼ੁਦ ਆਮ ਲੋਕਾਂ ਦੀ ਬਣਦੀ ਹੈ। ਲੋਕਾਂ ਨੂੰ ਅਜਿਹੇ ਮਾਮਲਿਆਂ ਤੋਂ ਬਚਣ ਲਈ ਕਿਸੇ ਵੀ ਲਾਲਚ ਵਿਚ ਵਿਚ ਨਹੀਂ ਆਉਣਾ ਚਾਹੀਦਾ ਅਤੇ ਨਾ ਹੀ ਭੈਅ-ਭੀਤ ਹੋ ਕੇ ਅਪਰਾਧੀਆਂ ਅੱਗੇ ਆਤਮ-ਸਮਰਪਣ ਕਰਨਾ ਚਾਹੀਦਾ ਹੈ। ਥੋੜ੍ਹਾ ਜਿਹਾ ਵੀ ਸ਼ੱਕ ਪੈਣ ’ਤੇ ਤੁਰੰਤ ਆਪਣੇ ਪਰਿਵਾਰਕ ਮੈਂਬਰਾਂ, ਜਾਣਕਾਰ ਲੋਕਾਂ, ਬੈਂਕਾਂ ਤੇ ਪੁਲਿਸ ਅਧਿਕਾਰੀਆਂ ਨਾਲ ਸੰਪਰਕ ਕਰਨਾ ਚਾਹੀਦਾ ਹੈ। ਅਸੀਂ ਸਮਝਦੇ ਹਾਂ ਕਿ ਥੋੜ੍ਹੀ ਜਿਹੀ ਦਲੇਰੀ, ਚੌਕਸੀ ਤੇ ਸੂਝ-ਬੂਝ ਨਾਲ ਅਜਿਹੇ ਅਪਰਾਧਾਂ ਤੋਂ ਬਚਿਆ ਜਾ ਸਕਦਾ ਹੈ ਜਾਂ ਇਨ੍ਹਾਂ ਦੀ ਗਿਣਤੀ ਨੂੰ ਘਟਾਇਆ ਜਾ ਸਕਦਾ ਹੈ। ਮੋਬਾਈਲ ਕੰਪਨੀਆਂ ਦਾ ਆਪਣਾ ਗੁਪਤ ਸੇਵਾ ਤੰਤਰ ਵੀ ਅਜਿਹੇ ਅਪਰਾਧਾਂ ਨੂੰ ਠੱਲ੍ਹ ਪਾਉਣ ’ਚ ਕਾਰਗਰ ਸਿੱਧ ਹੋ ਸਕਦਾ ਹੈ।


# ਏਆਈ ਦੇ ਖ਼ਤਰਿਆਂ ਤੋਂ ਰਹੋ ਚੌਕਸ

*ਸਾਰੇ ਵਿਸ਼ਲੇਸ਼ਕਾਂ ਨੂੰ ਸ਼ੱਕ ਸਤਾ ਰਿਹਾ ਹੈ ਕਿ ਏਆਈ ਵੱਡੇ ਪੱਧਰ ’ਤੇ ਹਲਚਲ ਮਚਾ ਸਕਦੀ ਹੈ। ਮਨੁੱਖੀ ਸਮਾਜ ਦੇ ਸੰਤੁਲਨ ਨੂੰ ਵੀ ਪ੍ਰਭਾਵਿਤ ਕਰਨ ਦੇ ਸਮਰੱਥ ਹੈ। ਅੱਜ ਉਤਪਾਦਕਤਾ ਤੇ ਸਮਰੱਥਾ ਲਗਾਤਾਰ ਵਧ ਰਹੀ ਹੈ। ਚੀਜ਼ਾਂ ਸਸਤੀਆਂ ਹੋ ਰਹੀਆਂ ਹਨ। ਸੇਵਾਵਾਂ ਦਾ ਪੱਧਰ ਸੁਧਰਿਆ ਹੈ।*

ਪਿਛਲੇ ਇਕ ਦਹਾਕੇ ਦੌਰਾਨ ਦੁਨੀਆ ਜਿੰਨੀ ਤੇਜ਼ੀ ਨਾਲ ਬਦਲੀ ਹੈ, ਉਸ ਨੂੰ ਦੇਖਦੇ ਹੋਏ ਅਗਲੇ ਦਸ-ਵੀਹ ਸਾਲਾਂ ਦੀਆਂ ਸੰਭਾਵਿਤ ਤਬਦੀਲੀਆਂ ਨੂੰ ਸਮਝਣਾ ਜ਼ਰੂਰੀ ਹੋ ਗਿਆ ਹੈ। ਮਨੁੱਖੀ ਇਤਿਹਾਸ ਦੇ ਜ਼ਿਆਦਾਤਰ ਦੌਰ ’ਚ ਕਮੀਆਂ ਵਰਗੇ ਪਹਿਲੂ ਨੇ ਵੀ ਸੱਭਿਆਤਾਵਾਂ ਦਾ ਤਾਣਾਬਾਣਾ ਰਚਿਆ ਹੈ। ਫਿਰ ਚਾਹੇ ਇਹ ਖਾਣਪੀਣ ਦੀ ਕਮੀ ਹੋਵੇ, ਜ਼ਮੀਨ, ਕਿਰਤ, ਪੂੰਜੀ ਜਾਂ ਗਿਆਨ ਦੀ। ਸਾਡੇ ਆਰਥਿਕ ਸਿਧਾਂਤਾਂ ਦੀ ਉਤਪਤੀ ਅਤੇ ਸਿਆਸੀ ਸੰਸਥਾਨਾਂ ਦਾ ਵਿਕਾਸ ਵੀ ਕਮੀਆਂ ਦੀ ਮੈਨੇਜਮੈਂਟ ’ਤੇ ਕੇਂਦਰਿਤ ਰਿਹਾ। ਮਸ਼ੀਨੀ ਹੁਨਰ ਭਾਵ ਏਆਈ ’ਚ ਇਸ ਰਵਾਇਤੀ ਵਾਤਾਵਰਨ ਨੂੰ ਪਲਟਣ ਦੀ ਸਮਰੱਥਾ ਹੈ।

ਜੇ ਵੀਹਵੀਂ ਸਦੀ ਕਮੀਆਂ ਨਾਲ ਨਜਿੱਠਣ ਨਾਲ ਜੁੜੀ ਸੀ ਤਾਂ ਆਉਣ ਵਾਲਾ ਦਹਾਕਾ ਬਹੁਤਾਤ ਦੇ ਨਾਲ ਸੰਤੁਲਨ ਦੀ ਚੁਣੌਤੀ ਦੇ ਨਾਂ ਹੋ ਸਕਦਾ ਹੈ। ਨਵੇਂ ਵਾਤਾਵਰਨ ’ਚ ਤਕਨੀਕ ਜਿੰਨੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ, ਉਸ ਲਿਹਾਜ਼ ਨਾਲ ਸਾਡੀਆਂ ਸੰਸਥਾਵਾਂ ਪੱਛੜਦੀਆਂ ਜਾ ਰਹੀਆਂ ਹਨ। ਇਸ ਕਾਰਨ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਨ੍ਹਾਂ ਨੀਤੀਗਤ ਤਰੀਕਿਆਂ ’ਤੇ ਵਿਚਾਰ ਕੀਤਾ ਜਾਵੇ ਜੋ ਏਆਈ ਨਾਲ ਪੈਦਾ ਹੋਈ ਉਥਲ-ਪੁਥਲ ਨਾਲ ਨਜਿੱਠਣ ’ਚ ਕਾਰਗਰ ਸਾਬਿਤ ਹੋ ਸਕਣ। ਰਵਾਇਥੀ ਅਰਥ ਸ਼ਾਸਤਰ ’ਚ ਉਤਪਾਦਨ ਦੇ ਚਾਰ ਮੁੱਖ ਕਾਰਕ-ਕਿਰਤ, ਪੂੰਜੀ, ਜ਼ਮੀਨ ਤੇ ਤਕਨੀਕ ਮੰਨੇ ਗਏ ਹਨ। ਤਕਨੀਕ ਨੇ ਹਮੇਸ਼ਾ ਕਿਰਤ ਨੂੰ ਸਹਿਯੋਗ ਪ੍ਰਦਾਨ ਕੀਤਾ ਹੈ। ਹਰੇਕ ਤਕਨੀਕ ਉਤਪਾਦਕਤਾ ਅਤੇ ਮਿਹਨਤਾਨਾ ਵਧਾਉਣ ਦੇ ਨਾਲ ਹੀ ਮੰਗ ਦੇ ਵਿਸਥਾਰ ਤੇ ਨਵੀਆਂ ਨੌਕਰੀਆਂ ਦਾ ਜ਼ਰੀਆ ਬਣੀ ਹੈ। ਇਸ ਨਾਲ ਕੁਝ ਅਸਹੂਲਤ ਹੁੰਦੀ ਵੀ ਸੀ ਤਾਂ ਬਸ ਤਤਕਾਲੀ ਹੀ ਨਾ ਕਿ ਸਥਾਈ, ਪਰ ਏਆਈ ਨਾਲ ਇਹ ਰੁਝਾਨ ਪਲਟ ਸਕਦਾ ਹੈ। ਪਹਿਲੀ ਵਾਰ ਤਕਨੀਕ ਸਿੱਧੇ ਤੌਰ ’ਤੇ ਕਿਰਤ ਦਾ ਬਦਲ ਬਣਦੀ ਦਿਖਾਈ ਦੇ ਰਹੀ ਹੈ।

ਨਾ ਸਿਰਫ਼ ਸਰੀਰਕ ਕਿਰਤ, ਬਲਕਿ ਬੌਧਿਕ, ਪੇਸ਼ੇਵਰ ਤੇ ਰਚਨਾਤਮਕ ਕੰਮਕਾਰ ਦੇ ਮਾਮਲੇ ’ਚ ਵੀ ਏਆਈ ਦਬਦਬਾ ਦਿਖਾ ਰਹੀ ਹੈ। ਏਆਈ ਦੇ ਨਾਲ ਉਤਪਾਦਕਤਾ ਤਾਂ ਵਧ ਰਹੀ ਹੈ, ਪਰ ਰੁਜ਼ਗਾਰ ਉਸ ਹਿਸਾਬ ਨਾਲ ਪੈਦਾ ਨਹੀਂ ਹੋ ਰਿਹਾ ਹੈ। ਇਸ ਨਾਲ ਸਾਂਝੀ ਤਰੱਕੀ ਦਾ ਰਾਹ ਮਜ਼ਬੂਤ ਹੁੰਦਾ ਨਹੀਂ ਦਿਖਾਈ ਦੇ ਰਿਹਾ। ਭਾਵ ਅਸਮਾਨਤਾ ਵਧੇਗੀ। ਕੁਦਰਤ ਤੇ ਸਵਰੂਪ ’ਚ ਵੀ ਏਆਈ ਪਿਛਲੀਆਂ ਤਕਨੀਕਾਂ ਦੀ ਤੁਲਨਾ ’ਚ ਵੱਖ ਹੈ। ਇਸ ਦਾ ਕੋਈ ਨਮੂਨਾ ਇਕ ਵਾਰ ਆਕਾਰ ਲੈਣ ’ਤੇ ਇਹ ਸੀਮਾਂਤ ਲਾਗਤ ਨੂੰ ਸਿਫ਼ਰ ਤੱਕ ਕਰਨ ’ਚ ਸਮਰੱਥ ਹੈ। ਇਹ ਸੁਭਾਵਿਕ ਰੂਪ ਨਾਲ ਏਕਾਧਿਕਾਰ ਦੀ ਸਥਿਤੀ ਪੈਦਾ ਕਰਦੀ ਹੈ। ਕੁਝ ਦੇਸ਼ਾਂ ਦੀਆਂ ਚੋਣਵੀਆਂ ਕੰਪਨੀਆਂ ਵੱਲੋਂ ਵਿਸ਼ੇਸ਼ ਖੇਤਰ ’ਚ ਮੁਹਾਰਤ ਹਾਸਲ ਕਰਨ ਨਾਲ ਇਹ ਜ਼ਾਹਰ ਵੀ ਹੁੰਦਾ ਹੈ। ਸਾਰੇ ਵਿਸ਼ਲੇਸ਼ਕਾਂ ਨੂੰ ਸ਼ੱਕ ਸਤਾ ਰਿਹਾ ਹੈ ਕਿ ਏਆਈ ਵੱਡੇ ਪੱਧਰ ’ਤੇ ਹਲਚਲ ਮਚਾ ਸਕਦੀ ਹੈ। ਮਨੁੱਖੀ ਸਮਾਜ ਦੇ ਸੰਤੁਲਨ ਨੂੰ ਵੀ ਪ੍ਰਭਾਵਿਤ ਕਰਨ ਦੇ ਸਮਰੱਥ ਹੈ। ਅੱਜ ਉਤਪਾਦਕਤਾ ਤੇ ਸਮਰੱਥਾ ਲਗਾਤਾਰ ਵਧ ਰਹੀ ਹੈ। ਚੀਜ਼ਾਂ ਸਸਤੀਆਂ ਹੋ ਰਹੀਆਂ ਹਨ। ਸੇਵਾਵਾਂ ਦਾ ਪੱਧਰ ਸੁਧਰਿਆ ਹੈ। ਭੌਤਿਕ ਜੀਵਨ ਦੀ ਗੁਣਵੱਤਾ ’ਚ




ਸੁਧਾਰ ਹੋਇਆ ਹੈ। ਏਆਈ ਨੂੰ ਕਾਮਯਾਬੀ ਨਾਲ ਅਪਨਾਉਣ ਵਾਲੇ ਦੇਸ਼ ਤੇਜ਼ ਆਰਥਿਕ ਵਿਕਾਸ ਕਰ ਰਹੇ ਹਨ। ਸਿਹਤ ਸੇਵਾਵਾਂ ’ਚ ਜ਼ਬਰਦਸਤ ਸੁਧਾਰ ਹੋਇਆ ਹੈ। ਜੀਵਨ ਪ੍ਰਤੀ ਆਸ ਵਧੀ ਹੈ ਤੇ ਬਿਮਾਰੀਆਂ ’ਤੇ ਭਾਰ ਘਟ ਰਿਹਾ ਹੈ। ਜੀਵਨ ਦੇ ਵਿਸਥਾਰ ਤੇ ਕੰਮ ਦਾ ਘੇਰਾ ਤੰਗ ਹੋਣ ’ਤੇ ਜਨਸੰਖਿਆ ਲਾਭਅੰਸ਼ ਆਪਣੇ ਅਰਥ ਗੁਆ ਦਿੰਦਾ ਹੈ। ਇਸ ਵਾਤਾਵਰਨ ’ਚ ਵਿਦੇਸ਼ ਤੋਂ ਭੇਜੀ ਜਾਣ ਵਾਲੀ ਰਕਮ ’ਤੇ ਨਿਰਭਰ ਰਾਸ਼ਟਰ-ਸਮਾਜ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ। ਤਦ ਮਾਣ ਤੇ ਰੋਜ਼ੀ-ਰੋਟੀ ਦੇ ਆਧਾਰ ਦੇ ਰੂਪ ’ਚ ਰੁਜ਼ਗਾਰ ਦਾ ਵਿਚਾਰ ਸੰਕਟ ਦਾ ਸ਼ਿਕਾਰ ਹੋਣ ਲਗਦਾ ਹੈ।

ਸਾਧਨਾਂ ਦਾ ਕੇਂਦਰੀਕਰਨ ਵੀ ਏਆਈ ਦੇ ਮੋਰਚੇ ’ਤੇ ਪੈਦਾ ਹੋਣ ਵਾਲੀ ਇਕ ਹੋਰ ਸਮੱਸਿਆ ਹੈ। ਇਸ ਕਾਰਨ ਸਾਧਨਾਂ ਦੀ ਦੁਬਾਰਾ ਵੰਡ ਲਈ ਕੋਈ ਕਾਰਗਰ ਨੀਤੀਗਤ ਤਰੀਕਾ ਲੱਭਣਾ ਹੀ ਪਵੇਗਾ। ਇਸ ਦੀ ਕਮੀ ’ਚ ਵਿਆਪਕ ਆਰਥਿਕ ਮਾੜੇ ਪ੍ਰਭਾਵ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਏਆਈ ਦੇ ਕਾਰਨ ਸਿੱਖਣ-ਸਮਝਣ ਦੀ ਸਮਰੱਥਾ ’ਤੇ ਵੀ ਸੰਕਟ ਮੰਡਰਾਉਂਦਾ ਦਿਖਾਈ ਦੇ ਰਿਹਾ ਹੈ।

**ਅਜੇ ਕੁਮਾਰ**

ਜਦ ਮਸ਼ੀਨ ਹੀ ਫ਼ੈਸਲੇ ਲੈਣ ’ਚ ਭੂਮਿਕਾ ਨਿਭਾਉਣ ਲੱਗੇਗੀ ਤਾਂ ਲੋਕਾਂ ’ਚ ਸਿੱਖਣ ਦੇ ਪ੍ਰਤੀ ਝੁਕਾਅ ਘਟਣ ਦਾ ਸ਼ੱਕ ਵਧਦਾ ਹੈ। ਇਤਿਹਾਸਕਾਰ ਡੇਵਿਡ ਰੋਕਲਿਨ ਨੇ ਇਹ ਰੇਖਾਂਕਿਤ ਵੀ ਕੀਤਾ ਸੀ ਕਿ ਆਟੋ-ਪਾਇਲਟ ਮੋਡ ’ਤੇ ਵੱਧ ਨਿਰਭਰਤਾ ਸੰਕਟ ਦੇ ਸਮੇਂ ਪਾਇਲਟਾਂ ਦੇ ਹੱਥ-ਪੈਰਾ ਫੁਲਾ ਦਿੰਦੀ ਹੈ। ਵੱਡਾ ਖ਼ਤਰਾ ਇਹ ਨਹੀਂ ਕਿ ਮਸ਼ੀਨ ਇਨਸਾਨ ਦੀ ਤਰ੍ਹਾਂ ਕੰਮ ਕਰੇ, ਬਲਕਿ ਇਹ ਖ਼ਤਰਾ ਕਿਤੇ ਵੱਡਾ ਹੋਵੇਗਾ ਕਿ ਇਨਸਾਨ ਹੀ ਮਸ਼ੀਨ ਦੀ ਤਰ੍ਹਾਂ ਵਿਵਹਾਰ ਕਰਨ ਲੱਗੇ।

ਏਆਈ ਕਾਰਨ ਫ਼ਰਜ਼ੀ ਸੂਚਨਾਵਾਂ ਤੇ ਸਾਰੀ ਤਰ੍ਹਾਂ ਦੀ ਸ਼ੱਕੀ ਸਮੱਗਰੀ ਦਾ ਹੜ੍ਹ ਵੀ ਸੰਕਟ ਵਧਾ ਰਿਹਾ ਹੈ। ਇਸ ਨਾਲ ਭਰੋਸੇ ਦੀ ਭਾਵਨਾ ’ਤੇ ਸੱਟ ਲੱਗੀ ਹੈ। ਸੱਚ ਤੇ ਝੂਠ ਨੂੰ ਲੈ ਕੇ ਅਜਿਹਾ ਜਾਲ ਬੁਣਿਆ ਜਾ ਰਿਹਾ ਹੈ ਕਿ ਲੋਕ ਭੁਲੇਖੇ ’ਚ ਰਹਿ ਰਹੇ ਹਨ। ਏਆਈ ’ਤੇ ਪਕੜ ਰੱਖਣ ਵਾਲੇ ਹੋਰ ਤਾਕਤਵਰ ਬਣਨ ਦੇ ਰਾਹ ’ਤੇ ਹਨ। ਇਸ ਦੇ ਦਮ ’ਤੇ ਨਵੇਂ ਅਮੀਰਾਂ ਦਾ ਉਭਾਰ ਹੋ ਰਿਹਾ ਹੈ।

ਭੂ-ਸਿਆਸੀ ਸੰਦਰਭ ’ਚ ਵੀ ਏਆਈ ਅਸਮਾਨਤਾ ਵਧਾ ਰਿਹਾ ਹੈ, ਕਿਉਂਕਿ ਆਧੁਨਿਕ ਤਕਨੀਕ ਤੋਂ ਵਾਂਝੇ ਦੇਸ਼ ਆਪਣੇ-ਆਪ ਪੱਛੜਦੇ ਜਾਣਗੇ। ਕਿਸੇ ਦੇਸ਼ ਦੀ ਖ਼ੁਦਮੁਖ਼ਤਿਆਰੀ ’ਤੇ ਕਿਸੇ ਹੋਰ ਦੇਸ਼ ਤੋਂ ਸੰਚਾਲਿਤ ਹੋ ਰਹੇ ਐਲਗੋਰਿਦਮ ਨਾਲ ਗ੍ਰਹਿਣ ਲੱਗ ਸਕਦਾ ਹੈ। ਇਸ ਸਭ ਦੇ ਬਾਵਜੂਦ ਜੇ ਸਹੀ ਨੀਤੀਗਤ ਉਪਾਅ ਅਪਣਾਏ ਜਾਣ ਤਾਂ ਏਆਈ ਤਕਨੀਕ ਬਹੁਤ ਸਕਾਰਾਤਮਕ ਤਬਦੀਲੀ ਵੀ ਲਿਆ ਸਕਦੀ ਹੈ। ਇਸ ਲਈ ਏਆਈ ਨੂੰ ਤਕਨੀਕੀ ਉਪਕਰਨ ਤੋਂ ਵੱਧ ਸੱਭਿਅਤਾਵਾਦੀ ਸ਼ਕਤੀ ਦੇ ਰੂਪ ’ਚ ਦੇਖਣਾ ਪਵੇਗਾ।

ਏਆਈ ਦੀ ਵਰਤੋਂ ਮਨੁੱਖ ਦੀ ਥਾਂ ਲੈਣ ਦੀ ਥਾਂ ’ਤੇ ਉਸ ਦੀਆਂ ਸਮਰੱਥਾਵਾਂ ਨੂੰ ਵਧਾਉਣ ’ਤੇ ਕੇਂਦਰਿਤ ਹੋਣੀ ਚਾਹੀਦੀ ਹੈ। ਏਆਈ ਉਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਹੱਲ ਕਰਨ ’ਚ ਸਮਰੱਥ ਹੈ, ਜਿਸ ਲਈ ਅਸਾਧਾਰਨ ਮਨੁੱਖੀ ਕੋਸ਼ਿਸ਼ਾਂ ਦੀ ਜ਼ਰੂਰਤ ਪੈਂਦੀ ਹੈ। ਜਿਵੇਂ ਕਿ ਬਾਹਰੀ-ਪੁਲਾੜ ’ਚ ਕੋਈ ਨਵਾਂ ਮੋਰਚਾ ਖੋਲ੍ਹਣਾ, ਗਹਿਰੇ ਸਮੁੰਦਰ ਜਾਂ ਧਰਤੀ ਦੀਆਂ ਪੇਚੀਦਾ ਪਰਤਾਂ ਦੇ ਰਹੱਸਾਂ ਨੂੰ ਹੱਲ ਕਰਨਾ। ਇਸ ਨਾਲ ਕਈ ਗ੍ਰਿਹਾਂ ’ਤੇ ਮਨੁੱਖੀ ਜੀਵਨ ਨੂੰ ਸੰਭਵ ਬਣਾਇਆ ਜਾ ਸਕਦਾ ਹੈ। ਅਸੀਂ ਕੁਦਰਤ ਨੂੰ ਬਿਹਤਰ ਤਰੀਕੇ ਨਾਲ ਸਮਝ ਕੇ ਉਸ ਦੇ ਚੰਗੇ ਪ੍ਰਬੰਧਨ ਦੇ ਮੰਤਰ ਸਮਝ ਸਕਦੇ ਹਾਂ। ਤੱਥਾਂ ਅਤੇ ਸੂਚਨਾਵਾਂ ਦੀ ਵੈਰੀਫਿਕੇਸ਼ਨ ਲਈ ਵੀ ਇਸ ਦੀ ਸੇਵਾ ਬਹੁਤ ਕਾਰਗਰ ਹੋ ਸਕਦੀ ਹੈ।

ਇਹ ਸਵੀਕਾਰ ਕਰਨ ’ਚ ਕੋਈ ਸ਼ੱਕ ਨਹੀਂ ਕਿ ਏਆਈ ਕਿੰਨੀ ਵੀ ਸਮਰੱਥਾ ਪੈਦਾ ਕਰ ਲਵੇ, ਪਰ ਉਸ ਦਾ ਪਿਆਰ, ਦੇਖਭਾਲ, ਹਮਦਰਦੀ ਤੇ ਨੈਤਿਕ ਫ਼ਰਜ਼ਾਂ ਵਰਗੀਆਂ ਮਨੁੱਖੀ ਭਾਵਨਾਵਾਂ ਨਾਲ ਲੈਸ ਹੋਣਾ ਸੰਭਵ ਨਹੀਂ ਹੈ। ਏਆਈ ਨਾਲ ਮਰੀਜ਼ ਦਾ ਇਲਾਜ ਚਾਹੇ ਬਿਹਤਰ ਹੋ ਜਾਵੇ, ਪਰ ਪਿਆਰ-ਦੁਲਾਰ ਤੇ ਦੇਖਭਾਲ ਪਰਿਵਾਰ ਵਾਲਿਆਂ ਤੋਂ ਹੀ ਸੰਭਵ ਹੈ। ਸਾਨੂੰ ਸਮਝਣਾ ਪਵੇਗਾ ਕਿ ਏਆਈ ਕੋਈ ਪ੍ਰਤੀਯੋਗੀ ਲਾਭ ਨਹੀਂ, ਬਲਕਿ ਇਕ ਸਾਂਝਾ ਫ਼ਰਜ਼ ਹੈ।

ਵਸੁਧੈਵ ਕੁਟੁੰਬਕਮ ਦਾ ਭਾਰਤੀ ਵਿਚਾਰ ਹੁਣ ਦਰਸ਼ਨ ਦੇ ਘੇਰੇ ਤੋਂ ਨਿਕਲ ਕੇ ਹੋਂਦ ਦੀ ਰਣਨੀਤੀ ਦਾ ਹਿੱਸਾ ਬਣ ਚੁੱਕਾ ਹੈ। ਇਸ ਕਾਰਨ, ਭਾਰਤ ਆਪਣੀ ਸੱਭਿਅਤਾਗਤ ਗਹਿਰਾਈ ਤੇ ਭਰੋਸੇਯੋਗਤਾ ਰਾਹੀਂ ਨਵੇਂ ਸ਼ਾਸਕੀ ਢਾਂਚਿਆਂ ਲਈ ਵਿਸ਼ਵ ਪੱਧਰੀ ਏਆਈ ਮਾਪਦੰਡਾਂ ਨੂੰ ਆਕਾਰ ਦੇਣ ’ਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ

# 327ਵੇਂ ਖ਼ਾਲਸਾ ਪੰਥ ਦੇ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ



## ਸਿੱਖ ਕੋਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ

# ੯ਵੀਂ ਨੈਸ਼ਨਲ ਸਿੱਖ ਡੇਅ ਪਰੇਡ (ਯੂ.ਐਸ.ਏ.)

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ SCCEC SIKH COORDINATION COMMITTEE EAST COAST, USA

## SIKH FREEDOM MARCH
### Washington, D.C.

**ਸ਼ਨਿਚਰਵਾਰ 4 ਅਪ੍ਰੈਲ 2026 ਨੂੰ ਕੈਪੀਟਲ ਹਿੱਲ ਵਾਸ਼ਿੰਗਟਨ ਡੀ. ਸੀ. ਵਿਖੇ ਪਰੇਡ ਦੀ ਅਰੰਭਤਾ ਤੋਂ ਪਹਿਲਾਂ 20th Street & Constitution Ave ਉੱਪਰ - ਦੀਵਾਨ ਦੀ ਸ਼ੁਰੂਆਤ 10 ਵਜੇ ਸਵੇਰੇ, ਪਰੇਡ ਦੁਪਹਿਰ 12 ਵਜੇ ਸ਼ੁਰੂ ਹੋਵੇਗੀ। ਉਪਰੰਤ 3 ਵਜੇ CAPITOL HILL ਦੇ ਸਾਹਮਣੇ ਸਟੇਜ ਲੱਗੇਗੀ। ਆਪ ਜੀ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।**









## ਸਹਿਯੋਗੀ ਸੰਸਥਾਵਾਂ ਤੇ ਗੁਰਦੁਆਰਾ ਸਾਹਿਬਾਨ

ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ, ਰਿਚਮੰਡ ਹਿੱਲ NY
ਗੁਰਦੁਆਰਾ ਸਿੱਖ ਸਭਾ, ਫੇਅਰਫੈਕਸ ਵੀ.ਏ
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ
ਸਿੱਖ ਸੈਂਟਰ ਆਫ NY ਫਲਸ਼ਿੰਗ ਅਤੇ ਕਵੀਨਜ਼ ਪਿੰਡ NY
ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, NY
ਗੁਰਦੁਆਰਾ ਸੰਤ ਸਾਗਰ, ਬੇਲੇਰੋਜ਼ NY
ਗੁਰਦੁਆਰਾ ਰਾਮਗੜ੍ਹੀਆ ਸਿੱਖ ਸੋਸਾਇਟੀ, ਹੋਲਿਸ NY
LI, Hicksville NY ਦਾ ਗੁਰਦੁਆਰਾ ਗੁਰੂ ਨਾਨਕ ਦਰਬਾਰ
ਗੁਰਦੁਆਰਾ ਬਾਬਾ ਮੱਝਾ ਸਿੰਘ ਕਰਮਜੋਤ ਸਿੱਖ ਸੈਂਟਰ, NY
ਸੱਚਖੰਡ ਗੁਰੂ ਨਾਨਕ ਦਰਬਾਰ, ਦੱਖਣੀ ਓਜ਼ੋਨ ਪਾਰਕ NY
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨਿਊ ਹਾਈਡ ਪਾਰਕ NY
ਗੁਰਦੁਆਰਾ ਸ਼ਹੀਦਾਂ, ਹਿਕਸਵਿਲੇ ਨਿਊਯਾਰਕ
ਗੁਰਦੁਆਰਾ ਰਵਿਦਾਸ ਟੈਂਪਲ, ਵੁਡਸਾਈਡ NY
ਮਾਤਾ ਸਾਹਿਬ ਕੌਰ ਗੁਰਦੁਆਰਾ, ਗਲੇਨ ਕੋਵ NY
ਗੁਰਦੁਆਰਾ ਗੁਰੂ ਤੇਗ ਬਹਾਦਰ ਜੀ, ਨਿਊ ਹਾਈਡ ਪਾਰਕ NY
ਗੁਰਦੁਆਰਾ ਮਿਡ-ਹਡਸਨ ਸਿੱਖ ਕਲਚਰਲ ਸੋਸਾਇਟੀ, ਵੈਪਿੰਗਰਸ ਫਾਲਸ NY
ਗੁਰਦੁਆਰਾ ਸਿੱਖ ਸਾਗਰ ਰੋਚੈਸਟਰ, NY
ਹਡਸਨ ਵੈਲੀ ਸਿੱਖ ਸੁਸਾਇਟੀ, ਮਿਡਲਟਾਊਨ NY
ਸਿੱਖ ਐਸੋਸੀਏਸ਼ਨ ਆਫ ਸਟੇਟਨ ਆਈਲੈਂਡ, NY

ਗੁਰਦੁਆਰਾ ਸਿੱਖ ਸਭਾ, ਫੇਅਰਫੈਕਸ ਵੀ.ਏ
ਸਿੱਖ ਸੈਂਟਰ ਆਫ ਵਰਜੀਨੀਆ, ਮਾਨਸਾਸ ਵੀ.ਏ
ਸਿੱਖ ਫਾਊਂਡੇਸ਼ਨ ਆਫ ਵਰਜੀਨੀਆ, ਫੇਅਰਫੈਕਸ ਸਟੇਸ਼ਨ ਵੀ.ਏ
ਗੁਰਦੁਆਰਾ ਸਿੱਖ ਸੰਗਤ ਆਫ ਵਰਜੀਨੀਆ, ਚੈਂਟੀਲੀ ਵੀ.ਏ
ਰਾਜ ਖਾਲਸਾ ਗੁਰਦੁਆਰਾ, ਸਟਰਲਿੰਗ ਵੀ.ਏ
ਸਿੱਖ ਮਿਸ਼ਨ ਆਫ ਵਰਜੀਨੀਆ, ਵਾਰਨਟਨ ਵੀ.ਏ
ਡੀ.ਸੀ., ਵਾਸ਼ਿੰਗਟਨ ਡੀ.ਸੀ.

ਪਾਈਨ ਹਿੱਲ, ਐਨਜੇ ਦਾ ਸਿੱਖ ਗੁਰਦੁਆਰਾ
ਗੁਰਦੁਆਰਾ ਦਸ਼ਮੇਸ਼ ਦਰਬਾਰ, ਕਾਰਟੇਰੇਟ ਐਨਜੇ
ਗੁਰਦੁਆਰਾ ਖਾਲਸਾ ਦਰਬਾਰ, ਬਰਲਿੰਗਟਨ ਐਨਜੇ
ਸ੍ਰੀ ਗੁਰੂ ਸਿੰਘ ਸਭਾ, ਗਲੇਨਰਾਕ ਐਨਜੇ
ਗਾਰਡਨ ਸਟੇਟ ਸਿੱਖ ਐਸੋਸੀਏਸ਼ਨ, ਬ੍ਰਿਜਵਾਟਰ, ਐਨਜੇ
ਡੇਲਾਵੇਅਰ ਵੈਲੀ ਦੀ ਗੁਰੂ ਨਾਨਕ ਸਿੱਖ ਸੁਸਾਇਟੀ, ਐਨਜੇ
ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਓਕਲੈਂਡ ਐਨਜੇ
ਗੁਰਦੁਆਰਾ ਸਿੰਘ ਸਭਾ, ਕਾਰਟੇਰੇਟ ਐਨਜੇ
ਗੁਰਦੁਆਰਾ ਨਾਨਕ ਨਾਮ ਜਹਾਜ਼, ਐਨਜੇ
ਸਾਊਥ ਜਰਸੀ ਸਿੱਖ ਸੁਸਾਇਟੀ, ਵਾਈਨਲੈਂਡ ਐਨਜੇ

ਗੁਰਦੁਆਰਾ ਬਾਲਟੀਮੋਰ ਸਿੱਖ ਸੁਸਾਇਟੀ, ਡੰਡਲਕ ਐਮਡੀ
ਬਾਲਟੀਮੋਰ ਸਿੱਖ ਐਸੋਸੀਏਸ਼ਨ, ਰੈਂਡਲਸਟਾਊਨ ਐਮਡੀ
ਮੈਰੀਲੈਂਡ ਦੀ ਗੁਰਦੁਆਰਾ ਸਿੱਖ ਸਭਾ, ਡੰਡਲਕ ਐਮਡੀ
ਗੁਰਦੁਆਰਾ ਵਾਸ਼ਿੰਗਟਨ ਸਿੱਖ ਸੈਂਟਰ, ਗੈਥਰਸਬਰਗ ਐਮਡੀ
ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਅਕੈਡਮੀ, ਐਮਡੀ
ਗੁਰਦੁਆਰਾ ਗੁਰ ਗਿਆਨ ਸਾਗਰ, ਬਰਟਨਸਵਿਲ ਐਮਡੀ
ਗੁਰੂ ਨਾਨਕ ਫਾਊਂਡੇਸ਼ਨ ਆਫ ਅਮਰੀਕਾ, ਸਿਲਵਰ ਸਪਰਿੰਗ ਐਮਡੀ
ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਰੌਕਵਿਲ ਐਮਡੀ

ਫਿਲਾਡੇਲਫੀਆ ਸਿੱਖ ਸੁਸਾਇਟੀ, ਔਪਰ ਡਰਬੀ ਪੀ.ਏ
ਗੁਰਦੁਆਰਾ ਸਿੱਖ ਸੁਸਾਇਟੀ ਹੈਰਿਸਬਰਗ, ਪੀ.ਏ
ਗੁਰੂ ਨਾਨਕ ਸਿੱਖ ਸੋਸਾਇਟੀ ਆਫ ਲੇਹ ਵੈਲੀ, ਨਾਜ਼ਰੇਥ ਪੀ.ਏ
ਗੁਰਦੁਆਰਾ ਸਿੱਖ ਸਾਧ ਸੰਗਤ, ਈਸਟਨ ਪੀ.ਏ
ਗੁਰੂ ਨਾਨਕ ਸਿੱਖ ਸੁਸਾਇਟੀ ਔਪਰ ਡਰਬੀ ਪੀ.ਏ
ਗੁਰੂ ਨਾਨਕ ਸਿੱਖ ਸੁਸਾਇਟੀ ਆਫ ਬਲੂ ਮਾਊਂਟੇਨ, ਪੀ.ਏ
ਸੇਪਾ ਸਿੱਖ ਗੁਰਦੁਆਰਾ, ਪੋਟਸਟਾਊਨ ਪੀ.ਏ
ਲੈਂਕੈਸਟਰ ਕਾਊਂਟੀ ਦੇ ਗੁਰਦੁਆਰਾ ਸਾਹਿਬ, ਪੀ.ਏ
ਟ੍ਰਾਈ ਸਟੇਟ ਸਿੱਖ ਕਲਚਰਲ ਸੁਸਾਇਟੀ, ਮੇਨਰੋਵਿਲ ਪੀ.ਏ

ਸਿੱਖ ਸੈਂਟਰ ਆਫ ਡੇਲਾਵੇਅਰ, ਨਿਊ ਕੈਸਲ ਡੀ.ਈ
ਡੇਲਾਵੇਅਰ ਦਾ ਗੁਰਦੁਆਰਾ, ਮਿਡਲਟਾਊਨ ਡੀ.ਈ

ਗੁਰਦੁਆਰਾ ਨਾਨਕ ਦਰਬਾਰ, ਸਾਊਥਿੰਗਟਨ ਸੀ.ਟੀ
ਗੁਰਦੁਆਰਾ ਗੁਰੂ ਤੇਗ ਬਹਾਦਰ ਫਾਊਂਡੇਸ਼ਨ, ਨੌਰਵਾਕ ਸੀ.ਟੀ
ਗੁਰਦੁਆਰਾ ਸੱਚਖੰਡ ਦਰਬਾਰ, ਹੈਮਡੇਨ ਸੀ.ਟੀ
ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਦਰਬਾਰ, ਵਿੰਡਸਰ ਸੀ.ਟੀ
ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਸੀ.ਟੀ

ਗੁਰਦੁਆਰਾ ਸਿੱਖ ਸੰਗਤ ਐਵਰੇਟ, ਬੋਸਟਨ ਐਮ.ਏ
ਗੁਰੂ ਨਾਨਕ ਦਰਬਾਰ ਮੇਡਫੋਰਡ, ਬੋਸਟਨ ਐਮ.ਏ
ਗੁਰਦੁਆਰਾ ਨਿਊ ਇੰਗਲੈਂਡ ਸਿੱਖ ਸਟੱਡੀ ਸਰਕਲ, ਵੈਸਟਬਰੋ ਐਮ.ਏ

ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਗ੍ਰੀਨਵੁੱਡ IN
ਗੁਰਦੁਆਰਾ ਗੁਰ ਨਾਨਕ ਦਰਬਾਰ, ਇੰਡੀਆਨਾਪੋਲਿਸ IN
ਗੁਰਦੁਆਰਾ ਗੁਰੂ ਨਾਨਕ ਦਰਬਾਰ, ਮਿਸ਼ਾਵਾਕਾ IN
ਦਸਮੇਸ਼ ਸਿੱਖ ਗੁਰਦੁਆਰਾ, ਫੋਰਟ ਵੇਨ IN
ਗੁਰਦੁਆਰਾ ਖਾਲਸਾ ਦਰਬਾਰ, ਫੋਰਟ ਵੇਨ IN
ਗੁਰਦੁਆਰਾ ਸਿੱਖ ਸੈਂਟਰ, ਫੋਰਟ ਵੇਨ IN
ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਸ IN
ਗੁਰਦੁਆਰਾ ਗੁਰੂ ਨਾਨਕ ਸਿੱਖ ਸੁਸਾਇਟੀ, ਇੰਡੀਆਨਾਪੋਲਿਸ IN
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇੰਡੀਆਨਾਪੋਲਿਸ IN
ਗੁਰਦੁਆਰਾ ਗੋਬਿੰਦ ਮਾਰਗ, IN
ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਸਾਊਥ ਬੈਂਡ IN
ਗੁਰਦੁਆਰਾ ਜੋਤ ਅੰਮ੍ਰਿਤ ਪ੍ਰਕਾਸ਼, ਮੇਕਕਾਰਡਸਵਿਲ IN
ਗੁਰੂ ਗ੍ਰੰਥ ਸਿੱਖ ਸੋਸਾਇਟੀ, ਮੇਕਕਾਰਡਸਵਿਲ IN
ਸਿੱਖ ਧਾਰਮਿਕ ਸੋਸਾਇਟੀ ਆਫ਼ ਇੰਡੀਆਨਾ, ਕਰਾਊਨ ਪੁਆਇੰਟ IN
ਗੁਰਦੁਆਰਾ ਸਿੱਖ ਸਤਿਸੰਗ, ਇੰਡੀਆਨਾਪੋਲਿਸ IN
ਗੁਰਦੁਆਰਾ ਗੁਰੂ ਨਾਨਕ ਸੰਗਤ ਸੇਵਾ, ਨਿਊ ਵਾਈਟਲੈਂਡ IN
ਗੁਰਦੁਆਰਾ ਸਾਹਿਬ ਪ੍ਰੇਮ ਪ੍ਰਕਾਸ਼, ਫ੍ਰੈਂਕਲਿਨ IN

ਗੁਰੂ ਨਾਨਕ ਫਾਊਂਡੇਸ਼ਨ, ਓ
ਗੁਰੂ ਨਾਨਕ ਸਿੱਖ ਸਮਾਜ, ਓ
ਸਿੱਖ ਧਾਰਮਿਕ ਕੇਂਦਰ ਡੇਟਨ, ਓ
ਸਿੱਖ ਸੁਸਾਇਟੀ ਆਫ ਡੇਟਨ, ਓ
ਗੁਰੂ ਨਾਨਕ ਧਾਰਮਿਕ ਸੁਸਾਇਟੀ, ਓ
ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ, ਓ
ਗੁਰਦੁਆਰਾ ਸਾਹਿਬ, ਕੋਲੰਬੀਆ ਓ
ਗੁਰੂ ਰਾਮਦਾਸ ਆਸ਼ਰਮ, ਓ

ਸਿੱਖ ਟੈਂਪਲ ਆਫ ਵਿਸਕਾਨਸਿਨ, ਓਕ ਕਰੀਕ WI
ਸ਼ਿਕਾਗੋ ਦੇ ਗੁਰਦੁਆਰਾ ਸਾਹਿਬ, ਆਈ.ਐਲ
ਗੁਰਦੁਆਰਾ ਸਿੱਖ ਕਮਿਊਨਿਟੀ ਸੈਂਟਰ, ਵ੍ਹੀਟਨ ਆਈ.ਐਲ
ਸਿੱਖ ਰਿਲੀਜੀਅਸ ਸੋਸਾਇਟੀ ਆਫ ਸ਼ਿਕਾਗੋ, ਪੈਲਾਟਾਈਨ ਆਈ.ਐਲ
ਗੁਰਦੁਆਰਾ ਸਿੱਖ ਟੈਂਪਲ, ਸਿਲਵਿਸ ਆਈ.ਐਲ
ਨਾਨਕਸਰ ਗੁਰਦੁਆਰਾ ਸਾਹਿਬ, ਰੌਕਫੋਰਡ ਆਈ.ਐਲ

ਗੁਰਦੁਆਰਾ ਸਿੱਖ ਸੋਸਾਇਟੀ ਆਫ ਕੈਂਟਕੀ, ਲੁਈਸਵਿਲ ਕੇ.ਵਾਈ
ਗੁਰਦੁਆਰਾ ਸਿੱਖ ਟੈਂਪਲ ਆਫ ਬਲੂਗ੍ਰਾਸ, ਲੈਕਸਿੰਗਟਨ ਕੇ.ਵਾਈ

ਸਿੱਖ ਸਭਾ ਆਫ ਮਿਸ਼ੀਗਨ, ਕੈਂਟਨ ਐਮ.ਆਈ
ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਐਮ.ਆਈ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੈਂਟਨ ਐਮ.ਆਈ
ਸਿੱਖ ਟੈਂਪਲ ਡਾਊਨ ਰਿਵਰ, ਬ੍ਰਾਊਨਸਟਾਊਨ ਟਾਊਨਸ਼ਿਪ ਐਮ.ਆਈ
ਮਾਤਾ ਤ੍ਰਿਪਤਾ ਜੀ ਗੁਰਦੁਆਰਾ (ਲੁਕਿਆ ਝਰਨਾ), ਪਲਾਈਮਾਊਥ ਐਮਆਈ
ਸਿੱਖ ਸੋਸਾਇਟੀ ਆਫ਼ ਮਿਸ਼ੀਗਨ, ਸਟਰਲਿੰਗ ਹਾਈਟਸ ਐਮਆਈ
ਰੋਚੈਸਟਰ ਹਿਲਜ਼ ਐਮਆਈ ਦਾ ਸਿੱਖ ਗੁਰਦੁਆਰਾ
ਖਾਲਸਾ ਸਿੱਖ ਸੈਂਟਰ ਗੁਰਦੁਆਰਾ, ਗ੍ਰੈਂਡ ਬਲੈਂਕ ਐਮਆਈ

ਗੁਰੂ ਨਾਨਕ ਸਿੱਖ ਸੈਂਟਰ, ਲੈਂਸਿੰਗ ਐਮ.ਆਈ
ਸਿੱਖ ਸੋਸਾਇਟੀ ਆਫ ਵੈਸਟ ਮਿਸ਼ੀਗਨ, ਫੋਰੈਸਟ ਹਿਲਸ ਐਮ.ਆਈ
ਗੁਰਦੁਆਰਾ ਸਿੱਖ ਸਭਾ, ਗ੍ਰੈਂਡ ਰੈਪਿਡਜ਼ ਐਮ.ਆਈ
ਗੁਰਦੁਆਰਾ ਸਿੱਖ ਸਭਾ ਆਫ਼ ਕਲਮਾਜ਼ੂ, ਐਮ.ਆਈ
ਗੁਰਦੁਆਰਾ ਸਿੱਖ ਟੈਂਪਲ, ਬੈਟਲ ਕਰੀਕ ਐਮ.ਆਈ
ਸਿੱਖ ਰਿਲੀਜੀਅਸ ਸੋਸਾਇਟੀ ਆਫ ਸਾਊਥਵੈਸਟ ਮਿਸ਼ੀਗਨ, ਬੈਂਟਨ ਹਾਰਬਰ ਐਮ.ਆਈ
ਗੁਰੂ ਨਾਨਕ ਨਿਵਾਸ, ਮੁਸਕੇਗਨ ਐਮ.ਆਈ
ਮਿਡ ਮਿਸ਼ੀਗਨ ਸਿੱਖ ਸਭਾ, ਸਾਗਿਨਾਵ ਐਮ.ਆਈ
ਮਿਸ਼ੀਗਨ ਦੇ ਸਿੱਖ ਗੁਰਦੁਆਰੇ, ਐਮ.ਆਈ
ਗੁਰੂ ਨਾਨਕ ਸਿੱਖ ਟੈਂਪਲ, ਐਮ.ਆਈ
ਗੁਰੂ ਰਾਮਦਾਸ ਆਸ਼ਰਮ, ਐਮ.ਆਈ

ਟੀਵੀ-84 ਨਿਊਯਾਰਕ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ
ਗੁਰੂ ਰਾਮਦਾਸ ਵੈਲਫੇਅਰ ਸੋਸਾਇਟੀ ਆਫ ਹਰਿਆਣਾ, NY
ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਐਨ.ਵਾਈ
ਸਿੱਖ ਯੂਥ ਆਫ ਅਮਰੀਕਾ
ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸੁਸਾਇਟੀ
ਸਿੱਖਸ ਫਾਰ ਜਸਟਿਸ
ਪੰਥਕ ਸਿੱਖ ਸਮਾਜ
ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ
ਸ਼ਹੀਦ ਊਧਮ ਸਿੰਘ ਸਮਾਜ
ਦੋਆਬਾ ਸਿੱਖ ਐਸੋਸੀਏਸ਼ਨ
ਭਾਈ ਲਾਲੋ ਜੀ ਸਮਾਜ
ਧੰਨ ਧੰਨ ਬਾਬਾ ਬੁੱਢਾ ਜੀ ਸੰਗਤ
ਧੰਨ ਧੰਨ ਬਾਬਾ ਦੀਪ ਸਿੰਘ ਸਿੱਖ ਸਮਾਜ

**ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ**

## ਪਰੇਡ ਵਿੱਚ ਕਿਸੇ ਵੀ ਤਰਾਂ ਦੀ ਲੰਗਰ ਆਦਿਕ ਜਾਂ ਹੋਰ ਸੇਵਾਵਾਂ ਲਈ ਅਤੇ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ:

| Name | Role | Phone |
|---|---|---|
| Himmat Singh (NY) | Coordinator | 646-358-7745 |
| Kewal Singh Sidhu (PA) | Treasurer | 215-264-5037 |
| Harjinder Singh (NJ) | Media Spokesman | 609-374-7249 |
| Veer Singh Mangat (CT) | Member | 203-919-3988 |
| Devinder Singh Deo (VA) | Member | 703-626-2561 |

**New York:**
Jatinder Singh Boparai
Gurdev Singh Kang
Rajinder Singh
Makhan Singh
Harminder Singh Ahluwalia
Surjit Singh Kular
Gurtej Singh

**Virginia:**
Balwinder S Chatha
Mehtab S Kahlon
Narinder Singh
Bakhshish Singh
Udham Singh
Harinderbir Singh Waraich

**Maryland:**
Bakhshish Singh Saini
Harbans Singh
Manvir Singh Baltimore
Sukhdev Singh Chatha

**New Jersey:**
Inderjit Singh
Barjinder Singh Brar
Gurdawar Singh
Kewal Singh
Jasbir Singh
Joga Singh

**Pennsylvania:**
Bhagat Singh
Harcharan Singh
Navtej Singh Teji
Jasvir Singh

**Indiana:**
Santokh Singh
Subash Singh
Jagdish Singh
Japhi Singh

**Massachusetts:**
Karam Singh
Jagjit Singh

**Connecticut:**
Manmohan Singh Bharara
Swaranjit Singh
Kuljeet Singh
Deep Singh


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਡਾ. ਨੀਰਵ ਸ਼ਾਹ ਅਮਰੀਕਾ ਦੇ ਵਿਜ਼ਨਰੀ ਆਗੂਆਂ ’ਚ ਸ਼ਾਮਿਲ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਸਿਹਤ ਮਾਹਰ ਡਾ. ਨੀਰਵ ਸ਼ਾਹ ਸਾਬਕਾ ਡਾਇਰੈਕਟਰ ‘ਮੇਨੇ ਸੈਂਟਰ ਫਾਰ ਡਸੀਜ ਕੰਟਰੋਲ ਐਂਡ ਪ੍ਰੀਵੈਨਸ਼ਨ’ ਨੂੰ ਵਾਸ਼ਿੰਗਟਨ ਪੋਸਟ ਦੀ ਅਗਲੇ-50 ਕੌਣ ਦੀ ਸੂਚੀ ’ਚ ਸ਼ਾਮਿਲ ਕੀਤਾ ਗਿਆ ਹੈ। ਇਸ ਸੂਚੀ ’ਚ ਉਨਾਂ ਸਖਸ਼ੀਅਤਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿਨਾਂ ਕੋਲੋਂ ਆਮ ਲੋਕਾਂ ਦੇ ਜੀਵਨ ’ਚ ਤਬਦੀਲੀ ਦੀ ਆਸ ਕੀਤੀ ਜਾਂਦੀ ਹੈ। ਇਸ ਸਲਾਨਾ ਸੂਚੀ ਵਿਚ ਸਿਹਤ, ਸਾਇੰਸ, ਜਨਤਿਕ ਸੇਵਾ, ਕਾਰੋਬਾਰ ਤੇ ਸਭਿਆਚਾਰ ਨਾਲ ਜੁੜੇ ਲੋਕਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ ਜਿਨ੍ਹਾਂ ਦਾ ਕੰਮ ਕੌਮੀ ਚਰਚਾ ਦਾ ਹਿੱਸਾ ਬਣਿਆ ਹੋਵੇ। ਮੇਨੇ ਤੋਂ ਸ਼ਾਹ ਹੀ ਇਕੋ ਇਕ ਵਿਅਕਤੀ ਹੈ ਜਿਸ ਨੂੰ ਇਸ ਸੂਚੀ ਵਿਚ ਥਾਂ ਮਿਲੀ ਹੈ। ਸ਼ਾਹ ਤੋਂ



ਇਲਾਵਾ ਇਸ ਸਾਲ ਦੀ ਸੂਚੀ ਵਿਚ ਨਿਊ ਯਾਰਕ ਦੇ ਮੇਅਰ ਜ਼ੋਹਰਨ ਮਮਦਾਨੀ, ਟੈਕਸਾਸ ਯੂ.ਐਸ. ਸੈਨੇਟ ਉਮੀਦਵਾਰ ਜੇਮਜ ਤਾਲਾਰੀਕੋ ਤੇ ਬਇਓਕੈਮਿਸਟ ਡੇਵਿਡ ਲਿਊ ਨੂੰ ਸ਼ਾਮਿਲ ਕੀਤਾ ਗਿਆ ਹੈ। ਕੋਵਿਡ-19 ਮਹਾਮਾਰੀ ਦੌਰਾਨ ਸੀ.ਡੀ.ਸੀ. ਡਾਇਰੈਕਟਰ ਵਜੋਂ ਮੇਨੇ ਪਬਲਿਕ ਹੈਲਥ ਦੀ ਅਗਵਾਈ ਕਰਨ ਸਮੇ ਸ਼ਾਹ ਨੇ ਕੌਮੀ ਪੱਧਰ ’ਤੇ ਪ੍ਰਸਿੱਧੀ ਹਾਸਲ ਕੀਤੀ ਸੀ।

# ਅਮਰੀਕਾ ’ਚ ਭਾਰਤੀ ਵਿਦਿਆਰਥੀ ਮ੍ਰਿਤਕ ਮਿਲਿਆ

ਨਿਊਯਾਰਕ : ਇਕ ਹਫ਼ਤੇ ਤੋਂ ਵੀ ਘੱਟ ਸਮੇਂ ਪਹਿਲਾਂ ਅਮਰੀਕਾ ’ਚ ਲਾਪਤਾ ਹੋਏ 22 ਸਾਲਾ ਭਾਰਤੀ ਪੋਸਟ ਗ੍ਰੈਜੂਏਟ ਵਿਦਿਆਰਥੀ ਦੀ ਲਾਸ਼ ਮਿਲੀ ਹੈ। ਕਰਨਾਟਕ ਦੇ ਵਸਨੀਕ ਤੇ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਦਾ ਵਿਦਿਆਰਥੀ ਸਾਕੇਤ ਸ਼੍ਰੀਨਿਵਾਸਈਆ ਸੋਮਵਾਰ ਤੋਂ ਲਾਪਤਾ ਸੀ। ਸੈਨ ਫਰਾਂਸਿਸਕੋ ’ਚ ਭਾਰਤੀ ਕੌਂਸਲੇਟ ਨੇ ਸ਼ਨੀਵਾਰ ਨੂੰ ਸਥਾਨਕ ਸਮੇਂ ਅਨੁਸਾਰ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਇਕ ਪੋਸਟ ’ਚ ਵਿਦਿਆਰਥੀ ਦੀ ਲਾਸ਼ ਮਿਲਣ ਦੀ ਪੁਸ਼ਟੀ ਕੀਤੀ। ਪੋਸਟ ’ਚ ਕਿਹਾ ਗਿਆ ਕਿ ਕੌਂਸਲੇਟ ਜਨਰਲ ਨੂੰ



ਇਹ ਦੱਸਦੇ ਹੋਏ ਬਹੁਤ ਦੁੱਖ ਹੋ ਰਿਹਾ ਹੈ ਕਿ ਸਥਾਨਕ ਪੁਲਿਸ ਨੇ ਲਾਪਤਾ ਭਾਰਤੀ ਵਿਦਿਆਰਥੀ ਸਾਕੇਤ ਸ਼੍ਰੀਨਿਵਾਸਈਆ ਦੀ ਲਾਸ਼ ਮਿਲਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਨੇ ਦੁਖੀ ਪਰਿਵਾਰ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ ਤੇ ਕਿਹਾ ਕਿ ਕੌਂਸਲੇਟ ਪਰਿਵਾਰ ਨੂੰ ਹਰ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਹੈ, ਜਿਸ ’ਚ ਸਥਾਨਕ ਅਧਿਕਾਰੀਆਂ ਨਾਲ ਤਾਲਮੇਲ ਕਰਨਾ ਤੇ ਲਾਸ਼ ਨੂੰ ਜਲਦੀ ਭਾਰਤ ਵਾਪਸ ਭੇਜਣ ਦਾ ਪ੍ਰਬੰਧ ਕਰਨਾ ਸ਼ਾਮਲ ਹੈ।

# ਜਿਨੇਵਾ ਗੱਲਬਾਤ ਤੋਂ ਪਹਿਲਾਂ ਈਰਾਨ ਨੂੰ ਟਰੰਪ ਦੀ ਖੁੱਲ੍ਹੀ ਧਮਕੀ: ‘ਸਮਝੌਤਾ ਕਰੋ ਜਾਂ ਨਤੀਜੇ ਭੁਗਤੋ’

ਵਾਸ਼ਿੰਗਟਨ, ਡੀ.ਸੀ. : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਿਨੇਵਾ ਵਿੱਚ ਮਹੱਤਵਪੂਰਨ ਪ੍ਰਮਾਣੂ ਗੱਲਬਾਤ ਤੋਂ ਪਹਿਲਾਂ ਈਰਾਨ ਨੂੰ ਇੱਕ ਸਖ਼ਤ ਅਤੇ ਚੇਤਾਵਨੀ ਭਰਿਆ ਸੰਦੇਸ਼ ਜਾਰੀ ਕੀਤਾ ਹੈ। ਵਾਸ਼ਿੰਗਟਨ, ਡੀ.ਸੀ. ਵਿੱਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਟਰੰਪ ਨੇ ਕਿਹਾ ਕਿ ਜੇਕਰ ਈਰਾਨ ਕਿਸੇ ਸਮਝੌਤੇ ’ਤੇ ਨਹੀਂ ਪਹੁੰਚਿਆ ਤਾਂ ਉਸਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਟਰੰਪ ਨੇ ਕਿਹਾ ਕਿ ਉਹ ਇਸ ਉੱਚ-ਪੱਧਰੀ ਗੱਲਬਾਤ ਪ੍ਰਕਿਰਿਆ ਵਿੱਚ ‘ਅਸਿੱਧੇ ਤੌਰ ’ਤੇ’ ਸ਼ਾਮਲ ਰਹਿਣਗੇ। ਉਨ੍ਹਾਂ ਕਿਹਾ ਕਿ ਜਿਨੇਵਾ ਵਿੱਚ ਗੱਲਬਾਤ ਮਹੱਤਵਪੂਰਨ ਹੈ। ਟਰੰਪ ਦੇ ਅਨੁਸਾਰ, ਜਦੋਂ ਕਿ ਈਰਾਨ ਇੱਕ ‘ਸਖਤ ਵਾਰਤਾਕਾਰ’ ਹੋ ਸਕਦਾ ਹੈ, ਇਸਦੀ ਲੀਡਰਸ਼ਿਪ ਕਮਜ਼ੋਰ ਰਹੀ ਹੈ। ਉਨ੍ਹਾਂ ਕਿਹਾ, ‘ਜੇਕਰ ਉਹ ਸਮੇਂ ਸਿਰ ਸਮਝੌਤੇ ’ਤੇ ਪਹੁੰਚ ਜਾਂਦੇ, ਤਾਂ ਸਾਨੂੰ ਉਨ੍ਹਾਂ ਦੇ ਪ੍ਰਮਾਣੂ ਸਥਾਨਾਂ ’ਤੇ ਬੀ-2 ਭੇਜਣ ਦੀ ਜ਼ਰੂਰਤ ਨਹੀਂ ਪੈਂਦੀ।’ ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਹਾਲ ਹੀ ਵਿੱਚ ਹੋਈ ਫੌਜੀ ਕਾਰਵਾਈ ਨੇ ਪੂਰੇ ਭੂ-ਰਾਜਨੀਤਿਕ ਦ੍ਰਿਸ਼ ਨੂੰ ਬਦਲ ਦਿੱਤਾ ਹੈ ਅਤੇ ਈਰਾਨ ਨੂੰ ਕੂਟਨੀਤੀ ਵੱਲ ਵਾਪਸ ਆਉਣ ਲਈ ਮਜਬੂਰ ਕੀਤਾ ਹੈ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਈਰਾਨ ਭਵਿੱਖ ਵਿੱਚ ‘ਵਧੇਰੇ ਸਮਝ’ ਦਿਖਾਏਗਾ, ਕਿਉਂਕਿ ਆਰਥਿਕ ਅਤੇ ਰਾਜਨੀਤਿਕ ਦਬਾਅ ਇਸਨੂੰ ਗੱਲਬਾਤ ਦੀ ਮੇਜ਼ ’ਤੇ ਲਿਆ ਰਹੇ ਹਨ। ਮੱਧ ਪੂਰਬ ਦੀ ਸਥਿਤੀ ’ਤੇ ਬੋਲਦੇ ਹੋਏ ਟਰੰਪ ਨੇ ਕਿਹਾ ਕਿ ਭਾਵੇਂ ਕੁਝ ਥਾਵਾਂ ’ਤੇ ਤਣਾਅ ਦਿਖਾਈ ਦੇ ਸਕਦਾ ਹੈ, ਪਰ ਖੇਤਰ ਵਿੱਚ ਸਮੁੱਚੀ ਸ਼ਾਂਤੀ ਬਣੀ ਹੋਈ ਹੈ। ਉਨ੍ਹਾਂ ਕਿਹਾ, ‘ਤੁਸੀਂ ਕੁਝ



ਥਾਵਾਂ ’ਤੇ ਅੱਗ ਦੀਆਂ ਲਪਟਾਂ ਦੇਖ ਸਕਦੇ ਹੋ, ਪਰ ਮੂਲ ਰੂਪ ਵਿੱਚ ਮੱਧ ਪੂਰਬ ਵਿੱਚ ਸ਼ਾਂਤੀ ਹੈ। ਇਹ ਸੰਭਵ ਹੋਇਆ ਕਿਉਂਕਿ ਅਸੀਂ ਪ੍ਰਮਾਣੂ ਸਮਰੱਥਾ ’ਤੇ ਬੀ-2 ਹਮਲਾ ਕੀਤਾ ਸੀ।’

ਟਰੰਪ ਨੇ ਹਾਲ ਹੀ ਵਿੱਚ ਹੋਏ ਫੌਜੀ ਆਪ੍ਰੇਸ਼ਨ, ਆਪ੍ਰੇਸ਼ਨ ਮਿਡਨਾਈਟ ਹੈਮਰ ਦਾ ਬਚਾਅ ਕਰਦੇ ਹੋਏ ਕਿਹਾ ਕਿ ਇਸ ਤੋਂ ਬਿਨਾਂ, ਈਰਾਨ ਇੱਕ ਮਹੀਨੇ ਦੇ ਅੰਦਰ ਪ੍ਰਮਾਣੂ ਹਥਿਆਰ ਵਿਕਸਤ ਕਰ ਲੈਂਦਾ। ਇਸ ਆਪ੍ਰੇਸ਼ਨ ਦੇ ਤਹਿਤ, ਅਮਰੀਕਾ ਨੇ ਤਿੰਨ ਪ੍ਰਮੁੱਖ ਈਰਾਨੀ ਪ੍ਰਮਾਣੂ ਸਥਾਨਾਂ ਨੂੰ ਨਿਸ਼ਾਨਾ ਬਣਾਇਆ: ਫੋਰਡੋ, ਨਤਾਨਜ਼ ਅਤੇ ਇਸਫਾਹਨ। ਈਰਾਨ ਅਤੇ ਅਮਰੀਕਾ ਵਿਚਕਾਰ ਪ੍ਰਮਾਣੂ ਗੱਲਬਾਤ ਦੇ ਪਿਛਲੇ ਦੌਰ ਅਪ੍ਰੈਲ 2025 ਵਿੱਚ ਮਸਕਟ, ਓਮਾਨ ਅਤੇ ਰੋਮ, ਇਟਲੀ ਵਿੱਚ ਹੋਏ ਸਨ। ਹਾਲਾਂਕਿ, ਜੂਨ 2025 ਵਿੱਚ ਫੌਜੀ ਹਮਲਿਆਂ ਤੋਂ ਬਾਅਦ ਸਥਿਤੀ ਬਹੁਤ ਬਦਲ ਗਈ।

ਈਰਾਨ ਨੇ ਇਨ੍ਹਾਂ ਹਮਲਿਆਂ ਨੂੰ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਚਾਰਟਰ ਦੀ ਉਲੰਘਣਾ ਕਿਹਾ। ਹੁਣ, ਫੌਜੀ ਟਕਰਾਅ ਦੇ ਬਾਵਜੂਦ, ਦੋਵੇਂ ਦੇਸ਼ ਮੰਗਲਵਾਰ ਨੂੰ ਜੇਨੇਵਾ ਵਿੱਚ ਪ੍ਰਮਾਣੂ ਸਮਝੌਤੇ ’ਤੇ ਚਰਚਾ ਕਰਨ ਲਈ ਦੁਬਾਰਾ ਮਿਲਣ ਲਈ ਤਿਆਰ ਹਨ। ਅਮਰੀਕੀ ਮੀਡੀਆ ਦੇ ਅਨੁਸਾਰ, ਅਮਰੀਕਾ ਵੱਲੋਂ ਵਿਸ਼ੇਸ਼ ਦੂਤ ਸਟੀਵ ਵਿਟਕੋਫ ਅਤੇ ਜੇਰੇਡ ਕੁਸ਼ਨਰ ਇਨ੍ਹਾਂ ਗੱਲਬਾਤ ਵਿੱਚ ਹਿੱਸਾ ਲੈਣਗੇ।


ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ







Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork
- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

Scan This Code for Joining Truck Dispatch Training

WHAT WE WILL PROVIDE
250+ Broker List
350+ Carrier List
27000+ Direct Shipper List
amazon relay
DAT One

SMART PATH
Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333
Learn, Practice, Gain Your Skills
www.smartpathca.com
Learn Online From Home



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਕੋਈ ਵੀ ਸਿੱਖ ਦਾਅਵਾ ਨਹੀਂ ਕਰ ਸਕਦਾ ਕਿ ਜੀਵਨ ਵਿਚ ਉਸਨੇ ਰਹਿਤ ਵਿਚ ਕੋਈ ਭੁੱਲ ਨਹੀਂ ਕੀਤੀ। ਪਰ ਦੂਸਰੇ ਪਾਸੇ ਬਖਸ਼ਿੰਦਾ ਸਤਿਗੁਰੂ ਬਾਹਵਾਂ ਉਲਾਰ ਕੇ ਉਸ ਨੂੰ ਆਪਣੀ ਹਿੱਕ ਨਾਲ ਲਾਉਣ ਅਤੇ ਬੇਦਾਵਾ ਪਾੜਨ ਨੂੰ ਬੇਤਾਬ ਹਨ।

ਕਿਸੇ ਸਿੱਖ ਪਾਸੋਂ ਰਹਿਤ ਦੀ ਭੁੱਲ ਹੋ ਜਾਣ ਦੀ ਸੂਰਤ ਵਿਚ ਉਸ ਦੇ ਨਿਧਾਨ ਬਾਰੇ ਇਹ ਅਧਿਆਇ ਹੈ। ਇਸ ਵਿਚ ਚਾਰ ਮੱਦਾਂ ਹਨ। ਸੰਖੇਪ ਰੂਪ ਵਿਚ ਸੁਧਾਈ ਲਈ ਉਸ ਸਿੱਖ ਨੇ ਸਥਾਨਕ ਗੁਰ-ਸੰਗਤ ਦੇ ਸਾਹਮਣੇ ਖ਼ੁਦ ਹਾਜ਼ਰ ਹੋਣਾ ਹੈ। ਗੁਰ-ਸੰਗਤ ਵਿਚੋਂ ਪੰਜ ਪਿਆਰੇ ਚੁਣੇ ਜਾਣੇ ਹਨ ਜੋ ਕੀਤੀ ਭੁੱਲ ਵਿਚਾਰ ਕੇ ਸੰਗਤ ਨੂੰ ਦੰਡ (ਤਨਖਾਹ) ਤਜਵੀਜ਼ ਕਰਨਗੇ। ਸੰਗਤ ਨੇ ਵਿਚਾਰ ਕੇ ਤਨਖਾਹ ਲਾਉਣੀ ਹੈ। ਉਪਰੰਤ ਤਨਖਾਹ ਪੂਰੀ ਕਰਕੇ ਉਸਦੀ ਸੋਧ ਦੀ ਅਰਦਾਸ ਹੋਏਗੀ। ਸੰਗਤ ਅਤੇ ਗੁਰ-ਸੰਗਤ ਵਿਚ ਅੰਤਰ ਹੈ। ਇਸ ਅੰਕ ਵਿਚ ਬਾਰ-ਬਾਰ ਲਫ਼ਜ਼ ਗੁਰ-ਸੰਗਤ ਆਇਆ ਹੈ ਪਰ ਇਸ ਦੀ ਵਿਆਖਿਆ ਇਹ ਮੌਜੂਦਾ ਸਿੱਖ ਰਹਿਤ ਮਰਯਾਦਾ ਵਿਚ ਨਹੀਂ ਹੈ। ਅਲਬੱਤਾ 1936 ਵਿਚ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਦੇ 'ਪੰਥਕ ਰਹਿਣੀ' ਅਧਿਆਇ ਵਿਚ ਲਫ਼ਜ਼ ਗੁਰ-ਸੰਗਤ ਦੀ ਵਿਆਖਿਆ ਕੀਤੀ ਗਈ ਹੈ,

(ਅ) ਗੁਰ ਸੰਗਤ :-ਜਿਥੇ ਥੋੜੇ ਜਿਹੇ ਸਿੱਖ ਭੀ ਹੋਣਗੇ, ਉਹ ਇਕ ਗੁਰ ਸੰਗਤ ਰਚ ਲੈਣਗੇ, ਵਧੀਕ ਜਿਤਨੇ ਹੋਣ, ਉਤਨਾ ਹੀ ਚੰਗਾ ਹੈ। ਜਿਥੇ ਘਟ ਤੋਂ ਘੱਟ ਪੰਜ ਤਿਆਰ ਬਰ ਤਿਆਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹੋਣ, ਉਹ 'ਗੁਰ ਸੰਗਤ' ਹੈ।


(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੪)

ਇਸ ਮੱਦ ਦੇ ਪਹਿਲੇ ਅੰਕ ਮੁਤਾਬਕ ਜਿਸ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋਈ ਹੈ ਉਸ ਨੂੰ ਨਿੱਜੀ ਤੌਰ 'ਤੇ ਨੇੜੇ ਦੀ ਗੁਰ-ਸੰਗਤ ਦੇ ਸਨਮੁੱਖ ਹਾਜ਼ਰ ਹੋ ਕੇ ਆਪਣੀ ਭੁੱਲ ਮੰਨਣੀ ਹੈ। ਇਸ ਤੋਂ ਸਪਸ਼ਟ ਹੈ ਕਿ ਢਿਲਿਆਈ ਕਰਨ ਵਾਲੇ ਨੇ ਖ਼ੁਦ ਹਾਜ਼ਰ ਹੋਣਾ ਹੈ। ਉਸਦਾ ਵਕੀਲ ਜਾਂ ਨੁਮਾਇੰਦਾ ਉਸ ਦੀ ਤਰਫ਼ੋਂ ਪੇਸ਼ ਨਹੀਂ ਹੋ ਸਕਦਾ। ਜਿਵੇਂ ਮਹਾਰਾਜਾ ਰਣਜੀਤ ਸਿੰਘ ਨੂੰ ਖ਼ੁਦ ਪੇਸ਼ ਹੋਣਾ ਪਿਆ ਸੀ ਅਤੇ ਅਕਾਲੀ ਫੂਲਾ ਸਿੰਘ ਜੀ ਨੇ ਕੋਰੜਿਆਂ ਦੀ ਸਜ਼ਾ ਮਹਾਰਾਜੇ ਨੂੰ ਸੁਣਾਈ ਸੀ। ਜੇ ਉਨ੍ਹਾਂ ਦਾ ਵਕੀਲ ਹੁੰਦਾ ਉਸਨੂੰ ਤਾਂ ਇਹ ਸਜ਼ਾ ਨਹੀਂ ਸੀ ਦਿੱਤੀ ਜਾ ਸਕਦੀ। ਹੁਣੇ ਪਿਛੇ ਜਹੇ ਹੀ ਜਦੋਂ ਸੌਦਾ ਸਾਧ ਦੀ ਕਥਿਤ ਚਿੱਠੀ 'ਤੇ ਹੀ ਫੈਸਲਾ ਲੈ ਲਿਆ ਗਿਆ ਸੀ। ਜੇਕਰ ਮਰਯਾਦਾ ਦੀ ਇਸ ਮੱਦ 'ਤੇ ਅਮਲ ਕੀਤਾ ਹੁੰਦਾ ਤਾਂ ਇਤਨੀ ਵੱਡੀ ਨਮੋਸ਼ੀ ਤੋਂ ਬਚਿਆ ਜਾ ਸਕਦਾ ਸੀ।

ਕੀ ਰਹਿਤ ਵਿਚ ਭੁੱਲ ਕਰਨ ਵਾਲਾ ਆਪਣੇ ਵਕੀਲ ਜਾਂ ਨੁਮਾਇੰਦੇ ਰਾਹੀਂ ਗੁਰ-ਸੰਗਤ ਦੇ ਸਨਮੁਖ ਪੇਸ਼ ਹੋ ਸਕਦਾ ਹੈ? ਇਸ ਬਾਰੇ 7 ਜਨਵਰੀ, 1945 ਨੂੰ ਧਾਰਮਿਕ ਸਲਾਹਕਾਰ ਕਮੇਟੀ ਨੇ ਮਤਾ ਨੰਬਰ 9 ਰਾਹੀਂ ਇਹ ਨਿਰਣਾ ਲਿਆ ਹੈ :

9. ਤਨਖਾਹ ਤੇ ਤਨਖਾਹੀਆ : ਇਸ ਸਬੰਧੀ ਕਿ ਕੀ ਕਿਸੇ ਸੱਜਣ ਦੀ ਗੈਰ ਹਾਜ਼ਰੀ ਵਿਚ ਉਸਦੀ ਲਿਖਤੀ ਦਰਖਾਸਤ ਵੇਖ ਕੇ ਉਸਨੂੰ ਰਹਿਤ ਦੀ ਢਿਲਿਆਈ ਸਬੰਧੀ ਤਨਖਾਹ ਲਗਾਈ ਜਾ ਸਕਦੀ ਹੈ ਜਾਂ ਨਹੀਂ, ਵਿਚਾਰ ਹੋ ਕੇ ਪਰਵਾਨ ਹੋਇਆ ਕਿ ਅਜਿਹਾ ਨਹੀਂ ਕੀਤਾ ਜਾਣਾ ਚਾਹੀਦਾ ਹੈ; ਢਿਲਿਆਈ ਕਰਨ ਵਾਲੇ ਸੱਜਣ ਦੇ ਖ਼ੁਦ ਹਾਜ਼ਰ ਹੋਣ ਤੋਂ ਹੀ ਉਸਨੂੰ ਤਨਖਾਹ ਲਗਾਈ ਜਾ ਸਕਦੀ ਹੈ।

(ਮਤਾ ਨੰਬਰ ੯, ਪੰਥਕ ਮਤੇ, ਪੰਨਾ ੩੫)




ਇਸ ਲਈ ਰਹਿਤ ਦੀ ਭੁੱਲ ਕਰਨ ਵਾਲੇ ਨੇ ਖ਼ੁਦ ਪੇਸ਼ ਹੋ ਕੇ ਤਨਖਾਹ ਲਵਾਉਣੀ ਹੈ। ਆਪਣੇ ਆਪ ਹੀ ਅਕਾਲ ਤਖਤ ਸਾਹਿਬ ਦੇ ਸਨਮੁਖ ਪੇਸ਼ ਹੋ ਕੇ, ਆਪੇ ਹੀ ਆਪਣੀ ਸਜ਼ਾ ਮਿੱਥ ਕੇ, ਆਪਣੇ ਆਪ ਨੂੰ ਬਰੀ ਕਰ ਕੇ ਇਹ ਭੁੱਲ ਦੀ ਤਲਾਫ਼ੀ ਨਹੀਂ ਹੈ।

ਦੂਸਰੇ ਅੰਕ ਮੁਤਾਬਕ ਗੁਰ-ਸੰਗਤ ਵਿਚੋਂ ਪੰਜ ਪਿਆਰੇ ਚੁਣੇ ਜਾਣੇ ਹਨ। ਜੋ ਅਵੱਗਿਆ ਨੂੰ ਵਿਚਾਹਰ ਕੇ ਦੰਡ ਗੁਰ-ਸੰਗਤ ਨੂੰ ਤਜਵੀਜ਼ ਕਰਨਗੇ।

ਤੀਸਰੇ ਅੰਕ ਮੁਤਾਬਕ ਦੰਡ ਜਾਂ ਤਨਖਾਹ ਲਗਾਉਣ ਦਾ ਅਧਿਕਾਰ ਸੰਗਤ ਨੂੰ ਹੀ ਹੈ। ਆਮ ਤੌਰ 'ਤੇ ਇਹ ਤਨਖਾਹ ਹੱਥੀਂ ਸੇਵਾ ਕਰਨ ਦੀ ਹੁੰਦੀ ਹੈ ਪਰ ਇਹ ਸੇਵਾ ਨਹੀਂ ਬਲਕਿ ਦੰਡ ਹੈ।

ਚੌਥੇ ਅੰਕ ਮੁਤਾਬਕ ਇਹ ਸਜ਼ਾ ਪੂਰੀ ਕਰ ਉਸ ਸਿੱਖ ਨੇ ਮੁੜ ਸੰਗਤ ਵਿਚ ਹਾਜ਼ਰ ਹੋਣਾ ਅਤੇ ਸੁਧਾਈ ਦੀ ਅਰਦਾਸ ਕੀਤੀ ਜਾਣੀ ਹੈ। ਇਹ ਮਰਯਾਦਾ ਪੰਥ ਦੀ ਮਹਾਨ ਪ੍ਰੰਪਰਾ ਹੈ। ਰਹਿਤ ਦੀ ਢਿਲ ਕਰਨ ਵਾਲਾ ਇਸ ਰਸਤੇ ਨੂੰ ਅਪਣਾਉਣ ਤੋਂ ਕੰਨੀ ਕਰਤਾ ਰਹੇ ਹਨ। ਲੋੜ ਹੈ ਇਸ ਮਰਯਾਦਾ ਨੂੰ ਸੁਦ੍ਰਿੜ ਕਰਨ ਦੀ।

ਜੇਕਰ ਸਿੱਖ ਰਹਿਤ ਮਰਯਾਦਾ ਦੇ ਇਸ ਅਧਿਆਇ ਨੂੰ ਲਾਗੂ ਕਰ ਦਿੱਤਾ ਜਾਏ ਤਾਂ ਇਸ ਨਾਲ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਹੋਰ ਜ਼ਰੂਰੀ ਪੰਥਕ ਮੁੱਦਿਆਂ 'ਤੇ ਵੱਧ ਧਿਆਨ ਦਿੱਤਾ ਜਾ ਸਕਦਾ ਹੈ।

**੪ ਗੁਰਮਤਾ ਕਰਨ ਦੀ ਵਿਧੀ**

(ੳ) ਗੁਰਮਤਾ ਕੇਵਲ ਉਨ੍ਹਾਂ ਸਵਾਲਾਂ 'ਤੇ ਹੀ ਹੋ ਸਕਦਾ ਹੈ, ਜੋ ਸਿੱਖ ਧਰਮ ਦੇ ਮੁਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਅਰਥਾਤ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ-ਬਹਿਤ, ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰੱਖਣ ਬਾਬਤ। ਹੋਰ ਕਿਸੇ ਕਿਸਮ ਦੇ ਸਾਧਾਰਨ (ਧਾਰਮਿਕ, ਵਿਦਿਅਕ, ਸਮਾਜਿਕ, ਪੁਲੀਟੀਕਲ) ਸਵਾਲ 'ਤੇ ਕੇਵਲ ਮਤਾ ਹੋ ਸਕਦਾ ਹੈ।


(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੨)

**(ਚਲਦਾ)**

# ਮੈਚ ਦੌਰਾਨ ਚੱਲੀਆਂ ਗੋਲੀਆਂ, ਰੋਡ ਆਈਲੈਂਡ ਦੇ ਹਾਕੀ ਸਟੇਡੀਅਮ 'ਚ 2 ਲੋਕਾਂ ਦੀ ਮੌਤ

ਅਮਰੀਕਾ ਦੇ ਰੋਡ ਆਈਲੈਂਡ ਸੂਬੇ 'ਚ ਇੱਕ ਹਾਕੀ ਮੈਚ ਦੌਰਾਨ ਸਟੇਡੀਅਮ 'ਚ ਹੋਈ ਗੋਲੀਬਾਰੀ ਵਿੱਚ 2 ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖਮੀ ਹੋ ਗਏ। ਪੁਲਸ ਨੇ ਦੱਸਿਆ ਕਿ ਸ਼ੱਕੀ ਹਮਲਾਵਰ ਵੀ ਮ੍ਰਿਤਕ ਪਾਇਆ ਗਿਆ। ਪਾਵਟਕੇਟ ਪੁਲਸ ਮੁਖੀ ਟੀਨਾ ਗੋਂਕਾਲਵੇਸ ਅਨੁਸਾਰ, ਸ਼ੱਕੀ ਦੀ ਮੌਤ ਸੰਭਾਵਤ ਤੌਰ 'ਤੇ ਆਪਣੇ ਆਪ ਨੂੰ ਗੋਲੀ ਮਾਰਨ ਕਾਰਨ ਹੋਈ ਹੈ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਘਟਨਾ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਮੰਨਿਆ ਜਾ ਰਿਹਾ ਹੈ ਕਿ ਇਹ ਪਰਿਵਾਰਕ ਝਗੜੇ ਨਾਲ ਸਬੰਧਤ ਹੈ। ਘਟਨਾ ਤੋਂ ਬਾਅਦ ਸੰਘੀ ਏਜੰਸੀਆਂ, ਰਾਜ ਅਤੇ ਸਥਾਨਕ ਪੁਲਸ ਨਾਲ ਜਵਾਬੀ ਕਾਰਵਾਈ ਕੀਤੀ। FBI ਅਤੇ Bureau of Alcohol, Tobacco, Firearms and Explosives (ATF) ਦੇ ਏਜੰਟ ਵੀ ਮੌਕੇ 'ਤੇ ਪੁੱਜੇ ਅਤੇ ਜਾਂਚ ਵਿੱਚ ਮਦਦ ਕਰ ਰਹੇ ਸਨ।

ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ, ਗੋਲੀਬਾਰੀ ਡੈਨਿਸ ਐਮ. ਲਿੰਚ ਸਟੇਡੀਅਮ ਵਿੱਚ ਹੋਈ, ਜਿੱਥੇ ਕਈ ਸਕੂਲਾਂ ਦੀਆਂ ਟੀਮਾਂ ਇੱਕ ਮੈਚ ਖੇਡ ਰਹੀਆਂ ਸਨ। ਪਾਵਟਕੇਟ ਸ਼ਹਿਰ ਬੋਸਟਨ ਤੋਂ ਲਗਭਗ 45 ਮੀਲ ਦੱਖਣ ਵਿੱਚ ਸਥਿਤ ਹੈ।






ਪਾਵਟਕੇਟ ਦੇ ਮੇਅਰ ਡੋਨਾਲਡ ਗ੍ਰੀਬੀਅਨ ਨੇ ਸੋਮਵਾਰ ਰਾਤ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਇਸ ਘਟਨਾ ਨੂੰ 'ਭਿਆਨਕ ਦੁਖਾਂਤ' ਕਿਹਾ। ਉਨ੍ਹਾਂ ਕਿਹਾ, 'ਇਹ ਇੱਕ ਖੁਸ਼ੀ ਦਾ ਮੌਕਾ ਹੋਣਾ ਚਾਹੀਦਾ ਸੀ, ਜਿੱਥੇ ਦਰਜਨਾਂ ਪਰਿਵਾਰ, ਵਿਦਿਆਰਥੀ ਅਤੇ ਸਮਰਥਕ ਬਲੈਕਸਟੋਨ ਵੈਲੀ ਸਕੂਲਜ਼ (BVS) ਸਹਿਕਾਰੀ ਹਾਕੀ ਟੀਮ ਲਈ ਸੀਨੀਅਰ ਨਾਈਟ ਮਨਾਉਣ ਲਈ ਇਕੱਠੇ ਹੋਏ ਸਨ। ਹਾਈ ਸਕੂਲ ਕੋਵੈਂਟਰੀ-ਜੌਹਨਸਟਨ ਸਹਿਕਾਰੀ ਟੀਮ ਖਿਲਾਫ ਖੇਡ ਰਿਹਾ ਸੀ, ਪਰ ਇਹ ਖੁਸ਼ੀ ਦਾ ਮੌਕਾ ਹਿੰਸਾ ਅਤੇ ਡਰ ਵਿੱਚ ਬਦਲ ਗਿਆ।' ਮੇਅਰ ਨੇ ਕਿਹਾ ਕਿ ਸ਼ਹਿਰ ਪ੍ਰਸ਼ਾਸਨ ਘਟਨਾ ਦੀ ਜਾਂਚ ਲਈ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਅਟਾਰਨੀ ਜਨਰਲ ਦੇ ਦਫਤਰ ਨਾਲ ਮਿਲ ਕੇ ਕੰਮ ਕਰ ਰਿਹਾ ਹੈ।

ਉਨ੍ਹਾਂ ਅੱਗੇ ਕਿਹਾ, 'ਪਾਵਟਕੇਟ ਇੱਕ ਮਜ਼ਬੂਤ ਅਤੇ ਲਚਕੀਲਾ ਭਾਈਚਾਰਾ ਹੈ, ਪਰ ਅੱਜ ਰਾਤ ਅਸੀਂ ਇੱਕ ਸੋਗਮਈ ਸ਼ਹਿਰ ਹਾਂ। ਅਸੀਂ ਆਉਣ ਵਾਲੇ ਮੁਸ਼ਕਲ ਦਿਨਾਂ ਵਿੱਚ ਪ੍ਰਭਾਵਿਤ ਲੋਕਾਂ ਦੇ ਨਾਲ ਖੜ੍ਹੇ ਰਹਾਂਗੇ ਅਤੇ ਪੁਸ਼ਟੀ ਕੀਤੀ ਜਾਣਕਾਰੀ ਉਪਲਬਧ ਹੁੰਦੇ ਹੀ ਜਨਤਾ ਨੂੰ ਅਪਡੇਟ ਕਰਦੇ ਰਹਾਂਗੇ।'

ਫਿਲਹਾਲ, ਪੁਲਸ ਘਟਨਾ ਦੀ ਵਿਸਥਾਰਤ ਜਾਂਚ ਕਰ ਰਹੀ ਹੈ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਗੋਲੀਬਾਰੀ ਦੇ ਪਿੱਛੇ ਸਹੀ ਕਾਰਨ ਕੀ ਸੀ ਅਤੇ ਪੀੜਤਾਂ ਅਤੇ ਸ਼ੱਕੀ ਵਿਚਕਾਰ ਕੀ ਸਬੰਧ ਸੀ।

# BASRA

## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

## AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਹਿਤ ਸਤਨਾਮ ਸਿੰਘ ਖਾਲਸਾ

# ਦੇਹਧਾਰੀ ਗੁਰੂ ਦਾ ਖੰਡਨ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਡਾ: ਕਰਤਾਰ ਸਿੰਘ ਹੋਰਾਂ ਦੇ ਜੀਵਨ ਨਾਲ ਸੰਬੰਧਿਤ ਇੱਕ ਹੋਰ ਘਟਨਾ ਦਾ ਹਵਾਲਾ ਦੇਣਾ ਵੀ ਜ਼ਰੂਰੀ ਹੈ, ਜੋ ਡਾਕਟਰ ਸਾਹਿਬ ਦੇ ਜੀਵਨ ਨੂੰ ਹੋਰ ਉਚੇਰਾ ਅਤੇ ਗੁਰਬਾਣੀ ਦਾ ਦ੍ਰਿੜ੍ਹ ਧਾਰਨੀ ਬਣਾ ਗਈ। ਬਾਬਾ ਜੀ ਦੀ ਸੰਗਤ ਅਤੇ ਪ੍ਰੇਰਨਾ ਸਦਕਾ ਡਾਕਟਰ ਹੋਰੀਂ ਆਪ ਤਾਂ 'ਬਾਣੀ ਗੁਰੂ ਗੁਰੂ ਹੈ ਬਾਣੀ' ਦੇ ਦ੍ਰਿੜ੍ਹ ਧਾਰਨੀ ਬਣ ਚੁੱਕੇ ਸਨ, ਪਰ ਇਹਨਾਂ ਦੇ ਪਿਤਾ ਜੀ ਅਤੇ ਬਾਕੀ ਪਰਿਵਾਰ ਰਾਵਲਪਿੰਡੀ ਦੇ ਨਿਰੰਕਾਰੀ ਦਰਬਾਰ ਦੇ ਦੇਹਧਾਰੀ੧ ਗੁਰੂ ਉੱਪਰ ਸ਼ਰਧਾ ਰੱਖਦੇ ਸਨ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਗਦੇਲਾ ਲਾ ਕੇ ਆਪਣੇ ਆਪ ਨੂੰ ਗੁਰੂ ਜਣਾ ਕੇ ਮੱਥਾ ਟਿਕਵਾਉਂਦੇ ਸਨ। ਉਪਦੇਸ਼ ਤਾਂ ਗੁਰਬਾਣੀ ਵਿੱਚੋਂ ਹੀ ਦਿਆ ਕਰਦੇ ਪਰ ਨਾਲ ਹੀ ਉਹਨਾਂ ਦਾ ਦਾਅਵਾ ਸੀ ਕਿ ਗੁਰਬਾਣੀ ਦੀ ਸੋਝੀ ਵੀ ਦੇਹਧਾਰੀ ਰਾਹੀਂ ਹੀ ਹੋ ਸਕਦੀ ਹੈ। ਬਿਨਾਂ ਦੇਹਧਾਰੀ ਗੁਰੂ ਦੀ ਸ਼ਰਨ ਲੈਣ ਤੋਂ ਕੇਵਲ ਗੁਰਬਾਣੀ ਰਾਹੀਂ ਆਤਮਿਕ ਅਵਸਥਾਵਾਂ ਪ੍ਰਾਪਤ ਨਹੀਂ ਹੁੰਦੀਆਂ। ਜੋ ਤੁਹਾਨੂੰ ਗੁਰਬਾਣੀ ਦੀ ਸੋਝੀ ਕਰਵਾਉਂਦਾ ਹੈ ਅਤੇ ਆਤਮਿਕ ਮਾਰਗ ਦਰਸ਼ਨ ਕਰਦਾ ਹੈ, ਅਸਲੀ ਗੁਰੂ ਉਹ ਹੀ ਹੈ।

ਪਰ ਡਾਕਟਰ ਸਾਹਿਬ ਇਸ ਦੇ ਉਲਟ ਗੁਰਬਾਣੀ ਨੂੰ ਹੀ ਗੁਰੂ ਮੰਨਣ ਦੇ ਦ੍ਰਿੜ੍ਹ ਧਾਰਨੀ ਸਨ। ਡਾਕਟਰ ਸਾਹਿਬ ਹੋਰਾਂ ਦੀ ਵੱਡੀ ਭੈਣ ਬੀਬੀ ਪ੍ਰੇਮ ਕੌਰ ਜੋ ਲਾਹੌਰ ਸ਼ਹਿਰ ਵਿਖੇ ਰਹਿੰਦੇ ਸਨ; ਉਹਨਾਂ ਨੇ ਆਪਣੇ ਘਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਇਆ। ਜਿਸ ਵਿੱਚ ਜਿੱਥੇ ਸਾਰੇ ਰਿਸ਼ਤੇਦਾਰ ਅਤੇ ਸੱਜਣ ਮਿੱਤਰ ਸੱਦੇ ਗਏ ਉਥੇ ਬੀਬੀ ਪ੍ਰੇਮ ਕੌਰ ਨੇ ਉਚੇਚਾ ਬਾਬਾ ਜੀ ਨੂੰ ਪ੍ਰੇਮ ਸਹਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਸਮੇਂ ਦਰਸ਼ਨ ਦੇਣ ਲਈ ਬੇਨਤੀ ਭੇਜੀ। ਬਾਬਾ ਜੀ, ਸ: ਅਵਤਾਰ ਸਿੰਘ ਦਲੇਰ ਅਤੇ ਇਹਨਾਂ ਦੇ ਸਾਂਢੂ ਸੁਕਾਰਡਨ ਲੀਡਰ ਸ: ਸੂਰਤ ਸਿੰਘ ਅਤੇ ਇਹਨਾਂ ਦੇ ਛੋਟੇ ਭਰਾ ਵਿੰਗ ਕਮਾਂਡਰ ਸ. ਮੂਰਤ ਸਿੰਘ ਅਤੇ ਕੁੱਝ ਹੋਰ ਪ੍ਰੇਮੀਆਂ ਨਾਲ ਲਾਹੌਰ ਬੀਬੀ ਪ੍ਰੇਮ ਕੌਰ ਦੇ ਘਰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਇੱਕ ਦਿਨ ਪਹਿਲੇ ਪੁੱਜ ਗਏ। ਸ਼ਾਮ ਤੱਕ ਬਾਬਾ ਜੀ ਨਾਲ ਪ੍ਰੇਮੀ-ਜਨ ਗੁਰਬਾਣੀ-ਵੀਚਾਰਾਂ ਸਾਂਝੀਆਂ ਕਰਦੇ ਰਹੇ।

**ਗੁਰਬਾਣੀ ਹੀ ਗੁਰੂ ਹੈ**

ਸ਼ਾਮ ਨੂੰ ਡਾਕਟਰ ਸਾਹਿਬ ਕਰਤਾਰ ਸਿੰਘ ਹੋਰਾਂ ਦੇ ਪਿਤਾ ਜੀ ਰਾਵਲਪਿੰਡੀ ਤੋਂ ਬਾਬਾ ਹਰਾ ਸਿੰਘ ਜੀ, ਜਿਨ੍ਹਾਂ ਨੂੰ ਉਹ ਦੇਹਧਾਰੀ ਗੁਰੂ ਕਰਕੇ ਮੰਨਦੇ ਸਨ, ਨੂੰ ਨਾਲ ਲੈ ਕੇ ਘਰ ਪੁੱਜ ਗਏ। ਸਾਰੇ ਪਰਿਵਾਰ ਨੇ ਫੁੱਲਾਂ ਦੇ ਹਾਰ ਆਦਿਕ ਪਾ ਕੇ ਉਹਨਾਂ ਦੀ ਬੜੀ ਆਉ-ਭਗਤ ਕੀਤੀ ਅਤੇ ਇੱਕ ਸੁੰਦਰ ਕਮਰਾ ਜੋ ਉਚੇਚੇ ਤੌਰ 'ਤੇ ਤਿਆਰ ਕਰਵਾਇਆ ਸੀ, ਵਿੱਚ ਉਤਾਰਾ ਦਿੱਤਾ ਗਿਆ। ਜਲ-ਪਾਣੀ ਛਕਾਉਣ ਉਪ੍ਰੰਤ ਸਾਰੀ ਸੰਗਤ ਉਹਨਾਂ ਪਾਸ ਸੰਗਤ ਕਰਨ ਲਈ ਉਚੇਚੀ ਪੁੱਜ ਗਈ। ਡਾਕਟਰ ਸਾਹਿਬ ਅਤੇ ਇਹਨਾਂ ਦੇ ਸਾਥੀਆਂ ਨੇ 'ਗੁਰਬਾਣੀ ਗੁਰੂ ਹੈ' ਇਸ ਵਿਸ਼ੇ ਤੇ ਗੱਲ ਅਰੰਭ ਕੀਤੀ। ਇਹ ਵਿਚਾਰ ਚਰਚਾ ਵੱਧਦੀ ਵੱਧਦੀ ਬਹਿਸ ਤੱਕ ਪੁੱਜ ਗਈ। ਜਦੋਂ ਕਈ ਘੰਟਿਆਂ ਦੀ ਬਹਿਸ ਕਰਨ ਉਪ੍ਰੰਤ ਵੀ ਗੱਲ ਕਿਸੇ ਸਿਰੇ ਨਾ ਲੱਗੀ ਤਾਂ ਡਾਕਟਰ ਕਰਤਾਰ ਸਿੰਘ ਜੀ ਨੇ ਕਿਹਾ ਕਿ ਅੱਜ ਅਸੀਂ ਇਸ ਗੱਲ ਦਾ ਨਿਰਣਾ ਜ਼ਰੂਰ ਕਰਨਾ ਹੈ ਕਿ ਗੁਰਬਾਣੀ ਗੁਰੂ ਹੈ, ਜਾਂ ਦੇਹਧਾਰੀ ਗੁਰੂ ਹੋਣਾ ਚਾਹੀਦਾ ਹੈ।

ਅਨੋਖੀ ਤਜਵੀਜ਼ ਤਥਾ ਬਾਬਾ ਜੀ ਦੀ ਦ੍ਰਿੜ੍ਹਤਾ ਡਾਕਟਰ ਹੋਰਾਂ ਨੇ ਬੜੇ ਜੋਸ਼ ਵਿੱਚ ਕਿਹਾ ਕਿ ਇੰਝ ਗੱਲ ਨਹੀਂ ਮੁੱਕਣੀ ਅਸੀਂ ਪ੍ਰਤੱਖ ਦੋ-ਟੁੱਕ ਫੈਸਲਾ ਕਰਨਾ ਚਾਹੁੰਦੇ ਹਾਂ। ਮੈਂ ਤਜਵੀਜ਼ ਰੱਖਦਾ ਹਾਂ ਕਿ ਜੋ ਪੰਜ ਕਿਲੋ ਅੰਬਰੀ ਸੇਬ ਕਸ਼ਮੀਰ ਵਿੱਚੋਂ ਆਪਣੀ ਆਤਮਿਕ ਸ਼ਕਤੀ ਨਾਲ ਸਾਰੀ ਸੰਗਤ ਵਿੱਚ ਲਿਆ ਦੇਵੇ ਅਸੀਂ ਸਾਰੇ ਉਸ ਦੇ ਪੱਖ ਵਿੱਚ ਹੋ ਜਾਵਾਂਗੇ। ਇਹ ਅਨੋਖੀ ਤਜਵੀਜ਼ ਸੁਣ ਕੇ ਸਾਰੀ ਸੰਗਤ ਦੋ ਮਿੰਟ ਲਈ ਤਾਂ ਚੁੱਪ ਹੋ ਗਈ।




ਅਖ਼ੀਰ ਡਾਕਟਰ ਹੋਰਾਂ ਦੇ ਪਿਤਾ ਜੀ ਬੋਲੇ ਕਿ ਤੁਸੀਂ ਪਹਿਲੇ ਆਪਣੇ ਭਾਈ ਸਾਹਿਬ (ਭਾਵ ਬਾਬਾ ਜੀ) ਨੂੰ ਪੁੱਛ ਲਵੋ ਕਿ, ਕੀ ਉਹ ਇਹ ਸ਼ਰਤ ਮੰਨਣ ਨੂੰ ਤਿਆਰ ਹਨ ? ਇੱਧਰ ਅਸੀਂ ਵੀ ਸਲਾਹ ਕਰ ਲੈਂਦੇ ਹਾਂ।

ਡਾਕਟਰ ਸਾਹਿਬ ਅਤੇ ਬਾਬਾ ਜੀ ਦੇ ਹੋਰ ਪ੍ਰੇਮੀ ਉਥੋਂ ਉੱਠ ਕੇ ਬਾਬਾ ਜੀ ਪਾਸ ਉਹਨਾਂ ਦੇ ਨਿਵਾਸ ਵਾਲੇ ਕਮਰੇ ਵਿੱਚ ਆਏ ਅਤੇ ਸਾਰੀ ਵਾਰਤਾਲਾਪ ਵੇਰਵੇ ਸਹਿਤ ਦੱਸੀ ਅਤੇ ਡਾਕਟਰ ਕਰਤਾਰ ਸਿੰਘ ਜੀ ਨੇ ਆਪਣੇ ਵੱਲੋਂ ਰੱਖੀ ਸ਼ਰਤ ਵੀ ਦੱਸੀ ਕਿ ਜੋ ਪੰਜ ਕਿਲੋ ਅੰਬਰੀ ਸੇਬ ਸੰਗਤ ਵਿੱਚ ਬੈਠਿਆਂ ਸ਼ਕਤੀ ਰਾਹੀਂ ਮੰਗਵਾ ਦੇਵੇਗਾ ਉਸ ਦੇ ਪੱਖ ਨੂੰ ਸਹੀ ਮੰਨ ਲਿਆ ਜਾਵੇਗਾ। ਬਾਬਾ ਜੀ ਸਾਰੀ ਵਾਰਤਾ ਅਤੇ ਰੱਖੀ ਹੋਈ ਸ਼ਰਤ ਨੂੰ ਸੁਣ ਕੇ ਕੁਝ ਪਲ ਚੁੱਪ ਰਹੇ ਅਤੇ ਬੋਲੇ ਕਿ 'ਜੇ ਗੁਰੂ ਰੂਪ ਗੁਰਬਾਣੀ ਦੀ ਮਾਣ ਮਰਯਾਦਾ ਦੀ ਗੱਲ ਹੈ ਤਾਂ ਪੰਜ ਕਿਲੋ ਦੀ ਥਾਂ ਦਸ ਕਿਲੋ ਸੇਬ ਸਾਰੀ ਸੰਗਤ ਦੇ ਬੈਠਿਆਂ ਆ ਜਾਣਗੇ, ਇਹ ਕਿਹੜੀ ਕੋਈ ਵੱਡੀ ਗੱਲ ਹੈ। ਅਸੀਂ ਤਾਂ ਅਰਦਾਸ ਹੀ ਕਰਨੀ ਹੈ; ਸਤਿਗੁਰੂ ਜੀ ਜ਼ਰੂਰ ਪੂਰੀ ਕਰਨਗੇ।' ਇਹ ਦ੍ਰਿੜ੍ਹਤਾ-ਭਰੇ ਬਚਨ ਸੁਣ ਕੇ ਸਾਰੇ ਪ੍ਰੇਮੀਆਂ ਨੇ ਖ਼ੁਸ਼ੀ ਵਿੱਚ ਜੈਕਾਰਾ ਛੱਡਿਆ ਅਤੇ ਜਾ ਦੇਹਧਾਰੀ ਬਾਬਿਆਂ ਦੇ ਕਮਰੇ ਵਿੱਚ ਦਾਖ਼ਲ ਹੋਏ ਤੇ ਕਿਹਾ ਕਿ 'ਗੁਰਬਾਣੀ ਦੇ ਪੈਰੋਕਾਰ ਤਾਂ ਪੰਜ ਦੀ ਥਾਂ ਦਸ ਕਿਲੋ ਸੇਬ ਲਿਆਉਣ ਨੂੰ ਤਿਆਰ ਹਨ; ਹੁਣ ਆਪ ਜੀ ਦੱਸੋ ਕਿ ਤੁਸੀਂ ਕਿਥੇ ਖੜ੍ਹੇ ਹੋ ?'

ਇਹ ਬਚਨ ਸੁਣ ਕੇ ਉਹ ਦੇਹ ਧਾਰੀ ਗੁਰੂ ਜੀ ਸਾਫ਼ ਹੀ ਮੁੱਕਰ ਗਏ ਅਤੇ ਕਹਿਣ ਲੱਗੇ ਕਿ ਅਸੀਂ ਇਸ ਤਰ੍ਹਾਂ ਦੀਆਂ ਕਰਾਮਾਤਾਂ ਵਿੱਚ ਯਕੀਨ ਨਹੀਂ ਰੱਖਦੇ। ਤੁਸੀਂ ਸਾਨੂੰ ਘਰ ਸੱਦ ਕੇ ਸਾਡੀ ਬੇਇਜ਼ਤੀ ਕੀਤੀ ਹੈ; ਇਹ ਬਹਾਨਾ ਪਾ ਕੇ ਰਾਤੋ-ਰਾਤ ਹੀ ਆਪਣੇ ਵਤਨਾਂ ਨੂੰ ਪੱਤਰਾ-ਵਾਚ ਗਏ। ਸਵੇਰੇ ਭੋਗ ਪੈਣ ਉਪ੍ਰੰਤ ਕੇਵਲ 'ਗੁਰਬਾਣੀ ਹੀ ਗੁਰੂ ਹੈ' ਇਸ ਵਿਸ਼ੇ ਉੱਪਰ ਸੰਗਤ ਵਿੱਚ ਵੀਚਾਰਾਂ ਹੋਈਆਂ। ਕੀਰਤਨ ਉਪ੍ਰੰਤ ਬਾਬਾ ਜੀ ਨੇ ਵੀ ਮੁੱਖਵਾਕ ਦੀ ਕਥਾ ਸੰਗਤਾਂ ਨੂੰ ਗੁਰੂ ਆਸ਼ੇ ਅਨੁਸਾਰ ਸ੍ਰਵਣ ਕਰਾਈ ਅਤੇ ਵਿਸ਼ੇਸ਼ ਪ੍ਰੇਰਨਾ ਦਿੱਤੀ ਕਿ ਜਿਸਨੇ ਗੁਰਬਾਣੀ ਗੁਰੂ ਪਾਸੋਂ ਬਖ਼ਸ਼ਿਸ਼ਾਂ ਪ੍ਰਾਪਤ ਕਰਨੀਆਂ ਹਨ, ਉਸ ਨੂੰ ਗੁਰੂ ਆਸ਼ੇ ਅਨੁਸਾਰ ਗੁਰੂ ਦੀਖਿਆ ਪ੍ਰਾਪਤ ਕਰਨੀ ਪਵੇਗੀ। ਗੁਰੂ ਦੀਖਿਆ ਦੇਣ ਦਾ ਅਧਿਕਾਰ ਸਤਿਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਸੌਂਪਿਆ ਹੋਇਆ ਹੈ; ਭਾਵ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਹਰ ਗੁਰਸਿੱਖ ਲਈ ਜ਼ਰੂਰੀ ਹੈ। ਜਦੋਂ ਗੁਰਸਿੱਖ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛੱਕ ਕੇ ਮਰਯਾਦਿਕ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਜਾਂਦਾ ਹੈ ਫਿਰ ਉਸ ਸਿੱਖ ਨੂੰ ਕਿਸੇ ਦੇਹਧਾਰੀ ਗੁਰੂ ਦੀ ਲੋੜ ਨਹੀਂ ਰਹਿੰਦੀ।

ਡਾਕਟਰ ਸਾਹਿਬ ਅਤੇ ਹੋਰ ਪ੍ਰੇਮੀਆਂ ਨੇ ਪ੍ਰੋਗਰਾਮ ਉਲੀਕ ਕੇ ਅੰਮ੍ਰਿਤ ਸੰਚਾਰ ਦਾ ਦਿਨ ਨੀਯਤ ਕਰ ਲਿਆ। ਬਾਬਾ ਜੀ ਨੇ ਹੋਰ ਪੰਜ ਅੰਮ੍ਰਿਤਧਾਰੀ ਪ੍ਰੇਮੀਆਂ ਨੂੰ ਸ਼ਾਮਲ ਕਰ ਕੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਅਤੇ ਕਾਫ਼ੀ ਸੰਗਤ ਨੇ ਲਾਹੌਰ ਵਿਖੇ ਅੰਮ੍ਰਿਤਪਾਨ ਕੀਤਾ।

ਹਰ ਗੁਰਸਿੱਖ ਨੂੰ ਇਸ ਦੇਹਧਾਰੀ ਗੁਰੂ ਵਾਲੇ ਭੁਲੇਖੇ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਗੁਰਸਿੱਖ ਦਾ ਗੁਰੂ ਕੇਵਲ ਗੁਰਬਾਣੀ ਹੀ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਰਾਗ ਨਟ ਵਿੱਚ ਦਰਜ ਇਹ ਪੰਗਤੀਆਂ ਕਿਸੇ ਹੋਰ ਦੇਹਧਾਰੀ ਦੀ ਮਨੌਤ ਲਈ ਗੁੰਜ਼ਾਇਸ਼ ਨਹੀਂ ਰਹਿਣ ਦਿੰਦੀਆਂ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥** (ਨਟ ਮ: ੪, ਅੰਗ ੯੮੨)

ਤਥਾ

**ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ੧ ਮੁਕਤਿ ਜਨਾਵੈਗੋ ॥੫॥**
(ਕਾਨੜਾ ਮ: ੪, ਅੰਗ ੧੩੦੯)

ਤਥਾ

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥** (ਵਾਰ ਗਉੜੀ ਮ: ੪, ਅੰਗ ੩੦੪)

ਤਥਾ

**ਸਤਿਗੁਰ ਬਾਣੀ ਪੁਰਖੁ ਪੁਰਖੋਤਮ**
**ਬਾਣੀ ਸਿਉ ਚਿਤੁ ਲਾਵੈਗੋ ॥੨॥**
**ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ**
**ਮਨੁ ਭੀਨਾ ਨਿਜ ਘਰਿ ਆਵੈਗੋ ॥**
(ਕਾਨੜਾ ਮ: ੪, ਅੰਗ ੧੩੦੮)

ਲੋੜ ਹੈ ਗੁਰੂ ਕੀ ਬਾਣੀ ਨੂੰ ਸਤਿਗੁਰੂ ਸਰੂਪ ਜਾਣ ਕੇ ਭਰੋਸਾ ਤੇ ਸ਼ਰਧਾ ਕਰਨ ਦੀ, ਜੋ ਕਰੇਗਾ ਉਹ:

**ਜੋ ਸੁਣੇ ਕਮਾਵੈ ਸੁ ਉਤਰੈ ਪਾਰਿ ॥**
(ਆਸਾ ਮ: ੫, ਅੰਗ ੩੭੦)

(ਚਲਦਾ)

# ਅਮਰੀਕਾ 'ਚ ਪੁਲਸ ਵਲੋਂ ਮਾਰੀ ਧੀ ਦਾ ਇਨਸਾਫ਼ ਮਿਲਣ ਤੋਂ ਪਹਿਲਾਂ ਹੀ ਪਿਓ ਦਾ ਦਿਹਾਂਤ

ਅਡੋਨੀ (ਆਂਧਰਾ ਪ੍ਰਦੇਸ਼)- ਅਮਰੀਕਾ 'ਚ ਪੁਲਸ ਵਾਹਨ ਦੀ ਟੱਕਰ 'ਚ ਜਾਨ ਗੁਆਉਣ ਵਾਲੀ 23 ਸਾਲਾ ਭਾਰਤੀ ਵਿਦਿਆਰਥਣ ਜਾਨ੍ਹਵੀ ਕੰਦੁਲਾ ਦੇ ਪਰਿਵਾਰ 'ਤੇ ਉਸ ਸਮੇਂ ਦੁੱਖਾਂ ਦਾ ਪਹਾੜ ਟੁੱਟ ਪਿਆ, ਜਦੋਂ 262 ਕਰੋੜ ਰੁਪਏ (29 ਮਿਲੀਅਨ ਡਾਲਰ) ਮੁਆਵਜ਼ੇ ਦੇ ਐਲਾਨ ਤੋਂ ਸਿਰਫ਼ 2 ਦਿਨਾਂ ਪਹਿਲਾਂ ਉਸ ਦੇ ਪਿਤਾ ਦਾ ਦਿਹਾਂਤ ਹੋ ਗਿਆ।



ਜਾਨ੍ਹਵੀ ਦੀ 23 ਜਨਵਰੀ 2023 ਨੂੰ ਉਸ ਸਮੇਂ ਮੌਤ ਹੋ ਗਈ ਸੀ, ਜਦੋਂ ਉਹ ਸੜਕ ਪਾਰ ਕਰ ਰਹੀ ਸੀ ਅਤੇ ਸਿਆਟਲ ਪੁਲਸ ਦੇ ਇਕ ਤੇਜ਼ ਰਫ਼ਤਾਰ ਵਾਹਨ ਨੇ ਜਾਨ੍ਹਵੀ ਨੂੰ ਟੱਕਰ ਮਾਰ ਦਿੱਤੀ। ਪੁਲਸ ਦੀ ਗੱਡੀ 'ਚ ਬੈਠਾ ਸੰਬੰਧਤ ਅਧਿਕਾਰੀ ਐਮਰਜੈਂਸੀ ਵਾਲੀ ਜਗ੍ਹਾ ਵੱਲ ਜਾ ਰਿਹਾ ਸੀ। ਪਰਿਵਾਰ ਦੇ ਇਕ ਰਿਸ਼ਤੇਦਾਰ ਨੇ ਦੱਸਿਆ ਕਿ ਜਾਨ੍ਹਵੀ ਦੇ ਪਿਤਾ ਕੰਦੁਲਾ ਸ਼੍ਰੀਕਾਂਤ ਦਾ 10 ਫਰਵਰੀ ਨੂੰ ਕੁਰਨੂਲ ਜ਼ਿਲ੍ਹੇ 'ਚ ਦਿਲ ਦਾ ਦੌਰਾ ਪੈਣ ਨਾਲ ਦਿਹਾਂਤ ਹੋ ਗਿਆ। ਉਹ ਸੇਵਾਮੁਕਤ ਪੁਲਸ ਕਾਂਸਟੇਬਲ ਸਨ। ਰਿਸ਼ਤੇਦਾਰ ਨੇ ਸ਼ੁੱਕਰਵਾਰ ਨੂੰ ਦੱਸਿਆ, "ਸ਼੍ਰੀਕਾਂਤ ਦਾ ਅੰਤਿਮ ਸੰਸਕਾਰ ਬੁੱਧਵਾਰ ਨੂੰ ਅਡੋਨੀ 'ਚ ਕੀਤਾ ਗਿਆ। ਪਰਿਵਾਰ ਪਹਿਲਾਂ ਤੋਂ ਹੀ ਡੂੰਘੇ ਸਦਮੇ 'ਚ ਸੀ ਅਤੇ ਹੁਣ ਇਕ ਹੋਰ ਸਦਮੇ ਨਾਲ ਜੂਝ ਰਿਹਾ ਹਾਂ।" ਉਨ੍ਹਾਂ ਕਿਹਾ ਕਿ ਪਰਿਵਾਰ ਇਸ ਸਮੇਂ ਸੋਗ 'ਚ ਹੈ ਅਤੇ ਮੁਆਵਜ਼ੇ ਦੀ ਰਾਸ਼ੀ 'ਤੇ ਗੱਲ ਕਰਨਾ ਉੱਚਿਤ ਨਹੀਂ ਹੈ। ਜਾਨ੍ਹਵੀ ਸਿਆਟਲ ਸਥਿਤ ਨਾਰਥ ਈਸਟਰਨ ਯੂਨੀਵਰਸਿਟੀ ਦੇ ਕੰਪਲੈਕਸ 'ਚ ਸੂਚਨਾ ਪ੍ਰਣਾਲੀ 'ਚ ਮਾਸਟਰ ਡਿਗਰੀ ਦੀ ਪੜ੍ਹਾਈ ਕਰ ਰਹੀ ਸੀ।

# ਈਰਾਨ 'ਚ ਸ਼ਾਸਨ ਤਬਦੀਲੀ ਤੋਂ ਵਧੀਆ ਕੁਝ ਹੋ ਹੀ ਨਹੀਂ ਸਕਦਾ : ਟਰੰਪ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ ਵਿੱਚ ਸ਼ਾਸਨ ਤਬਦੀਲੀ ਤੋਂ ਵਧੀਆ ਕੁਝ ਨਹੀਂ ਹੋ ਸਕਦਾ। ਟਰੰਪ ਦੀਆਂ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ ਜਦੋਂ ਅਮਰੀਕਾ ਅਤੇ ਈਰਾਨ ਵਿਚਕਾਰ ਤਣਾਅ ਲਗਾਤਾਰ ਵਧ ਰਿਹਾ ਹੈ ਅਤੇ ਅਮਰੀਕੀ ਪ੍ਰਸ਼ਾਸਨ ਈਰਾਨ ਵਿਰੁੱਧ ਫੌਜੀ ਕਾਰਵਾਈ ਕਰਨ ਬਾਰੇ ਵਿਚਾਰ ਕਰ ਰਿਹਾ ਹੈ। ਟਰੰਪ ਨੇ ਇਹ ਟਿੱਪਣੀਆਂ ਉੱਤਰੀ ਕੈਰੋਲੀਨਾ ਦੇ ਫੋਰਟ ਬ੍ਰੈਗ ਵਿਖੇ ਫੌਜੀਆਂ ਨਾਲ ਮੁਲਾਕਾਤ ਤੋਂ ਥੋੜ੍ਹੀ ਦੇਰ ਬਾਅਦ ਕੀਤੀਆਂ ਅਤੇ ਦਿਨ ਦੇ ਸ਼ੁਰੂ ਵਿੱਚ ਉਨ੍ਹਾਂ ਨੇ ਪੁਸ਼ਟੀ ਕੀਤੀ ਕਿ ਉਹ ਈਰਾਨ ਵਿਰੁੱਧ ਸੰਭਾਵੀ ਫੌਜੀ ਕਾਰਵਾਈ ਲਈ ਪੱਛਮੀ ਏਸ਼ੀਆ ਵਿੱਚ ਦੂਜਾ ਜਹਾਜ਼ ਵਾਹਕ ਤਾਇਨਾਤ ਕਰ ਰਹੇ ਹਨ।

ਈਰਾਨ ਵਿੱਚ ਇਸਲਾਮੀ ਸ਼ਾਸਨ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿੱਚ, ਟਰੰਪ ਨੇ ਕਿਹਾ, 'ਇਸ ਤੋਂ ਵਧੀਆ ਕੁਝ ਨਹੀਂ ਹੋ ਸਕਦਾ। ਉਹ 47 ਸਾਲਾਂ ਤੋਂ ਗੱਲ ਕਰ ਰਹੇ ਹਨ।' ਟਰੰਪ



ਨੇ ਪਹਿਲਾਂ ਕਿਹਾ ਸੀ ਕਿ ਦੁਨੀਆ ਦਾ ਸਭ ਤੋਂ ਵੱਡਾ ਜਹਾਜ਼ ਵਾਹਕ, ਯੂਐੱਸਐੱਸ ਗੈਰਾਲਡ ਆਰ. ਫੋਰਡ, ਕੈਰੇਬੀਅਨ ਤੋਂ ਪੱਛਮੀ ਏਸ਼ੀਆ ਭੇਜਿਆ ਜਾ ਰਿਹਾ ਹੈ, ਜਿੱਥੇ ਅਮਰੀਕੀ ਜੰਗੀ ਜਹਾਜ਼ ਅਤੇ ਫੌਜੀ ਹਥਿਆਰ ਪਹਿਲਾਂ ਹੀ ਮੌਜੂਦ ਹਨ। ਇਹ ਤਾਇਨਾਤੀ ਟਰੰਪ ਦੇ ਇਸ਼ਾਰੇ ਤੋਂ ਕੁਝ ਦਿਨ ਬਾਅਦ ਆਈ ਹੈ ਕਿ ਈਰਾਨ ਨਾਲ ਗੱਲਬਾਤ ਦਾ ਇੱਕ ਹੋਰ ਦੌਰ ਜਲਦੀ ਹੀ ਆ ਸਕਦਾ ਹੈ, ਹਾਲਾਂਕਿ ਇਹ ਗੱਲਬਾਤ ਅਸਫਲ ਰਹੀ।

ਇਸ ਹਫ਼ਤੇ, ਤਹਿਰਾਨ ਦੇ ਇੱਕ ਉੱਚ ਸੁਰੱਖਿਆ ਅਧਿਕਾਰੀ ਨੇ ਓਮਾਨ ਅਤੇ ਕਤਰ ਦਾ ਦੌਰਾ ਕੀਤਾ ਅਤੇ ਉੱਥੇ ਅਮਰੀਕੀ ਵਿਚੋਲਿਆਂ ਨਾਲ ਗੱਲਬਾਤ ਕੀਤੀ। ਅਮਰੀਕੀ ਰਾਸ਼ਟਰਪਤੀ ਨੇ ਦੂਜੇ ਜਹਾਜ਼ ਵਾਹਕ ਬਾਰੇ ਪੱਤਰਕਾਰਾਂ ਨੂੰ ਕਿਹਾ, 'ਜੇਕਰ ਅਸੀਂ ਕਿਸੇ ਸਮਝੌਤੇ 'ਤੇ ਨਹੀਂ ਪਹੁੰਚ ਸਕਦੇ ਤਾਂ ਸਾਨੂੰ ਇਸਦੀ ਜ਼ਰੂਰਤ ਹੋਵੇਗੀ।' ਉਨ੍ਹਾਂ ਅੱਗੇ ਕਿਹਾ, 'ਇਹ ਬਹੁਤ ਜਲਦੀ ਰਵਾਨਾ ਹੋ ਜਾਵੇਗਾ।' ਅਰਬ ਦੇਸ਼ਾਂ ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਹੈ ਕਿ ਕੋਈ ਵੀ ਹਮਲਾ ਖੇਤਰੀ ਟਕਰਾਅ ਨੂੰ ਜਨਮ ਦੇ ਸਕਦਾ ਹੈ, ਖਾਸ ਕਰਕੇ ਅਜਿਹੇ ਸਮੇਂ ਵਿੱਚ ਜਦੋਂ ਪੱਛਮੀ ਏਸ਼ੀਆ ਅਜੇ ਵੀ ਗਾਜ਼ਾ ਪੱਟੀ ਵਿੱਚ ਇਜ਼ਰਾਈਲ-ਹਮਾਸ ਯੁੱਧ ਦੇ ਪ੍ਰਭਾਵਾਂ ਤੋਂ ਉਭਰ ਰਿਹਾ ਹੈ। ਈਰਾਨ ਪਿਛਲੇ ਮਹੀਨੇ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ 'ਤੇ ਕੀਤੀ ਗਈ ਕਾਰਵਾਈ ਵਿੱਚ ਮਾਰੇ ਗਏ ਹਜ਼ਾਰਾਂ ਲੋਕਾਂ ਦੀ ਯਾਦ ਵਿੱਚ 40 ਦਿਨਾਂ ਦੇ ਸੋਗ ਦੀ ਮਿਆਦ ਸ਼ੁਰੂ ਕਰ ਰਿਹਾ ਹੈ।

# ਮੁੱਖ ਮੰਤਰੀ ਡੈਨੀਅਲ ਸਮਿੱਥ ਵੱਲੋਂ ਵੱਡੇ ਘਾਟੇ ਦੀ ਚੇਤਾਵਨੀ ਪਰ ਟੈਕਸ ਵਾਧੇ ਜਾਂ ਕਟੌਤੀਆਂ ਨੂੰ ਕੀਤਾ ਰੱਦ



ਕੈਲਗਰੀ : ਅਲਬਰਟਾ ਸੂਬੇ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ ਨੇ ਆਉਣ ਵਾਲੇ ਬਜਟ ਵਿਚ 'ਮਹੱਤਵਪੂਰਨ' ਘਾਟੇ ਦੀ ਚੇਤਾਵਨੀ ਦਿੱਤੀ ਹੈ ਪਰ ਨਾਲ ਹੀ ਟੈਕਸ ਵਾਧੇ ਜਾਂ ਵੱਡੀਆਂ ਕਟੌਤੀਆਂ ਨੂੰ ਰੱਦ ਕਰ ਕੀਤਾ ਹੈ। ਸਮਿੱਥ ਨੇ ਕਿਹਾ ਹੈ ਕਿ ਸੂਬੇ ਲਈ 'ਮਹੱਤਵਪੂਰਨ' ਘਾਟੇ ਸਟੋਰ ਹਨ ਜਿਸਦਾ ਕਾਰਣ ਘੱਟ ਤੇਲ ਕੀਮਤਾਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਨਵਾਂ ਬਜਟ ਇਸ ਮਹੀਨੇ ਦੇ ਅੰਤ 'ਚ ਪੇਸ਼ ਕੀਤਾ ਜਾਣਾ ਹੈ, ਇਸ ਵਾਰ ਇਹ ਇਕ ਮੁਸ਼ਕਲਾਂ ਭਰਿਆ ਬਜਟ ਪੇਸ਼ ਹੋਣ ਜਾ ਰਿਹਾ ਹੈ। ਇਕ ਨਿਊਜ਼ ਅਦਾਰੇ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਸਨੇ ਅਲਬਰਟਾ ਵਾਸੀਆਂ ਨੂੰ ਆਰਥਿਕ ਨੁਕਸਾਨ ਤੋਂ ਬਚਾਉਣ ਲਈ ਟੈਕਸ ਵਾਧੇ ਤੇ ਸੇਵਾ ਕਟੌਤੀਆਂ ਨੂੰ ਰੱਦ ਕਰ ਦਿੱਤਾ ਹੈ। ਉਨਾਂ ਨੇ ਕਿਹਾ ਕਿ ਸੂਬੇ ਨੂੰ ਕਈ ਘਾਟੇ ਸਹਿਣ ਕਰਨੇ ਪੈਣਗੇ। ਡੈਨੀਅਲ ਸਮਿੱਥ ਨੇ ਕਿਹਾ ਕਿ ਅਸੀਂ ਅਜੇ ਵੀ ਉਨ੍ਹਾਂ ਚੀਜ਼ਾਂ ਨੂੰ ਤਰਜੀਹ ਦੇਣ ਜਾ ਰਹੇ ਹਾਂ ਜੋ ਲੋਕਾਂ ਲਈ ਮਹੱਤਵਪੂਰਨ ਹਨ। ਜਿਵੇਂ ਸਿਹਤ ਸੰਭਾਲ, ਸਿੱਖਿਆ ਅਤੇ ਸਭ ਤੋਂ ਕਮਜ਼ੋਰ ਲੋਕਾਂ ਲਈ ਸਹਾਇਤਾ ਪਰ ਅਸੀਂ ਬੁਨਿਆਦੀ ਢਾਂਚੇ ਦੇ ਵਿਸਥਾਰ ਲਈ ਇਹ ਸਭ ਸਹਿਜ ਨਾਲ ਨਹੀਂ ਕਰ ਸਕਦੇ। ਉਨ੍ਹਾਂ ਦੱਸਿਆ ਕਿ ਥੋੜ੍ਹੇ ਸਮੇਂ ਵਿਚ ਕੁੱਝ ਮਹੱਤਵਪੂਰਨ ਘਾਟੇ ਹੋਣ ਵਾਲੇ ਹਨ ਕਿਉਂਕਿ ਅਸੀਂ ਘੱਟ ਰਾਇਲਟੀ ਕੀਮਤਾਂ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਬਜਟ ਘਾਟੇ ਦੇ ਅਨੁਮਾਨ ਬਾਰੇ ਸਮਿੱਥ ਨੇ ਕਿਹਾ ਹੈ ਕਿ ਅਮਰੀਕਾ ਦੇ ਵੈਨੇਜ਼ੁਏਲਾ ਤੇ ਕਬਜੇ ਉਪਰੰਤ ਤੇਲ ਉਤਪਾਦਨ ਵਿਚ ਵਾਧਾ ਅਲਬਰਟਾ ਦੇ ਉਦਯੋਗ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਲਬਰਟਾ ਦੇ ਮੌਜੂਦਾ ਬਜਟ 'ਚ ਅਗਲੇ 2 ਸਾਲਾਂ ਲਈ 2 ਬਿਲੀਅਨ ਡਾਲਰ ਤੋਂ ਵੱਧ ਦੇ ਘਾਟੇ ਦੀ ਭਵਿੱਖਬਾਣੀ ਵੀ ਕੀਤੀ ਗਈ ਸੀ। ਇਸ ਸਮੇਂ ਵਿੱਤ ਮੰਤਰੀ ਨੈਟ ਹੌਰਨਰ ਨੇ ਇਕ ਬਿਆਨ 'ਚ ਕਿਹਾ ਕਿ ਉਹ ਬਜਟ ਪੇਸ਼ ਕਰਨ ਤੋਂ ਪਹਿਲਾਂ ਇਸ ਬਾਰੇ ਸਪੱਸ਼ਟ ਜਾਣਕਾਰੀ ਨਹੀਂ ਦੇ ਸਕਦੇ, ਪਰ ਉਨ੍ਹਾਂ ਕਿਹਾ ਕਿ ਸਖ਼ਤ ਫੈਸਲੇ ਲੈਣਾ ਸਰਕਾਰ ਦਾ ਕੰਮ ਹੈ। ਸਮਿੱਥ ਦਾ ਕਹਿਣਾ ਹੈ ਕਿ ਸਰਕਾਰ ਨੂੰ ਸੂਬੇ ਦੇ ਹੈਰੀਟੇਜ ਸੇਵਿੰਗਜ਼ ਟਰੱਸਟ ਫੰਡ ਨੂੰ 250 ਬਿਲੀਅਨ ਡਾਲਰ ਤੱਕ ਵਧਾਉਣ ਦੀ ਆਪਣੀ ਯੋਜਨਾ 'ਤੇ ਕਾਇਮ ਰਹਿਣ ਦੀ ਜ਼ਰੂਰਤ ਹੈ ਤਾਂ ਜੋ ਇਹ ਤੇਲ ਕੀਮਤਾਂ ਦੇ ਘਾਟੇ ਦੀ ਭਰਪਾਈ ਦੇ ਕੰਮ ਆ ਸਕੇ।

# 5 ਦੇਸ਼ਾਂ ਦੇ 14 ਸਾਬਕਾ ਕ੍ਰਿਕਟ ਕਪਤਾਨਾਂ ਨੇ ਪਾਕਿਸਤਾਨ ਸਰਕਾਰ ਨੂੰ ਲਿਖਿਆ ਪੱਤਰ

## ਜੇਲ੍ਹ 'ਚ ਬੰਦ ਸਾਬਕਾ ਕ੍ਰਿਕਟਰ ਤੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਇਲਾਜ ਦੀ ਕੀਤੀ ਮੰਗ



ਨਵੀਂ ਦਿੱਲੀ : 5 ਦੇਸ਼ਾਂ ਦੇ 14 ਸਾਬਕਾ ਕ੍ਰਿਕਟ ਕਪਤਾਨਾਂ ਵੱਲੋਂ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਖਰਾਬ ਸਿਹਤ ਨੂੰ ਲੈ ਕੇ ਪਾਕਿਸਤਾਨ ਸਰਕਾਰ ਨੂੰ ਇੱਕ ਪੱਤਰ ਲਿਖਿਆ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਉਨ੍ਹਾਂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੂੰ ਜੇਲ੍ਹ ਵਿੱਚ ਬੰਦ 73 ਸਾਲਾ ਇਮਰਾਨ ਦਾ ਸਹੀ ਇਲਾਜ ਕਰਵਾਉਣ ਦੀ ਅਪੀਲ ਕੀਤੀ ਹੈ।

ਇਸ ਪੱਤਰ 'ਤੇ ਸੁਨੀਲ ਗਾਵਸਕਰ, ਕਪਿਲ ਦੇਵ, ਗ੍ਰੇਗ ਚੈਪਲ, ਬੇਲਿੰਡਾ ਕਲਾਰਕ, ਮਾਈਕਲ ਐਥਰਟਨ, ਨਾਸਿਰ ਹੁਸੈਨ, ਇਆਨ ਚੈਪਲ, ਐਲਨ ਬਾਰਡਰ, ਮਾਈਕਲ ਬ੍ਰੇਅਰਲੀ, ਡੇਵਿਡ ਗਾਵਰ, ਕਿਮ ਹਿਊਜ, ਕਲਾਈਵ ਲੌਇਡ, ਸਟੀਵ ਵਾ ਅਤੇ ਜੌਨ ਰਾਈਟ ਨੇ ਦਸਤਖਤ ਕੀਤੇ ਹਨ। ਪ੍ਰਾਪਤ ਹੋਈ ਜਾਣਕਾਰੀ ਦੇ ਅਨੁਸਾਰ ਕਿਸੇ ਵੀ ਸਾਬਕਾ ਪਾਕਿਸਤਾਨੀ ਕਪਤਾਨ ਨੇ ਇਸ ਪੱਤਰ 'ਤੇ ਦਸਤਖਤ ਨਹੀਂ ਕੀਤੇ ਹਨ। ਹਾਲਾਂਕਿ ਪਿਛਲੇ ਹਫ਼ਤੇ ਵਸੀਮ ਅਕਰਮ, ਵਕਾਰ ਯੂਨਿਸ ਅਤੇ ਸ਼ਾਹਿਦ ਅਫਰੀਦੀ ਸਮੇਤ ਕਈ ਸਾਬਕਾ ਪਾਕਿਸਤਾਨੀ ਕ੍ਰਿਕਟਰਾਂ ਨੇ ਸੋਸ਼ਲ ਮੀਡੀਆ 'ਤੇ ਇਮਰਾਨ ਲਈ ਸਹੀ ਇਲਾਜ ਦੀ ਮੰਗ ਕੀਤੀ ਸੀ।

# ਅਮਰੀਕਾ ਨੂੰ ਪੰਜ ਹਜ਼ਾਰ ਟਨ ਬਾਸਮਤੀ ਸਪਲਾਈ ਕਰੇਗਾ ਭਾਰਤੀ ਚੌਲ ਨਿਰਯਾਤਕ

ਨਵੀਂ ਦਿੱਲੀ : ਇੰਡੀਅਨ ਰਾਈਸ ਐਕਸਪੋਰਟਰਜ਼ ਫੈਡਰੇਸ਼ਨ (ਆਈ.ਆਰ.ਈ.ਐੱਫ.) ਦੇ ਇਕ ਮੈਂਬਰ ਨੇ ਅਮਰੀਕਾ 'ਚ ਇਕ ਖਰੀਦਦਾਰ ਨੂੰ 5,000 ਟਨ ਬਾਸਮਤੀ ਚੌਲ ਸਪਲਾਈ ਕਰਨ ਲਈ ਵਪਾਰਕ ਸਮਝੌਤਾ ਕੀਤਾ ਹੈ।

ਫੈਡਰੇਸ਼ਨ ਨੇ ਕਿਹਾ ਕਿ ਇਹ ਇਕ ਮਹੱਤਵਪੂਰਨ ਘਟਨਾਕ੍ਰਮ ਹੈ ਕਿਉਂਕਿ ਇਹ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਅੰਤਮ ਰੂਪ ਦੇਣ ਤੋਂ ਬਾਅਦ ਆਇਆ ਹੈ, ਜਿਸ ਦੇ ਤਹਿਤ ਅਮਰੀਕਾ ਭਾਰਤੀ ਚੀਜ਼ਾਂ ਉਤੇ ਆਪਸੀ ਟੈਰਿਫ ਮੌਜੂਦਾ 25 ਫੀ ਸਦੀ ਤੋਂ ਘਟਾ ਕੇ 18 ਫੀ ਸਦੀ ਕਰਨ ਲਈ ਸਹਿਮਤ ਹੋਇਆ ਹੈ। ਆਈ.ਆਰ.ਈ.ਐਫ ਨੇ ਕਿਹਾ ਕਿ ਉਸ ਨੇ ਅਪਣੇ ਸਾਰੇ ਮੈਂਬਰਾਂ ਨੂੰ ਅਪਣੀਆਂ ਨਿਰਯਾਤ ਗਤੀਵਿਧੀਆਂ ਵਿਚ ਗੁਣਵੱਤਾ ਦੇ ਮਿਆਰਾਂ ਨੂੰ ਬਣਾਈ ਰੱਖਣ ਲਈ ਉਤਸ਼ਾਹਤ ਕੀਤਾ ਹੈ।

# ਅਫ਼ਰੀਕੀ ਦੇਸ਼ ਘਾਨਾ 'ਚ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ

## ਅੱਕਰਾ ਸ਼ਹਿਰ ਵਿੱਚ 'ਸਾਹਿਬ ਦਾ ਗੁਰਦੁਆਰਾ' ਨਾਮ ਦਿੱਤਾ ਗਿਆ



ਅੱਕਰਾ (ਘਾਨਾ) : ਅਫ਼ਰੀਕੀ ਦੇਸ਼ ਘਾਨਾ ਵਿੱਚ ਪਹਿਲਾ ਗੁਰਦੁਆਰਾ ਸਥਾਪਿਤ ਕੀਤਾ ਗਿਆ ਹੈ, ਜੋ ਸੱਭਿਆਚਾਰਕ ਏਕਤਾ ਦਾ ਪ੍ਰਤੀਕ ਬਣਿਆ ਹੈ। ਇਸ ਨੂੰ 'ਸਾਹਿਬ ਦਾ ਗੁਰਦੁਆਰਾ' ਨਾਮ ਦਿੱਤਾ ਗਿਆ ਹੈ ਅਤੇ 8 ਫਰਵਰੀ ਨੂੰ ਈਸਟ ਲੇਗਨ ਖੇਤਰ ਵਿੱਚ ਇਸ ਦਾ ਉਦਘਾਟਨ ਕੀਤਾ ਗਿਆ।

ਗੁਰਦੁਆਰਾ ਸਿਰਫ਼ ਇਬਾਦਤ ਦਾ ਸਥਾਨ ਨਹੀਂ, ਸਗੋਂ ਆਤਮਕ ਸਿੱਖਿਆ, ਸਮਾਜਿਕ ਸੇਵਾ ਅਤੇ ਨਿੱਜੀ ਵਿਕਾਸ ਦਾ ਕੇਂਦਰ ਵੀ ਹੋਵੇਗਾ। ਸਿੱਖ ਧਰਮ ਦੀ ਕੇਂਦਰੀ ਪਰੰਪਰਾ ਲੰਗਰ, ਜਿੱਥੇ ਹਰ ਧਰਮ ਅਤੇ ਜਾਤ ਜਾਂ ਦਰਜੇ ਤੋਂ ਉਪਰ ਉਠ ਕੇ ਮੁਫ਼ਤ ਭੋਜਨ ਮਿਲਦਾ ਹੈ, ਇੱਥੇ ਵੀ ਜਾਰੀ ਰਹੇਗੀ।

ਉਦਘਾਟਨ ਸਮਾਰੋਹ ਵਿੱਚ ਅਮਰਦੀਪ ਸਿੰਘ ਹਰੀ, ਜੋ IPMC ਦੇ ਚੇਅਰਮੈਨ ਹਨ, ਨੇ ਗੁਰੂ ਨਾਨਕ ਦੇਵ ਜੀ ਵੱਲੋਂ 15ਵੀਂ ਸਦੀ ਵਿੱਚ ਸਿੱਖ ਧਰਮ ਦੀ ਸਥਾਪਨਾ ਬਾਰੇ ਗੱਲ ਕੀਤੀ। ਉਨ੍ਹਾਂ ਨੇ ਕਿਹਾ ਕਿ ਸਿੱਖ ਧਰਮ ਇੱਕ ਪਰਮਾਤਮਾ ਅਤੇ ਸਭ ਮਨੁੱਖਾਂ ਦੀ ਸਮਾਨਤਾ ਦੇ ਸਿਧਾਂਤ 'ਤੇ ਅਧਾਰਿਤ ਹੈ। ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਦੁਨੀਆ ਭਰ ਦੇ ਗੁਰਦੁਆਰੇ ਸਿੱਖਾਂ ਅਤੇ ਗੈਰ-ਸਿੱਖਾਂ ਦੋਵਾਂ ਲਈ ਖੁੱਲ੍ਹੇ ਹਨ ਅਤੇ ਮਨੁੱਖਤਾ ਦੀ ਸੇਵਾ ਦੇ ਕੇਂਦਰ ਵਜੋਂ ਕੰਮ ਕਰਦੇ ਹਨ।

ਭਾਰਤੀ ਭਾਈਚਾਰੇ ਦੀ ਘਾਨਾ ਵਿੱਚ ਮੌਜੂਦਗੀ 1900 ਦੇ ਸ਼ੁਰੂਆਤੀ ਦਹਾਕਿਆਂ ਤੋਂ ਹੈ, ਜਦੋਂ ਸਿੰਧੀ ਵਪਾਰੀ ਇੱਥੇ ਆ ਕੇ ਵਪਾਰ ਅਤੇ ਉਦਯੋਗ ਖੇਤਰ ਵਿੱਚ ਆਪਣੀ ਪਛਾਣ ਬਣਾਉਣ ਲੱਗੇ। ਬਾਅਦ ਵਿੱਚ ਪੰਜਾਬੀ ਸਿੱਖ ਪ੍ਰੋਫੈਸਰਾਂ ਨੇ ਯੂਨੀਵਰਸਿਟੀ ਆਫ ਘਾਨਾ ਵਿੱਚ ਅਕਾਦਮਿਕ ਅਹੁਦੇ ਸੰਭਾਲੇ। ਸਮੇਂ ਦੇ ਨਾਲ, ਭਾਰਤੀ ਭਾਈਚਾਰਾ ਸਟੀਲ, ਫਾਰਮਾਸਿਊਟਿਕਲ ਅਤੇ ਆਈ.ਟੀ. ਵਰਗੇ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਆ ਰਿਹਾ ਹੈ। ਅੱਜ ਘਾਨਾ ਵਿੱਚ ਭਾਰਤ ਦੇ 28 ਰਾਜਾਂ ਤੋਂ ਆਏ ਲੋਕ ਵੱਖ-ਵੱਖ ਖੇਤਰਾਂ ਵਿੱਚ ਸਰਗਰਮ ਹਨ। ਨਵਾਂ ਗੁਰਦੁਆਰਾ ਇਸ ਏਕਤਾ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਸਿੱਖ ਧਰਮ ਦੇ ਸੁਨੇਹੇ, ਸਮਾਨਤਾ, ਸੇਵਾ ਅਤੇ ਮਨੁੱਖਤਾ ਨੂੰ ਅੱਗੇ ਵਧਾਏਗਾ।

# ਭਾਰਤ-ਬਰਤਾਨੀਆ ਮੁਕਤ ਵਪਾਰ ਸਮਝੌਤਾ ਅਪ੍ਰੈਲ 'ਚ ਲਾਗੂ ਹੋਣ ਦੀ ਸੰਭਾਵਨਾ



ਨਵੀਂ ਦਿੱਲੀ : ਪਿਛਲੇ ਸਾਲ ਜੁਲਾਈ 'ਚ ਦਸਤਖਤ ਕੀਤੇ ਗਏ ਭਾਰਤ-ਬਰਤਾਨੀਆਂ ਮੁਕਤ ਵਪਾਰ ਸਮਝੌਤੇ ਦੇ ਅਪ੍ਰੈਲ 2026 'ਚ ਲਾਗੂ ਹੋਣ ਦੀ ਸੰਭਾਵਨਾ ਹੈ ਭਾਰਤ ਅਤੇ ਬਰਤਾਨੀਆਂ ਨੇ 24 ਜੁਲਾਈ 2025 ਨੂੰ ਵਿਆਪਕ ਆਰਥਕ ਅਤੇ ਵਪਾਰ ਸਮਝੌਤੇ (ਸੀ.ਈ.ਟੀ.ਏ.) ਉਤੇ ਦਸਤਖਤ ਕੀਤੇ ਸਨ, ਜਿਸ ਦੇ ਤਹਿਤ 99 ਫ਼ੀ ਸਦੀ ਭਾਰਤੀ ਨਿਰਯਾਤ ਸਿਫ਼ਰ ਡਿਊਟੀ ਉਤੇ ਬਰਤਾਨਵੀ ਬਾਜ਼ਾਰ ਵਿਚ ਦਾਖਲ ਹੋਵੇਗਾ, ਜਦਕਿ ਭਾਰਤ ਵਿਚ ਕਾਰਾਂ ਅਤੇ ਵਿਸਕੀ ਵਰਗੇ ਬ੍ਰਿਟਿਸ਼ ਉਤਪਾਦਾਂ ਉਤੇ ਟੈਰਿਫ ਘਟਾਇਆ ਜਾਵੇਗਾ। ਸਰਕਾਰੀ ਅਧਿਕਾਰੀ ਨੇ ਕਿਹਾ, "ਅਸੀਂ ਉਮੀਦ ਕਰ ਰਹੇ ਹਾਂ ਕਿ ਇਹ ਸਮਝੌਤਾ ਇਸ ਸਾਲ ਅਪ੍ਰੈਲ ਤੋਂ ਲਾਗੂ ਹੋ ਜਾਵੇਗਾ।" ਦੋਹਾਂ ਦੇਸ਼ਾਂ ਨੇ ਡਬਲ ਕੰਟਰੀਬਿਊਸ਼ਨ ਕਨਵੈਨਸ਼ਨ (ਡੀ.ਸੀ.ਸੀ.) ਸਮਝੌਤੇ ਉਤੇ ਵੀ ਦਸਤਖਤ ਕੀਤੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸਥਾਈ ਕਾਮਿਆਂ ਨੂੰ ਕਿਸੇ ਵੀ ਦੇਸ਼ ਵਿਚ ਸਮਾਜਕ ਲੇਵੀ ਦੀ ਨਕਲ ਨਹੀਂ ਕਰਨੀ ਪਵੇਗੀ।

ਅਧਿਕਾਰੀ ਨੇ ਕਿਹਾ ਕਿ ਦੋਵੇਂ ਸਮਝੌਤਿਆਂ ਨੂੰ ਸਮਾਨਾਂਤਰ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ। ਸਮਝੌਤੇ ਨੂੰ ਲਾਗੂ ਕਰਨ ਤੋਂ ਪਹਿਲਾਂ ਬਰਤਾਨੀਆਂ ਦੀ ਸੰਸਦ ਦੀ ਮਨਜ਼ੂਰੀ ਦੀ ਲੋੜ ਹੈ। ਭਾਰਤ 'ਚ, ਕੇਂਦਰੀ ਕੈਬਨਿਟ ਅਜਿਹੇ ਸਮਝੌਤਿਆਂ ਨੂੰ ਮਨਜ਼ੂਰੀ ਦਿੰਦੀ ਹੈ। ਬ੍ਰਿਟਿਸ਼ ਸੰਸਦ ਵਲੋਂ ਇਸ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ, ਇਸ ਨੂੰ ਆਪਸੀ ਸਹਿਮਤੀ ਵਾਲੀ ਮਿਤੀ ਉਤੇ ਲਾਗੂ ਕੀਤਾ ਜਾਵੇਗਾ।

ਬਰਤਾਨੀਆਂ ਦੇ ਹਾਊਸ ਆਫ ਕਾਮਨਜ਼ 'ਚ ਇਸ ਹਫਤੇ ਦੇ ਸ਼ੁਰੂ 'ਚ ਭਾਰਤ-ਬਰਤਾਨੀਆਂ ਸੀ.ਈ.ਟੀ.ਏ. ਉਤੇ ਬਹਿਸ ਹੋਈ ਸੀ। ਕਾਰੋਬਾਰ ਅਤੇ ਵਪਾਰ ਵਿਭਾਗ ਦੇ ਰਾਜ ਮੰਤਰੀ ਕ੍ਰਿਸ ਬ੍ਰਾਇੰਟ ਨੇ ਲੇਬਰ ਸਰਕਾਰ ਦੀ ਤਰਫੋਂ ਇਸ ਗੱਲ ਉਤੇ ਜ਼ੋਰ ਦਿਤਾ ਕਿ ਸੀ.ਈ.ਟੀ.ਏ. ਇਕ ਮਹੱਤਵਪੂਰਣ ਪ੍ਰਾਪਤੀ ਸੀ, ਜੋ "ਯੂ.ਕੇ. ਦੇ ਕਾਰੋਬਾਰਾਂ ਲਈ ਦਰਵਾਜ਼ੇ ਖੋਲ੍ਹਣ ਵਿਚ ਭਾਰਤ ਦੀ ਮਿਸਾਲ ਤੋਂ ਬਹੁਤ ਅੱਗੇ ਹੈ।"

ਬ੍ਰਿਟਿਸ਼ ਸੰਸਦ ਸਮਝੌਤੇ ਦੀ ਪੁਸ਼ਟੀ ਕਰ ਰਹੀ ਹੈ, ਜਿਸ ਵਿਚ ਦੋਹਾਂ ਸਦਨਾਂ (ਹਾਊਸ ਆਫ ਕਾਮਨਜ਼ ਅਤੇ ਹਾਊਸ ਆਫ ਲਾਰਡਜ਼) ਵਿਚ ਬਹਿਸ ਅਤੇ ਸਮਝੌਤੇ ਦੇ ਸਾਰੇ ਪਹਿਲੂਆਂ ਉਤੇ ਸਬੰਧਤ ਕਮੇਟੀਆਂ ਵਲੋਂ ਸਮੀਖਿਆ ਸ਼ਾਮਲ ਹੈ, ਇਸ ਤੋਂ ਪਹਿਲਾਂ ਕਿ ਇਸ ਨੂੰ ਆਉਣ ਵਾਲੇ ਮਹੀਨਿਆਂ ਵਿਚ ਲਾਗੂ ਕੀਤਾ ਜਾ ਸਕੇ।

ਸੀ.ਈ.ਟੀ.ਏ. ਦਾ ਉਦੇਸ਼ 2030 ਤਕ ਦੁਨੀਆਂ ਦੀ ਪੰਜਵੀਂ ਅਤੇ ਛੇਵੀਂ ਸੱਭ ਤੋਂ ਵੱਡੀ ਆਰਥਕਤਾ ਵਿਚਕਾਰ 56 ਅਰਬ ਡਾਲਰ ਦੇ ਵਪਾਰ ਨੂੰ ਦੁੱਗਣਾ ਕਰਨਾ ਹੈ। ਜਦਕਿ ਭਾਰਤ ਨੇ ਚਾਕਲੇਟ, ਬਿਸਕੁਟ ਅਤੇ ਕਾਸਮੈਟਿਕਸ ਸਮੇਤ ਵੱਖ-ਵੱਖ ਖਪਤਕਾਰਾਂ ਦੀਆਂ ਵਸਤੂਆਂ ਲਈ ਅਪਣਾ ਬਜ਼ਾਰ ਖੋਲ੍ਹ ਦਿਤਾ ਹੈ, ਇਹ ਕਪੜੇ, ਜੁੱਤੇ, ਰਤਨ ਅਤੇ ਗਹਿਣੇ, ਖੇਡਾਂ ਦੇ ਸਮਾਨ ਅਤੇ ਖਿਡੌਣਿਆਂ ਵਰਗੇ ਨਿਰਯਾਤ ਉਤਪਾਦਾਂ ਤਕ ਵਧੇਰੇ ਪਹੁੰਚ ਪ੍ਰਾਪਤ ਕਰੇਗਾ।

ਸਮਝੌਤੇ ਤਹਿਤ, ਜਿਸ ਨੂੰ ਸੀ.ਈ.ਟੀ.ਏ. ਕਿਹਾ ਗਿਆ ਹੈ, ਸਕਾਚ ਵਿਸਕੀ ਉਤੇ ਟੈਰਿਫ ਤੁਰਤ 150 ਫ਼ੀ ਸਦੀ ਤੋਂ ਘਟਾ ਕੇ 75 ਫ਼ੀ ਸਦੀ ਕਰ ਦਿਤਾ ਜਾਵੇਗਾ, ਅਤੇ 2035 ਤਕ 40 ਫ਼ੀ ਸਦੀ ਕਰ ਦਿਤਾ ਜਾਵੇਗਾ। ਵਾਹਨ ਉਤੇ ਭਾਰਤ ਆਟੋਮੋਬਾਈਲਜ਼ ਉਤੇ ਆਯਾਤ ਡਿਊਟੀ ਨੂੰ ਮੌਜੂਦਾ ਦਰ 110 ਫੀ ਸਦੀ ਤੋਂ ਘਟਾ ਕੇ ਪੰਜ ਸਾਲਾਂ 'ਚ 10 ਫੀ ਸਦੀ ਕਰ ਦੇਵੇਗਾ। ਬਦਲੇ 'ਚ, ਭਾਰਤੀ ਨਿਰਮਾਤਾ ਕੋਟਾ ਫਰੇਮਵਰਕ ਦੇ ਅੰਦਰ ਇਲੈਕਟ੍ਰਿਕ ਅਤੇ ਹਾਈਬ੍ਰਿਡ ਗੱਡੀਆਂ ਲਈ ਯੂ.ਕੇ. ਦੇ ਬਾਜ਼ਾਰ ਵਿਚ ਪਹੁੰਚ ਪ੍ਰਾਪਤ ਕਰਨਗੇ।

# ਤਾਰਿਕ ਰਹਿਮਾਨ ਬਣੇ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ

## ਤਾਰਿਕ ਰਹਿਮਾਨ ਸਾਬਕਾ ਪ੍ਰਧਾਨ ਮੰਤਰੀ ਖਾਲੇਦਾ ਜ਼ਿਆ ਦੇ ਪੁੱਤਰ ਹਨ



ਢਾਕਾ : ਬੰਗਲਾਦੇਸ਼ ਨੇ ਲੰਮੇ ਸਿਆਸੀ ਅਸਥਿਰਤਾ ਦੇ ਦੌਰ ਤੋਂ ਬਾਅਦ ਨਵੀਂ ਸ਼ੁਰੂਆਤ ਕੀਤੀ ਹੈ। ਬੀ.ਐਨ.ਪੀ. ਦੇ ਨੇਤਾ ਤਾਰੀਕ ਰਹਿਮਾਨ ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਵਜੋਂ ਹਲਫ਼ ਲਿਆ। ਰਾਸ਼ਟਰਪਤੀ ਮੁਹੰਮਦ ਸ਼ਹਾਬੁੱਦੀਨ ਨੇ ਜਾਤੀਆ ਸੰਸਦ ਦੇ ਦਖਣੀ ਪਲਾਜ਼ਾ ਵਿਚ ਰਹਮਾਨ ਨੂੰ ਅਹੁਦੇ ਦੀ ਸਹੁੰ ਚੁਕਾਈ ਜਿਸ ਨਾਲ 18 ਮਹੀਨਿਆਂ ਦੀ ਸਿਆਸੀ ਅਨਿਸ਼ਚਿਤਤਾ ਅਤੇ ਨੋਬੇਲ ਪੁਰਸਕਾਰ ਜੇਤੂ ਮੁਹੰਮਤ ਯੁਨੁਸ ਦੀ ਕਮਜ਼ੋਰ ਨਿਆਂ ਵਿਵਸਥਾ ਵਾਲੀ ਅੰਤਰਿਮ ਸਰਕਾਰ ਦਾ ਅੰਤ ਹੋ ਗਿਆ।

60 ਸਾਲ ਦੇ ਰਹਿਮਾਨ, ਜੋ ਸਾਬਕਾ ਰਾਸ਼ਟਰਪਤੀ ਜ਼ਿਆਉਰ ਰਹਿਮਾਨ ਅਤੇ ਸਾਬਕਾ ਪ੍ਰਧਾਨ ਮੰਤਰੀ ਖਾਲੇਦਾ ਜ਼ਿਆ ਦੇ ਪੁੱਤਰ ਹਨ, 17 ਸਾਲਾਂ ਦੀ ਲੰਡਨ ਵਿਚ ਜ਼ਲਾਵਤਨ ਜ਼ਿੰਦਗੀ ਤੋਂ ਬਾਅਦ ਦਸੰਬਰ ਵਿਚ ਵਾਪਸ ਦੇਸ਼ ਆਏ ਸਨ। ਇਹ ਪਹਿਲੀ ਵਾਰ ਹੈ ਕਿ ਉਹ ਪ੍ਰਧਾਨ ਮੰਤਰੀ ਬਣੇ ਹਨ। ਸਹੁੰ ਚੁਕ ਸਮਾਰੋਹ ਵਿਚ ਭਾਰਤ ਦੇ ਲੋਕ ਸਭਾ ਸਪੀਕਰ ਓਮ ਬਿਰਲਾ ਅਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਭਾਗ ਲਿਆ। ਸਹੁੰ ਚੁਕਦਿਆਂ ਰਹਮਾਨ ਨੇ ਕਿਹਾ, "ਮੈਂ ਕਾਨੂੰਨ ਅਨੁਸਾਰ ਪ੍ਰਧਾਨ ਮੰਤਰੀ ਦੇ ਦਫ਼ਤਰ ਦੀਆਂ ਜ਼ਿੰਮੇਵਾਰੀਆਂ ਨਿਭਾਵਾਂਗਾ।" ਬੀ.ਐਨ.ਪੀ. ਨੇ ਹਾਲੀਆ ਚੋਣਾਂ ਵਿਚ 209 ਸੀਟਾਂ ਜਿੱਤੀਆਂ, ਜਦਕਿ ਜਮਾਤ-ਏ-ਇਸਲਾਮੀ 68 ਸੀਟਾਂ ਨਾਲ ਮੁੱਖ ਵਿਰੋਧੀ ਪਾਰਟੀ ਵਜੋਂ ਉਭਰੀ। ਆਵਾਮੀ ਲੀਗ ਨੂੰ ਚੋਣਾਂ ਲੜਨ ਤੋਂ ਰੋਕ ਦਿਤਾ ਗਿਆ ਸੀ।

ਰਹਿਮਾਨ ਨਾਲ 25 ਮੰਤਰੀਆਂ ਅਤੇ 24 ਰਾਜ ਮੰਤਰੀਆਂ ਨੇ ਵੀ ਸਹੁੰ ਚੁਕੀ। ਨਵੀਂ ਕੈਬਨਿਟ 'ਚ ਦੋ ਘੱਟਗਿਣਤੀ ਭਾਈਚਾਰੇ ਦੇ ਮੈਂਬਰ ਵੀ ਹਨ। ਇਕ ਮੰਤਰੀ ਹਿੰਦੂ ਧਰਮ ਨਾਲ ਸਬੰਧਤ ਨਿਤਿਨ ਰਾਏ ਚੌਧਰੀ ਅਤੇ ਦੂਜੇ ਬੁੱਧ ਧਰਮ ਨਾਲ ਸਬੰਧਤ ਦੀਪੇਨ ਦੀਵਾਨ ਹਨ।

ਸਹੁੰ ਚੁਕਣ ਤੋਂ ਬਾਅਦ ਰਹਿਮਾਨ ਨੇ ਕੌਮੀ ਏਕਤਾ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ, "ਸਾਡੇ ਵਿਚਾਰ ਵੱਖਰੇ ਹੋ ਸਕਦੇ ਹਨ, ਪਰ ਦੇਸ਼ ਦੇ ਹਿੱਤ ਵਿਚ ਸਾਨੂੰ ਇਕੱਠੇ ਰਹਿਣਾ ਚਾਹੀਦਾ ਹੈ। ਏਕਤਾ ਸਾਡੀ ਤਾਕਤ ਹੈ, ਵੰਡ ਸਾਡੀ ਕਮਜ਼ੋਰੀ।" ਨਵੀਂ ਸਰਕਾਰ ਸਾਹਮਣੇ ਸੱਭ ਤੋਂ ਵੱਡੀਆਂ ਚੁਨੌਤੀ ਆਂ ਆਰਥਕ ਤਾ ਨੂੰ ਸੰਭਾਲਣਾ ਅਤੇ ਸੁਸ਼ਾਸਨ ਯਕੀਨੀ ਬਣਾਉਣਾ ਹਨ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਨਕਲ ਗੁਰਮਤਾ ਨੰ. 2 ਜਨਰਲ ਇਕੱਤਰਤਾ ਸਰਬ-ਹਿੰਦ ਸਿੱਖ ਮਿਸ਼ਨ ਮਿਤੀ 18-4-37 ਸ੍ਰ. ਸਾਹਿਬ ਸਰਦਾਰ ਖ਼ਜ਼ਾਨ ਸਿੰਘ ਜੀ ਵਲੋਂ ਕੀਤੇ ਗਏ ਮੁਕੱਦਮੇ ਦੇ ਸਬੰਧ ਵਿਚ ਬੇਤਹਾਸ਼ਾ ਪੁਲਿਸੀ ਛਾਪਿਆ ਨੂੰ ਮੁੱਖ ਰੱਖ ਕੇ ਪ੍ਰਵਾਨ ਹੋਇਆ :

ਇਸ ਮੁਕੱਦਮੇ ਦੇ ਸਬੰਧ ਵਿਚ ਪੁਲਿਸ ਨੇ ਕਈ ਵੇਰ ਸਰਬ-ਹਿੰਦ ਸਿੱਖ ਮਿਸ਼ਨ ਦੀਆਂ ਤਲਾਸ਼ੀਆਂ ਲਈਆਂ ਹਨ। ਦਫ਼ਤਰ ਵਲੋਂ ਪੁਲਿਸ ਨੂੰ ਕਾਗਜ਼ ਪੱਤਰ ਬਹੱਮ ਪਹੁੰਚਾਉਣ ਵਿਚ ਪੂਰੀ ਪੂਰੀ ਮਿਲਵਰਤਨ ਕੀਤੀ ਜਾਂਦੀ ਰਹੀ ਹੈ ਤਾਂ ਕਿ ਪੁਲਿਸ ਛੇਤੀ ਹੀ ਕਿਸੇ ਸਿੱਟੇ 'ਤੇ ਪੁੱਜ ਜਾਵੇ, ਪਰ ਪੁਲਿਸ ਦਾ ਰਵੱਈਆ ਸ਼ੁਰੂ ਤੋਂ ਹੀ ਚੰਗਾ ਨਹੀਂ ਰਿਹਾ। ਕਈ ਇਕ ਐਸੇ ਕਾਗਜ਼ਾਤ ਜਿਨ੍ਹਾਂ ਦਾ ਮੁਕੱਦਮੇ ਨਾਲ ਕੋਈ ਸਬੰਧ ਨਹੀਂ ਪੁਲਿਸ ਨੇ ਬੇਵਜ੍ਹਾ ਕਾਬੂ ਕੀਤੇ ਹੋਏ ਹਨ। ਖਾਸ ਕਰ ਬੰਬਈ ਖ਼ਾਲਸਾ ਕਾਲਜ ਵਿਚ ਨੀਯਤ ਕੀਤੀ ਗਏ ਪ੍ਰੋਫੈਸਰਾਂ ਦੇ ਪ੍ਰਵਾਨਗੀ ਪੱਤਰ ਪੁਲਿਸ ਦੇ ਲੈ ਜਾਣ ਕਰਕੇ ਕਾਲਜ ਦੀ ਮਨਜ਼ੂਰੀ ਵਿਚ ਭਾਰੀ ਰੁਕਾਵਟ ਪੈ ਜਾਣ ਦਾ ਖਤਰਾ ਪੈ ਗਿਆ ਸੀ। ਸਾਰੇ ਹਾਲਾਤ ਦੀ ਇਸ ਮੌਜੂਦਗੀ ਵਿਚ ਸਰਬ-ਹਿੰਦ ਸਿੱਖ ਮਿਸ਼ਨ ਦੀ ਹਿਹ ਜਨਰਲ ਇਕੱਤਰਤਾ ਇਸ ਰਾਏ 'ਤੇ ਪੁੱਜੀ ਹੈ ਕਿ ਪੁਲਿਸ ਦਾ ਇਹ ਰਵੱਈਆ ਨਾਜਾਇਜ਼ ਤੇ ਮਿਸ਼ਨ ਦੇ ਕੰਮ ਨੂੰ ਬੰਦ ਕਰਨ ਦਾ ਕਾਰਨ ਬਣ ਰਿਹਾ ਹੈ। ਇਸ ਵਾਸਤੇ ਇਹ ਇਕੱਤਤਾ ਪੁਲਿਸ ਦੇ ਰਵੱਈਏ ਵਿਰੁੱਧ ਵਿਰੋਧ ਕਰਦੀ ਹੈ ਅਤੇ ਮਿਸ਼ਨ ਦੇ ਪ੍ਰਧਾਨ ਜੀ ਨੂੰ ਅਧਿਕਾਰ ਦਿੰਦੀ ਹੈ ਕਿ ਇਸ ਸਬੰਧੀ ਕਾਨੂੰਨੀ ਚਾਰਾਜੋਈ ਕਰਨ ਲਈ ਲੋੜੀਂਦਾ ਖਰਚ ਕਰਨ।

ਗਿਆਨੀ ਸ਼ੇਰ ਸਿੰਘ ਜੀ ਤੇ ਸ੍ਰ. ਮਹਿੰਦਰ ਸਿੰਘ ਲਾਇਲਪੁਰ ਨੇ ਇਸ ਮਤੇ ਨਾਲ ਆਪਣੀ ਅਸੰਮਤੀ ਨੋਟ ਕਰਵਾਈ।

ਮਾਲਾਬਾਰ ਵਿਚ ਗੁਰਮਤਿ ਪ੍ਰਚਾਰ ਹਿੰਦੂ ਰਿਆਸਤਾਂ ਅਤੇ ਇਸਾਈਆਂ ਦੁਆਰਾ ਵਿਰੋਧ

ਸੰਗਤਾਂ ਨੂੰ ਯਾਦ ਹੋਵੇਗਾ ਕਿ ਸਰਬ-ਹਿੰਦ ਸਿੱਖ ਮਿਸ਼ਨ ਵਲੋਂ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਕਾਲੀ ਝੰਡੇ ਨੂੰ ਸਾਰੇ ਸੰਸਾਰ ਵਿਚ ਝੁਲਾਉਣ ਲਈ ਥਾਓਂ ਥਾਈਂ ਪ੍ਰਚਾਰਕ ਭੇਜ ਕੇ ਸਿੱਖ ਮਿਸ਼ਨ ਦੇ ਸੈਂਟਰ ਕਾਇਮ ਕੀਤੇ ਗਏ ਸਨ। ਸਮੁੰਦਰ ਦੇ ਕਿਨਾਰੇ ਮਾਲਾਬਾਰ ਜੋ ਪੰਜਾਬ ਤੋਂ 2600 ਮੀਲ ਦੀ ਦੂਰੀ 'ਤੇ ਹੈ, ਦੇ ਇਲਾਕੇ ਵਿਚ ਭੀ




ਆਪਦੇ ਪ੍ਰਚਾਰਕ ਭੇਜ ਕੇ ਸੈਂਟਰ ਕਾਇਮ ਕੀਤੇ ਸਨ। ਇਥੇ ਇਹ ਅਰਜ਼ ਕਰ ਦੇਣੀ ਯੋਗ ਹੋਵੇਗੀ ਕਿ ਇਹ ਇਲਾਕਾ ਹਿੰਦੂ ਰਿਆਸਤਾਂ ਦਾ ਹੈ ਪਰ ਇਥੇ ਦੇ ਵਸਨੀਕਾਂ ਨਾਲ ਹਿੰਦੂ ਸਮਾਜ ਵਲੋਂ ਜਾਤੀ ਅਭਿਮਾਨ ਕਰਕੇ ਬੁਰਾ ਸਲੂਕ ਹੁੰਦਾ ਰਿਹਾ ਹੈ, ਇਸ ਲਈ ਇਥੇ ਦੇ ਵਸਨੀਕ ਬਹੁਤ ਸਾਰੇ ਲੱਖਾਂ ਦੀ ਤਾਦਾਦ ਵਿਚ ਈਸਾਈ ਹੋ ਗਏ ਹਨ। (ਗੁਰਦੁਆਰਾ ਗਜ਼ਟ ਅੰਮ੍ਰਿਤਸਰ (33) ਮਈ 1937) ਸਰਬ-ਹਿੰਦ ਸਿੱਖ ਮਿਸ਼ਨ ਵਲੋਂ ਇਸ ਇਲਾਕੇ ਵਿਚ ਇਕ ਸਾਲ ਤੋਂ ਕੰਮ ਆਰੰਭ ਕੀਤਾ ਗਿਆ ਹੈ। ਇਲਾਕਾ ਬਹੁਤ ਦੂਰ ਤੇ ਮਾਇਕ ਔਕੜਾਂ ਕਰਕੇ ਭਾਵੇਂ ਪੂਰੀ ਤਰ੍ਹਾਂ ਕੰਮ ਨਹੀਂ ਹੋਇਆ, ਤਦ ਭੀ ਹੁਣ ਤੱਕ ਸਾਰੇ ਮਾਲਾਬਾਰ ਵਿਚ 333 ਸਿੰਘ ਸਜ ਗਏ ਹਨ, ਹੁਣ ਫਿਰ ਤਾਜ਼ਾ ਰਿਪੋਰਟ ਪੁੱਜੀ ਹੈ ਕਿ ਮਾਰਚ 1937 ਵਿਚ 52 ਸਿੰਘ ਸਜੇ ਹਨ। ਈਸਾਈ ਮਤ ਵਲੋਂ ਬੜੀ ਵਿਰੋਧਤਾ ਹੋ ਰਹੀ ਹੈ, ਜਿਸ ਕਰਕੇ ਪ੍ਰਚਾਰ ਦੇ ਕੰਮ ਵਿਚ ਔਕੜਾਂ ਆ ਰਹੀਆਂ ਹਨ। ਸਿੱਖ ਮਿਸ਼ਨ ਵਲੋਂ ਉਸ ਇਲਾਕੇ ਵਿਚ ਗੁਰਦੁਆਰੇ ਕਾਇਮ ਕਰਨ ਲਈ ਜ਼ਮੀਨਾਂ ਮੁੱਲ ਲਈਆਂ ਗਈਆਂ, ਪ੍ਰੰਤੂ ਗੁਰਦੁਆਰਿਆਂ ਦੀਆਂ ਇਮਾਰਤਾਂ ਬਣਾਉਣ ਦੀ ਸਟੇਟ ਵਲੋਂ ਆਗਿਆ ਨਹੀਂ ਮਿਲ ਰਹੀ, ਯਤਨ ਹੋ ਰਿਹਾ ਹੈ ਕਿ ਰਿਆਸਤ ਨਾਲ ਲਿਖਾ ਪੜ੍ਹੀ ਕਰਕੇ ਪੂਰੀ ਤਰ੍ਹਾਂ ਕਾਮਯਾਬੀ ਪ੍ਰਾਪਤ ਕੀਤੀ ਜਾਵੇ।

**ਕੇਹਰ ਸਿੰਘ, ਸਕੰਤਰ**
**ਸਰਬ-ਹਿੰਦ ਸਿੱਖ ਮਿਸ਼ਨ, ਅੰਮ੍ਰਿਤਸਰ**

ਯੂ.ਪੀ. ਦੀਆਂ ਸਿੰਘ ਸਭਾਵਾਂ ਪ੍ਰਤੀ ਬੇਨਤੀ!

ਸਵਰਗਵਾਸੀ ਸ.ਬ.ਸ. ਧਰਮ ਸਿੰਘ ਜੀ ਵਲੋਂ ਦਿੱਲੀ ਵਿਖੇ "ਗੁਰਮਤਿ ਵਿਦਿਆਲਾ" ਨਾਮ ਦਾ ਆਸ਼ਰਮ ਜਾਰੀ ਹੈ, ਜਿਸ ਵਿਚ ਯੂ.ਪੀ. ਨਿਵਾਸੀ ਵਿਦਿਆਰਥੀਆਂ ਨੂੰ ਕੀਰਤਨ ਪ੍ਰਚਾਰ ਦੀ ਸਿੱਖਿਆ ਦੇ ਕੇ ਸਿੱਖੀ ਪ੍ਰਚਾਰ ਲਈ ਤਿਆਰ ਕੀਤਾ ਜਾਂਦਾ ਹੈ। ਇਸ ਵੇਲੇ ਸਾਡੇ ਪਾਸ ਕੁਝ ਰਾਗੀ ਜਥੇ ਤਿਆਰ ਹਨ, ਜੋ ਹਿੰਦੀ ਭਾਸ਼ਾ ਵਿਚ ਪ੍ਰਚਾਰ ਅਤੇ ਕੀਰਤਨ ਚੰਗੀ ਤਰ੍ਹਾਂ ਕਰ ਸਕਦੇ ਹਨ। ਯੂ.ਪੀ. ਨਿਵਾਸੀ ਸਿੰਘ ਸਭਾਵਾਂ ਤਥਾ ਸਰਬੱਤ ਪੰਥਕ ਜਥਿਆਂ ਦੀ ਸੇਵਾ ਵਿਚ ਬੇਨਤੀ ਹੈ ਕਿ ਜੇ ਕੋਈ ਸਭਾ ਰਾਗੀ ਜਥਾ ਆਪਣੇ ਪਾਸ ਰੱਖ ਕੇ ਯੂ.ਪੀ. ਵਿਚ ਸਿੱਖੀ ਪ੍ਰਚਾਰ ਕਰਾਉਣਾ ਚਾਹੇ ਤਾਂ ਹੇਠ ਲਿਖੇ ਪਤੇ ਪਰ ਚਿੱਠੀ ਪੱਤਰ ਕਰੇ।

**ਦਾਸ-ਹਰਦਿੱਤ ਸਿੰਘ ਗੁਰਮਤਿ ਵਿਦਿਆਲਾ**
**ਗੁਰਦੁਆਰਾ ਰਕਾਬਗੰਜ, ਨਵੀਂ ਦਿੱਲੀ**

**(ਗੁਰਦੁਆਰਾ ਗ. ਮਈ 1937, ਪੰਨਾ 30-33)**

**(ਚਲਦਾ)**

# ਤਰਨ ਤਾਰਨ ਵਿੱਚ 'ਆਪ' ਸਰਪੰਚ ਦਾ ਗੋਲੀਆਂ ਮਾਰ ਕੇ ਕਤਲ

## ਦੋ ਮਹੀਨਿਆਂ ਵਿੱਚ ਦੂਜੀ ਵੱਡੀ ਵਾਰਦਾਤ; ਸਿਆਸਤਦਾਨਾਂ ਵਿੱਚ ਦਹਿਸ਼ਤ ਦਾ ਮਾਹੌਲ

ਤਰਨ ਤਾਰਨ : ਆਮ ਆਦਮੀ ਪਾਰਟੀ ਦੇ ਪਿੰਡ ਠੱਠੀਆਂ ਮਹੰਤਾਂ ਦੇ 40 ਸਾਲਾ ਸਰਪੰਚ ਹਰਬਰਿੰਦਰ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਅਤੇ ਉਨ੍ਹਾਂ ਦਾ ਰਿਸ਼ਤੇਦਾਰ



ਜਰਮਨਦੀਪ ਸਿੰਘ ਜ਼ਖਮੀ ਹੋ ਗਿਆ। ਜਾਣਕਾਰੀ ਅਨੁਸਾਰ ਅੱਜ ਦੁਪਹਿਰ ਕਰੀਬ 3.15 ਵਜੇ ਪਿੰਡ ਸ਼ੇਰੋਂ ਵਿੱਚ ਇੱਕ ਵਿਆਹ ਸਮਾਗਮ ਦੌਰਾਨ ਦੋ ਹਮਲਾਵਰਾਂ ਨੇ ਗੋਲੀਆਂ ਚਲਾ ਦਿੱਤੀਆਂ। ਇਹ ਪਿੰਡ ਇੱਕ-ਦੂਜੇ ਤੋਂ ਲਗਪਗ ਛੇ ਕਿਲੋਮੀਟਰ ਦੀ ਦੂਰੀ 'ਤੇ ਹਨ।

ਇਸ ਘਟਨਾ ਨੇ ਜਨਤਾ ਅਤੇ 'ਆਪ' ਦੇ ਹੇਠਲੇ ਪੱਧਰ ਦੇ ਸਿਆਸਤਦਾਨਾਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ, ਕਿਉਂਕਿ ਦੋ ਮਹੀਨਿਆਂ ਵਿੱਚ ਇਹ ਇਸ ਤਰ੍ਹਾਂ ਦੀ ਦੂਜੀ ਵਾਰਦਾਤ ਹੈ। ਇਸ ਤੋਂ ਪਹਿਲਾਂ ਪੰਜ ਜਨਵਰੀ ਨੂੰ ਤਰਨਤਾਰਨ ਦੇ ਪਿੰਡ ਵਲਟੋਹਾ ਸੰਧੂਆਂ ਦੇ 'ਆਪ' ਸਰਪੰਚ ਜਰਮਲ ਸਿੰਘ ਦਾ ਅੰਮ੍ਰਿਤਸਰ ਵਿੱਚ ਇੱਕ ਵਿਆਹ ਸਮਾਗਮ ਦੌਰਾਨ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਹਰਬਰਿੰਦਰ ਸਿੰਘ ਆਪਣੇ ਪਿੱਛੇ 10 ਸਾਲ ਤੋਂ ਘੱਟ ਉਮਰ ਦੇ ਦੋ ਪੁੱਤਰ ਛੱਡ ਗਏ ਹਨ। ਉਹ ਇੱਕ ਆੜ੍ਹਤੀ ਸੀ ਅਤੇ ਉਨ੍ਹਾਂ ਕੋਲ ਵਾਹੀਯੋਗ ਜ਼ਮੀਨ ਵੀ ਸੀ। ਮ੍ਰਿਤਕ ਆਪਣੇ ਰਿਸ਼ਤੇਦਾਰ ਗੁਰਸੇਵਕ ਸਿੰਘ ਦੇ ਵਿਆਹ ਵਿੱਚ ਸ਼ਾਮਲ ਹੋਣ ਗਿਆ ਸੀ, ਜਦੋਂ ਮੋਟਰਸਾਈਕਲ ਸਵਾਰ ਤਿੰਨ ਹਮਲਾਵਰ ਉੱਥੇ ਪਹੁੰਚੇ।

ਚਸ਼ਮਦੀਦਾਂ ਨੇ ਦੱਸਿਆ ਕਿ ਹਮਲਾਵਰਾਂ ਕੋਲ ਪਿਸਤੌਲ ਸਨ ਅਤੇ ਉਨ੍ਹਾਂ ਨੇ ਸਰਪੰਚ ਨੂੰ ਗੋਲੀ ਮਾਰ ਦਿੱਤੀ। ਕੋਲ ਖੜ੍ਹੇ ਜਰਮਨਦੀਪ ਸਿੰਘ ਨੇ ਜਵਾਬੀ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ ਪਰ ਇੱਕ ਹਮਲਾਵਰ ਨੇ ਉਸ ਨੂੰ ਜ਼ਖਮੀ ਕਰ ਦਿੱਤਾ। ਗੋਲੀਆਂ ਚਲਾ ਕੇ ਹਮਲਾਵਰ ਫਰਾਰ ਹੋ ਗਏ।

ਚਸ਼ਮਦੀਦ ਕੁਲਵੰਤ ਸਿੰਘ ਨੇ ਦੱਸਿਆ ਕਿ ਹਮਲਾਵਰਾਂ ਨੇ ਡਿਜ਼ਾਈਨਰ ਸੂਟ ਪਾਏ ਹੋਏ ਸਨ ਅਤੇ ਉਨ੍ਹਾਂ ਨੇ ਲੁਕਣ ਜਾਂ ਚੁੱਪਚਾਪ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਘਟਨਾ ਨਾਲ ਭਗਦੜ ਮੱਚ ਗਈ ਅਤੇ ਲੋਕ ਗੋਲੀਬਾਰੀ ਤੋਂ ਬਚਣ ਲਈ ਇਧਰ-ਉਧਰ ਭੱਜੇ। ਪੁਲੀਸ ਅਧਿਕਾਰੀ ਘਟਨਾ ਦੇ 20 ਮਿੰਟ ਬਾਅਦ ਮੌਕੇ 'ਤੇ ਪਹੁੰਚੇ। ਦੱਸਣਯੋਗ ਹੈ ਕਿ ਤਿੰਨ ਜਨਵਰੀ ਨੂੰ ਮੋਗਾ ਦੇ ਪਿੰਡ ਭਿੰਡਰ ਕਲਾਂ ਵਿੱਚ ਕਾਂਗਰਸੀ ਆਗੂ ਉਮਰਸਰ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

# ਦੱਖਣੀ ਅਫ਼ਰੀਕਾ 'ਚ ਦਫ਼ਨਾਉਣ ਦੇ ਨਵੇਂ ਕਾਨੂੰਨ ਵਿਰੁਧ ਇਕਜੁੱਟ ਹੋਏ ਹਿੰਦੂ ਤੇ ਮੁਸਲਿਮ

## ਧਰਮਾਂ ਵਿਚ ਮੌਤ ਦੇ ਉਸੇ ਦਿਨ ਜਾਂ ਜਿੰਨੀ ਜਲਦੀ ਹੋ ਸਕੇ ਸਸਕਾਰ ਅਤੇ ਦਫਨਾਉਣ ਕੀਤੇ ਜਾਂਦੇ ਹਨ

ਜੋਹਾਨਸਨਬਰਗ : ਦਖਣੀ ਅਫਰੀਕਾ ਦੇ ਹਿੰਦੂ ਅਤੇ ਮੁਸਲਿਮ ਸੰਗਠਨਾਂ ਨੇ ਇਕ ਪ੍ਰਸਤਾਵਿਤ ਕਾਨੂੰਨ ਉਤੇ ਇਤਰਾਜ਼ ਪ੍ਰਗਟਾਇਆ ਹੈ, ਜਿਸ ਨਾਲ ਸਸਕਾਰ ਅਤੇ ਦਫਨਾਉਣ 'ਚ ਕਈ ਦਿਨਾਂ ਤਕ ਦੀ ਦੇਰੀ ਹੋ ਸਕਦੀ ਹੈ। ਰਵਾਇਤੀ ਤੌਰ ਉਤੇ, ਇਨ੍ਹਾਂ ਧਰਮਾਂ ਵਿਚ ਮੌਤ ਦੇ ਉਸੇ ਦਿਨ ਜਾਂ ਜਿੰਨੀ ਜਲਦੀ ਹੋ ਸਕੇ ਸਸਕਾਰ ਅਤੇ ਦਫਨਾਉਣ ਕੀਤੇ ਜਾਂਦੇ ਹਨ। ਪਰ ਪ੍ਰਸਤਾਵਿਤ ਕਾਨੂੰਨ ਤਹਿਤ ਸੰਗਠਨਾਂ ਅਤੇ ਵਿਅਕਤੀਆਂ ਨੂੰ ਸਸਕਾਰ ਜਾਂ ਦਫਨਾਉਣ ਤੋਂ ਪਹਿਲਾਂ ਗ੍ਰਹਿ ਵਿਭਾਗ ਤੋਂ ਇਲੈਕਟ੍ਰਾਨਿਕ ਮੌਤ ਸਰਟੀਫਿਕੇਟ ਪ੍ਰਾਪਤ ਕਰਨ ਦੀ ਜ਼ਰੂਰਤ ਹੋਏਗੀ। ਵੱਖ-ਵੱਖ ਸੰਗਠਨਾਂ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਅਵਿਵਹਾਰਕ ਹੋ ਜਾਵੇਗਾ ਜਦੋਂ ਵਿਭਾਗ ਨੂੰ ਹਫਤੇ ਦੇ ਅੰਤ ਵਿਚ ਅਤੇ ਕਈ ਵਾਰ ਜਨਤਕ ਛੁੱਟੀਆਂ ਲਈ ਚਾਰ ਦਿਨਾਂ ਲਈ ਬੰਦ ਕੀਤਾ ਜਾਂਦਾ ਹੈ, ਜਿਵੇਂ ਕਿ ਈਸਟਰ ਵੀਕੈਂਡ ਦੌਰਾਨ। ਵਿਭਾਗ ਨੂੰ ਇਕ ਚਿੱਠੀ 'ਚ, ਹਿੰਦੂ ਕੋਆਰਡੀਨੇਟਿੰਗ ਕੌਂਸਲ (ਐਚ.ਸੀ.ਸੀ.) ਨੇ 'ਸੰਸਾਰ' ਦੇ ਹਿੰਦੂ ਚੱਕਰ ਦੀ ਵਿਆਖਿਆ ਕੀਤੀ, ਜਿਸ ਵਿਚ ਜਨਮ, ਮੌਤ




ਅਤੇ ਪੁਨਰ ਜਨਮ ਸ਼ਾਮਲ ਹੈ।

ਉਨ੍ਹਾਂ ਕਿਹਾ, "ਹਿੰਦੂਆਂ ਨੂੰ ਚਿੰਤਾ ਹੈ ਕਿ ਇਹ ਪ੍ਰਸਤਾਵ ਸਾਡੇ ਧਾਰਮਕ ਰੀਤੀ-ਰਿਵਾਜਾਂ ਅਤੇ ਵਿਸ਼ਵਾਸਾਂ ਦੀ ਉਲੰਘਣਾ ਕਰੇਗਾ। ਹਿੰਦੂ ਪਰੰਪਰਾ 'ਚ, ਸਸਕਾਰ ਇਕ ਪਵਿੱਤਰ ਰਸਮ ਹੈ ਜੋ ਮੌਤ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਕੀਤੀ ਜਾਣੀ ਚਾਹੀਦੀ ਹੈ, ਆਮ ਤੌਰ ਉਤੇ 24 ਘੰਟਿਆਂ ਦੇ ਅੰਦਰ।" ਐਚ.ਸੀ.ਸੀ. ਦੇ ਚੇਅਰਮੈਨ ਕਿਸ਼ੋਰ ਬਾਦਲ ਨੇ ਚਿੱਠੀ ਵਿਚ ਕਿਹਾ, "ਇਲੈਕਟ੍ਰਾਨਿਕ ਮੌਤ ਸਰਟੀਫਿਕੇਟ ਪ੍ਰਾਪਤ ਕਰਨ ਵਿਚ ਦੇਰੀ ਦੁਖੀ ਪਰਵਾਰਾਂ ਨੂੰ ਅਣਉਚਿਤ ਪ੍ਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ ਅਤੇ ਸੰਭਾਵਤ ਤੌਰ ਉਤੇ ਸਾਡੀਆਂ ਧਾਰਮਕ ਜ਼ਿੰਮੇਵਾਰੀਆਂ ਦੀ ਉਲੰਘਣਾ ਕਰ ਸਕਦੀ ਹੈ।" ਬਾਦਲ ਨੇ ਅੱਗੇ ਕਿਹਾ ਕਿ ਐਚ.ਸੀ.ਸੀ. ਨੂੰ ਸੀਮਤ ਇੰਟਰਨੈਟ ਕੁਨੈਕਟੀਵਿਟੀ ਵਾਲੇ ਪੇਂਡੂ ਖੇਤਰਾਂ ਉਤੇ ਪੈਣ ਵਾਲੇ ਸੰਭਾਵੀ ਪ੍ਰਭਾਵਾਂ ਅਤੇ ਉਨ੍ਹਾਂ ਲੋਕਾਂ ਦੇ ਅਧਿਕਾਰਾਂ ਦੀ ਸੰਭਾਵਤ ਉਲੰਘਣਾ ਬਾਰੇ ਵੀ ਚਿੰਤਤ ਹੈ ਜਿਨ੍ਹਾਂ ਕੋਲ ਡਿਜੀਟਲ ਤਕਨਾਲੋਜੀ ਤਕ ਪਹੁੰਚ ਨਹੀਂ ਹੈ। ਜਦਕਿ ਸੁੰਨੀ ਉਲੇਮਾ ਕੌਂਸਲ (ਐਸ.ਯੂ.ਸੀ.), ਜਿਸ ਦੀਆਂ ਸਹਿਯੋਗੀ ਸੰਸਥਾਵਾਂ ਨੇ ਪਿਛਲੇ ਕਈ ਦਹਾਕਿਆਂ ਤੋਂ ਹਜ਼ਾਰਾਂ ਮੁਸਲਮਾਨਾਂ ਨੂੰ ਦਫਨਾਉਣ ਦਾ ਪ੍ਰਬੰਧ ਕੀਤਾ ਹੈ, ਜਿਸ ਵਿਚ ਗਰੀਬ ਪਰਵਾਰਾਂ ਦੀ ਸਹਾਇਤਾ ਵੀ ਸ਼ਾਮਲ ਹੈ ਜੋ ਦਫਨਾਉਣ ਦਾ ਖਰਚਾ ਨਹੀਂ ਚੁੱਕ ਸਕਦੇ, ਨੇ ਹਿੰਦੂ ਸੰਗਠਨ ਦੇ ਇਸ ਵਿਚਾਰ ਨਾਲ ਸਹਿਮਤੀ ਪ੍ਰਗਟਾਈ।

# ਕਰਜ਼ੇ ਦੀ ਮਾਰ ਹੇਠ ਆਏ ਕਿਸਾਨ ਨੇ ਜ਼ਹਿਰੀਲੀ ਚੀਜ਼ ਨਿਗਲਕੇ ਕੀਤੀ ਖ਼ੁਦਕੁਸ਼ੀ

ਲਹਿਰਾਗਾਗਾ : ਲਹਿਰਾਗਾਗਾ ਦੇ ਪਿੰਡ ਭੁਟਾਲ ਕਲਾਂ ਵਿੱਚ ਇੱਕ ਬੇਹੱਦ ਦੁਖਦਾਈ ਘਟਨਾ ਸਾਹਮਣੇ ਆਈ ਹੈ, ਜਿੱਥੇ ਛੋਟੀ ਕਿਸਾਨੀ ਨਾਲ ਸਬੰਧਤ ਜਗਤਾਰ ਸਿੰਘ ਨੇ ਕਰਜ਼ੇ ਦੀ ਮਾਰ ਅਤੇ ਮਾਨਸਿਕ ਤਣਾਅ ਕਾਰਨ ਜ਼ਹਿਰੀਲੀ ਚੀਜ਼ ਨਿਗਲ ਕੇ ਖੁਦਕੁਸ਼ੀ ਕਰ ਲਈ। ਕਿਸਾਨ ਆਗੂ ਗੋਬਿੰਦ ਸਿੰਘ ਭੁਟਾਲ ਨੇ ਦੱਸਿਆ ਕਿ ਜਗਤਾਰ ਸਿੰਘ ਦੇ ਸਿਰ 'ਤੇ ਦੋ ਪਰਿਵਾਰਾਂ ਦੀ ਜ਼ਿੰਮੇਵਾਰੀ ਸੀ।

ਉਸਦੇ ਪਿਤਾ ਰਾਮਫਲ ਸਿੰਘ ਦੀ ਦਿੱਲੀ ਦੇ ਕਿਸਾਨੀ ਅੰਦੋਲਨ ਦੌਰਾਨ ਮੌਤ ਹੋ ਗਈ ਸੀ ਅਤੇ ਕਈ ਸਾਲ ਪਹਿਲਾਂ ਉਸਦੇ ਭਰਾ ਦੀ ਵੀ ਮੌਤ ਹੋ ਚੁੱਕੀ ਸੀ। ਵਧਦੇ ਕਰਜ਼ੇ ਕਾਰਨ ਉਹ ਲਗਾਤਾਰ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿ ਰਿਹਾ ਸੀ।



ਜਗਤਾਰ ਸਿੰਘ ਆਪਣੇ ਪਿੱਛੇ ਪਤਨੀ, ਦੋ ਮਾਸੂਮ ਬੱਚੇ, 9 ਸਾਲ ਦੀ ਧੀ ਅਤੇ 7 ਸਾਲ ਦਾ ਪੁੱਤਰ ਅਤੇ ਵਿਧਵਾ ਭਾਬੀ ਸਮੇਤ ਭਤੀਜੇ-ਭਤੀਜੀਆਂ ਨੂੰ ਬੇਸਹਾਰਾ ਛੱਡ ਗਿਆ ਹੈ। ਕਿਸਾਨ ਜਥੇਬੰਦੀਆਂ ਨੇ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਨੂੰ ਇਸ ਦੁਖਾਂਤ ਲਈ ਜ਼ਿੰਮੇਵਾਰ ਠਹਿਰਾਇਆ ਹੈ।

ਕਿਸਾਨ ਆਗੂਆਂ ਨੇ ਮੰਗ ਕੀਤੀ ਹੈ ਕਿ ਪੀੜਤ ਪਰਿਵਾਰ ਦਾ ਸਾਰਾ ਕਰਜ਼ਾ ਮੁਆਫ਼ ਕੀਤਾ ਜਾਵੇ ਅਤੇ ਸਰਕਾਰ ਵੱਲੋਂ ਤੁਰੰਤ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇ ਤਾਂ ਜੋ ਇਸ ਬੇਸਹਾਰਾ ਪਰਿਵਾਰ ਦੀ ਮਦਦ ਹੋ ਸਕੇ।



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਰੋਕਥਾਮ/ਬਚਾਅ :**

ਸੂਰਜ ਤੋਂ ਆਪਣੀ ਚਮੜੀ ਨੂੰ ਢੱਕ ਕੇ ਰੱਖਣ ਤੋਂ ਇਲਾਵਾ ਇਸਦਾ ਹੋਰ ਕੋਈ ਰੋਕਥਾਮ/ਬਚਾਓ ਨਹਲ ਹੈ।

**ਜਾਂਚ :**

ਇਸ ਬਿਮਾਰੀ ਦਾ ਕੋਈ ਟੈਸਟ ਨਹਲ ਹੈ। ਡਾਕਟਰ ਚਮੜੀ ਨੂੰ ਦੇਖ ਕੇ ਫੁਲਵੈਰੀ ਬਾਰੇ ਦੱਸ ਸਕਦੇ ਹਨ।

**ਘਰੇਲੂ ਇਲਾਜ :**

1. ਇਹ ਬਿਮਾਰੀ ਹੋਣ 'ਤੇ ਤੁਸੀਂ ਭਾਵੁਕ ਨਾ ਹੋਵੋ ਅਤੇ ਨਾ ਹੀ ਸ਼ਰਮਿੰਦਗੀ ਮਹਿਸੂਸ ਕਰੋ।
2. ਫੁਲਵੈਰੀ ਛੂਅ-ਛਾਤ ਦੀ ਬਿਮਾਰੀ ਨਹਲ ਹੈ। ਲੋਕਾਂ ਨੂੰ ਇਸ ਬਾਬਤ ਸਿੱਖਿਅਤ ਕਰੋ।
3. ਆਪਣੀ ਚਮੜੀ ਨੂੰ ਧੁੱਪ ਤੋਂ ਬਚਾਓ।
4. ਚੇਹਰੇ ਅਤੇ ਗਰਦਨ ਉੱਤੇ ਕਰੀਮ ਦੀ ਵਰਤੋਂ ਕਰੋ।

**ਇਲਾਜ :**

ਇਸ ਬਿਮਾਰੀ ਦਾ ਕੋਈ ਇਲਾਜ ਨਹੀਂ ਹੈ, ਕੁਝ ਹੱਦ ਤੱਕ ਯੂ.ਵੀ. ਲਾਈਟ ਅਤੇ ਸਟਿਰੌਇਡ ਇਸ ਵਿੱਚ ਮੱਦਦ ਕਰਦੇ ਹਨ। ਜੇਕਰ ਸਫ਼ੇਦ ਧੱਬਿਆਂ ਵਿੱਚ ਖਾਰਿਸ਼ ਜਾਂ ਦਰਦ ਹੋਵੇ ਤਾਂ ਆਪਣੇ ਡਾਕਟਰ ਨੂੰ ਦਿਖਾਓ।

**ਐਕਜ਼ੀਮਾ**

ਚਿਹਰੇ ਅਤੇ ਸਰੀਰ ਦੇ ਹੋਰ ਹਿੱਸਿਆਂ 'ਤੇ ਖਾਰਿਸ਼ ਵਾਲੇ, ਲਾਲ ਅਤੇ ਖੁਰਦਰੇ ਰੈਸ਼ ਹੋਣ ਨੂੰ ਐਕਜ਼ੀਮਾ ਕਿਹਾ ਜਾਂਦਾ ਹੈ। ਐਕਜ਼ੀਮਾ ਆਮ ਤੌਰ 'ਤੇ ਉਹਨਾਂ ਲੋਕਾਂ ਵਿੱਚ ਹੁੰਦਾ ਹੈ ਜਿਨ੍ਹਾਂ ਨੂੰ ਐਲਰਜੀ ਰਹਿੰਦੀ ਹੈ।

**ਕਾਰਨ :**

1. ਜ਼ਿਆਦਾ ਖ਼ੁਸ਼ਕ ਚਮੜੀ।
2. ਐਲਰਜੀ।

**ਘਰੇਲੂ ਇਲਾਜ :**




1. ਬਹੁਤ ਜ਼ਿਆਦਾ ਗਰਮ ਪਾਣੀ ਨਾਲ ਨਾ ਨਹਾਓ। ਗਰਮ ਪਾਣੀ ਚਮੜੀ ਨੂੰ ਖ਼ੁਸ਼ਕ ਕਰਦਾ ਹੈ।
2. ਸਾਬਣ ਦੀ ਵਰਤੋਂ ਘੱਟ ਕਰੋ। ਸਾਬਣ ਨਾਲ ਚਮੜੀ ਖ਼ੁਸ਼ਕ ਹੁੰਦੀ ਹੈ।
3. ਨਹਾਉਣ ਤੋਂ ਬਾਅਦ ਨਮੀ ਲਿਆਉਣ ਵਾਲੀ ਕਰੀਮ ਦੀ ਵਰਤੋਂ ਕਰੋ।
4. ਐਲਰਜੀ ਦਾ ਇਲਾਜ ਕਰੋ।
5. ਖਾਰਿਸ਼ ਹੋਣ 'ਤੇ ਐਂਟੀ-ਹਿਸਟਾਮਾਈਨ ਦਵਾਈ ਜਿਵੇਂ ਕਿ ਬੈਨਾਡਰਿੱਲ, ਲਵੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਰੈਸ਼ ਵਿੱਚੋਂ ਜਦੋਂ ਮੁਆਦ (ਪੀਕ) ਨਿਕਲਣ ਲੱਗ ਜਾਵੇ।
2. ਖਾਰਿਸ਼ ਦੇ ਨਾਲ ਦਰਦ ਵੀ ਹੋਵੇ।
3. ਰੈਸ਼ ਦੇ ਨਾਲ ਜੋੜਾਂ ਦਾ ਦਰਦ ਹੋਵੇ।

**ਫੋੜੇ**

**(ਇੰਪੈਟਿਗੋ)**

ਫੋੜੇ ਚਮੜੀ ਦੇ ਇਨਫ਼ੈਕਸ਼ਨ ਕਾਰਨ ਹੁੰਦੇ ਹਨ ਅਤੇ ਇਹ ਬੱਚਿਆਂ ਵਿੱਚ ਆਮ ਹੋ ਜਾਂਦੇ ਹਨ।

**ਲੱਛਣ :**

ਸ਼ਹਿਦ ਦੇ ਰੰਗ ਵਰਗੇ ਫੋੜੇ ਹੋਣੇ, ਇਨ੍ਹਾਂ ਫੋੜਿਆਂ ਵਿੱਚੋਂ ਮੁਆਦ (ਪੀਕ) ਦਾ ਆਉਣਾ।

**ਰੋਕਥਾਮ/ਬਚਾਅ :**

1. ਫੋੜਿਆਂ ਨੂੰ ਰਗੜਨ ਨਾਲ ਇਨਫ਼ੈਕਸ਼ਨ ਹੋਰ ਜ਼ਿਆਦਾ ਫੈਲਦਾ ਹੈ, ਇਸ ਲਈ ਫੋੜਿਆਂ ਨੂੰ ਰਗੜੋ ਨਾ।
2. ਫੋੜਿਆਂ ਨੂੰ ਸਾਬਣ ਅਤੇ ਪਾਣੀ ਨਾਲ ਸਾਫ਼ ਕਰੋ।
3. ਬੱਚਿਆਂ ਦੀਆਂ ਉਂਗਲੀਆਂ ਦੇ ਨਹੁੰਆਂ ਨੂੰ ਕੱਟੋ ਅਤੇ ਸਾਫ਼ ਰੱਖੋ।

**ਘਰੇਲੂ ਇਲਾਜ :**

1. ਫੋੜਿਆਂ ਨੂੰ ਤਕਰੀਬਨ 15-20 ਮਿੰਟਾਂ ਲਈ ਕੋਸੇ ਪਾਣੀ ਨਾਲ ਸਾਫ਼ ਕਰੋ ਤੇ ਸੁਕਾਓ। ਇਸ ਤੋਂ ਬਾਅਦ ਕੋਸੇ ਪਾਣੀ ਵਾਲੇ ਗਿੱਲੇ ਕੱਪੜੇ ਨਾਲ ਸਾਫ਼ ਕਰੋ, ਬਹੁਤ ਜ਼ਿਆਦਾ ਜ਼ੋਰ ਨਾਲ ਨਾ ਰਗੜੋ। ਇਸ ਤਰ੍ਹਾਂ ਲੋੜ ਅਨੁਸਾਰ ਦਿਨ ਵਿੱਚ ਦੋ-ਚਾਰ ਵਾਰ ਕਰੋ।
2. ਐਂਟੀਬੈਕਟੀਰੀਅਲ ਮੱਲ੍ਹਮ ਲਗਾਓ।
3. ਇਨਫ਼ੈਕਸ਼ਨ ਨੂੰ ਫੈਲਣ ਤੋਂ ਰੋਕਣ ਲਈ ਇੱਕ ਦੂਜੇ ਦਾ ਤੌਲੀਆ/ਰੁਮਾਲ ਇਸਤੇਮਾਲ ਨਾ ਕਰੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਬੁਖ਼ਾਰ ਹੋਣ 'ਤੇ ਜਾਂ ਦਰਦ ਜ਼ਿਆਦਾ ਹੋਵੇ।
2. ਫੋੜਿਆਂ ਦੇ ਆਲੇ-ਦੁਆਲੇ ਸੋਜ਼ਿਸ਼, ਲਾਲੀ ਜਾਂ ਦਰਦ ਹੋਣਾ। ਡਾਕਟਰ ਇਸਨੂੰ ਐਂਟੀਬਾਇਓਟਿਕ ਦਵਾਈਆਂ ਨਾਲ ਠੀਕ ਕਰਦੇ ਹਨ।

ਇਨਫ਼ੈਕਸ਼ਨ ਨੂੰ ਫੈਲਣ ਤੋਂ ਰੋਕਣ ਲਈ ਉੱਪਰ ਲਿਖੇ ਘਰੇਲੂ ਇਲਾਜ ਨੂੰ ਜਾਰੀ ਰੱਖੋ।

**ਦੱਦਰੀ**

**(ਰਿੰਗਵਰਮ ਰੈਸ਼)**

ਦੱਦਰੀ ਗੋਲ, ਛੱਲਿਆਂ ਵਰਗੀ ਰੈਸ਼ ਹੈ। ਇਸ ਨਾਲ ਖਾਰਿਸ਼ ਹੁੰਦੀ ਹੈ, ਪਰ ਦਰਦ ਨਹੀਂ ਹੁੰਦਾ। ਇਹ ਚਮੜੀ ਦੇ ਉੱਪਰ ਫੰਗਸ ਹੋਣ ਦੇ ਕਾਰਨ ਹੁੰਦੀ ਹੈ। ਇਹ ਇੱਕ ਤੋਂ ਦੂਜੇ ਵਿਅਕਤੀ ਨੂੰ ਵੀ ਹੋ ਸਕਦੀ ਹੈ।

**ਇਲਾਜ :**

ਜਦੋਂ ਤੱਕ ਰੈਸ਼ ਠੀਕ ਨਾ ਹੋ ਜਾਵੇ, ਉਦੋਂ ਤੱਕ ਫੰਗਸ ਠੀਕ ਕਰਨ ਵਾਲੀ ਦਵਾਈ ਡਾਕਟਰ ਦੇ ਦੱਸੇ ਅਨੁਸਾਰ ਇਸਤੇਮਾਲ ਕਰੋ।

**ਸੋਰਾਏਸਿਸ**

ਸੋਰਾਏਸਿਸ ਗੋਡਿਆਂ ਅਤੇ ਗੋਡਿਆਂ ਤੋਂ ਥੱਲੇ ਲੱਤਾਂ ਜਾਂ ਕੂਹਣੀਆਂ 'ਤੇ ਮੋਟੇ ਪਾਪੜੀਦਾਰ ਰੈਸ਼ ਨੂੰ ਕਹਿੰਦੇ ਹਨ। ਇਹ ਇੱਕ ਤੋਂ ਦੂਜੇ ਵਿਅਕਤੀ ਨੂੰ ਨਹੀਂ ਹੁੰਦੀ ਪਰਿਵਾਰਿਕ ਪਿਛੋਕੜ ਵੀ ਇਸਦਾ ਕਾਰਨ ਹੋ ਸਕਦਾ ਹੈ।

**ਇਲਾਜ :**

ਇਸਦਾ ਇਲਾਜ ਡਾਕਟਰ ਵੱਲੋਂ ਸਟਿਰੌਇਡ ਮੱਲ੍ਹਮ ਜਾਂ ਹੋਰ ਦਵਾਈਆਂ ਦੇ ਕੇ ਕੀਤਾ ਜਾਂਦਾ ਹੈ। ਮਾਨਸਿਕ ਤਣਾਓ ਨੂੰ ਘਟਾਓ, ਕਿਉਂਕਿ ਮਾਨਸਿਕ ਤਣਾਓ ਨਾਲ ਇਹ ਬਿਮਾਰੀ ਵੱਧ ਸਕਦੀ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਲਾਹੌਰ ਦੇ ਗੁਰਦੁਆਰਾ ਸਾਹਿਬ 'ਚ 80 ਸਾਲਾਂ ਬਾਅਦ ਅਰਦਾਸ

## 1947 ਤੋਂ ਬਾਅਦ ਸਿੱਖ ਵਿਦਿਆਰਥੀਆਂ ਦੀ ਕਮੀ ਕਾਰਨ ਗੁਰਦੁਆਰਾ ਸਾਹਿਬ ਹੋ ਗਿਆ ਸੀ ਬੰਦ: ਡਾ. ਬੁਤਾਲੀਆ



ਚੰਡੀਗੜ੍ਹ : ਲਾਹੌਰ ਦੇ ਮਾਲ ਰੋਡ ਸਥਿਤ ਐਚਿਸਨ ਕਾਲਜ ਕੰਪਲੈਕਸ ਵਿਚ ਸਥਿਤ ਪੁਰਾਤਨ ਗੁਰਦੁਆਰਾ ਸਾਹਿਬ ਵਿਚ 80 ਸਾਲਾਂ ਬਾਅਦ ਕੱਲ੍ਹ ਇਕ ਇਤਿਹਾਸਕ ਅਤੇ ਭਾਵਨਾਤਮਕ ਸਿੱਖ ਸ਼ਬਦ ਕੀਰਤਨ ਕਰਵਾਇਆ ਅਤੇ ਅਰਦਾਸ ਕੀਤੀ ਗਈ। ਇਸ ਧਾਰਮਕ ਅਤੇ ਗੌਰਵਮਈ ਮੌਕੇ 'ਤੇ ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਸਮੇਤ ਸਥਾਨਕ ਸਿੱਖ ਸੰਗਤ ਅਤੇ ਹੋਰ ਪ੍ਰਮੁੱਖ ਹਸਤੀਆਂ ਹਾਜ਼ਰ ਸਨ। ਇਹ ਜਾਣਕਾਰੀ ਦਿੰਦਿਆਂ ਡਾ. ਤਰੁਣਜੀਤ ਸਿੰਘ ਬੁਤਾਲੀਆ, ਜਿਨ੍ਹਾਂ ਨੇ ਕਾਲਜ ਪ੍ਰਬੰਧਕਾਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਕਰਵਾਇਆ, ਨੇ ਦਸਿਆ ਕਿ ਸਥਾਨਕ ਰਾਗੀ ਜਥੇ ਵਿਚ ਸ਼ਾਮਲ ਹਰਵਿੰਦਰ ਸਿੰਘ, ਅਕਸ਼ੈਦੀਪ ਸਿੰਘ ਅਤੇ ਦਲੀਪ ਸਿੰਘ ਵਲੋਂ ਗੁਰਬਾਣੀ ਦੇ ਪਵਿੱਤਰ ਸ਼ਬਦਾਂ ਦਾ ਰਸ-ਭਿੰਨਾ ਕੀਰਤਨ ਸਰਵਣ ਕਰਵਾਇਆ ਗਿਆ। ਉਨ੍ਹਾਂ ਅੱਗੇ ਦਸਿਆ ਕਿ ਸਾਲ 1947 ਤੋਂ ਬਾਅਦ ਸਿੱਖ ਵਿਦਿਆਰਥੀਆਂ ਦੀ ਕਮੀ ਕਾਰਨ ਇਹ ਗੁਰਦੁਆਰਾ ਸਾਹਿਬ ਬੰਦ ਹੋ ਗਿਆ ਸੀ ਪਰ ਇਸ ਦੀ ਦੇਖਭਾਲ ਕਾਲਜ ਪ੍ਰਸ਼ਾਸਨ ਵਲੋਂ ਨਿਰੰਤਰ ਕੀਤੀ ਜਾਂਦੀ ਰਹੀ।

ਇਹ ਵਿਸ਼ੇਸ਼ ਸ਼ਬਦ ਕੀਰਤਨ ਕਾਲਜ ਦੀ 140ਵੀਂ ਵਰ੍ਹੇਗੰਢ ਦੇ ਸਬੰਧ ਵਿਚ ਆਯੋਜਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਕਾਲਜ ਦੀ ਨੀਂਹ 3 ਨਵੰਬਰ 1886 ਨੂੰ ਅਣਵੰਡੇ ਪੰਜਾਬ ਦੇ ਸ਼ਾਹੀ ਅਤੇ ਪ੍ਰਮੁੱਖ ਪ੍ਰਵਾਰਾਂ ਨੂੰ ਉੱਚ ਸਿਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਰੱਖੀ ਗਈ ਸੀ। ਰਿਕਾਰਡ ਅਨੁਸਾਰ ਐਚਿਸਨ ਦੇ ਗੁਰਦੁਆਰਾ ਸਾਹਿਬ ਦਾ ਡਿਜ਼ਾਈਨ ਤੱਤਕਾਲੀਨ ਮੇਯੋ ਸਕੂਲ ਆਫ਼ ਆਰਟਸ (ਮੌਜੂਦਾ ਨੈਸ਼ਨਲ ਕਾਲਜ ਆਫ਼ ਆਰਟਸ) ਦੇ ਪ੍ਰਸਿੱਧ ਸਿੱਖ ਵਾਸਤੂਕਾਰ ਸਰਦਾਰ ਰਾਮ ਸਿੰਘ ਵਲੋਂ ਤਿਆਰ ਕੀਤਾ ਗਿਆ ਸੀ। ਡਾ. ਬੁਤਾਲੀਆ ਨੇ ਦਸਿਆ ਕਿ ਗੁਰਦੁਆਰਾ ਸਾਹਿਬ ਦੀ ਨੀਂਹ 1910 ਵਿਚ ਪਟਿਆਲਾ ਦੇ ਮਹਾਰਾਜਾ ਭੂਪਿੰਦਰ ਸਿੰਘ ਵਲੋਂ ਰੱਖੀ ਗਈ ਸੀ। ਉਹ ਖ਼ੁਦ 1904 ਤੋਂ 1908 ਤਕ ਇਸ ਕਾਲਜ ਦੇ ਵਿਦਿਆਰਥੀ ਵੀ ਰਹੇ ਸਨ। ਇਸ ਤੋਂ ਅਗਲੇ ਦੋ ਸਾਲਾਂ ਵਿਚ ਗੁਰਦੁਆਰਾ ਭਵਨ ਦਾ ਨਿਰਮਾਣ ਪੂਰਾ ਹੋ ਗਿਆ ਅਤੇ ਇਸ ਨੂੰ ਇਕ ਸਰਗਰਮ ਧਾਰਮਕ ਸਥਾਨ ਵਜੋਂ ਸਮਰਪਿਤ ਕੀਤਾ ਗਿਆ ਜਿਥੇ ਸਿੱਖ ਵਿਦਿਆਰਥੀ ਰੋਜ਼ਾਨਾ ਸ਼ਾਮ ਨੂੰ ਸ਼ਬਦ ਕੀਰਤਨ ਅਤੇ ਅਰਦਾਸ ਵਿਚ ਹਿੱਸਾ ਲੈਂਦੇ ਸਨ।

# ਅਮਰੀਕਾ ਛੱਡਣ ਵਾਲੇ ਸੰਜਮ ਸਿੰਘ ਧਾਲੀਵਾਲ ਨੇ ਪੰਜਾਬ ਨੂੰ ਦੱਸਿਆ ਹਰ ਪੱਖੋਂ ਬੇਹਤਰ

## ਕਿਹਾ : 'ਜੋ ਪਿਆਰ ਤੇ ਸਹਿਯੋਗ ਪੰਜਾਬ 'ਚ ਮਿਲਦਾ ਹੈ, ਉਹ ਦੁਨੀਆ ਦੇ ਕਿਸੇ ਵੀ ਕੋਨੇ 'ਚ ਨਹੀਂ ਮਿਲ ਸਕਦਾ'

ਚੰਡੀਗੜ੍ਹ : ਅੱਜ ਦੇ ਸਮੇਂ ਹਰ ਨੌਜਵਾਨ ਵਿਦੇਸ਼ ਜਾਣ ਦੇ ਸੁਪਨੇ ਵੇਖ ਰਿਹਾ ਹੈ । ਪਰ ਇਸ ਦੇ ਬਿਲਕੁਲ ਉਲਟ ਕੈਲੀਫੋਰਨੀਆ ਯੂਨੀਵਰਸਿਟੀ ਤੋਂ ਪੜ੍ਹੇ ਸੰਜਮ ਸਿੰਘ ਧਾਲੀਵਾਲ ਨੇ ਅਮਰੀਕਾ ਵਰਗੇ ਦੇਸ਼ ਨੂੰ ਛੱਡ ਕੇ ਵਾਪਸ ਆਪਣੇ ਪੰਜਾਬ ਆਉਣ ਦਾ ਫੈਸਲਾ ਕੀਤਾ। ਜਦੋਂ ਉਸ ਨੂੰ ਪੁੱਛਿਆ ਕਿ ਉਸ ਨੇ ਅਮਰੀਕਾ ਵਰਗੇ ਦੇਸ਼ ਨੂੰ ਕਿਉਂ ਛੱਡ ਦਿੱਤਾ ਤਾਂ ਉਸ ਕੋਲ ਇਸ ਦਾ ਸਿਰਫ਼ ਇੱਕ ਸ਼ਬਦ ਵਿੱਚ ਜਵਾਬ ਸੀ ਭਾਈਚਾਰਕ ਸਾਂਝ । ਸੰਜਮ ਨੇ ਪੰਜਾਬ ਵਿੱਚ ਰਹਿਣ ਦੇ ਸਕੂਨ ਅਤੇ ਜੀਵਨ ਦੀ ਸਹੂਲਤ ਨੂੰ ਪੈਸੇ ਨਾਲੋਂ ਜ਼ਿਆਦਾ ਕੀਮਤੀ ਦੱਸਿਆ ਹੈ। ਉਸ ਨੇ ਆਪਣੇ ਤਜ਼ਰਬੇ ਸਾਂਝੇ ਕਰਦਿਆਂ ਦੱਸਿਆ ਕਿ ਕਿਵੇਂ ਅਮਰੀਕਾ ਅਤੇ ਭਾਰਤ ਵਿੱਚ ਕੰਮ ਕਰਨ ਦਾ ਤਰੀਕਾ ਬਿਲਕੁਲ ਵੱਖਰਾ ਹੈ। ਅਮਰੀਕਾ ਵਿੱਚ ਇੱਕ ਸਰਕਾਰੀ ਕੂੜੇ ਵਾਲੇ ਟਰੱਕ ਨੇ ਉਸ ਦੀ ਕਾਰ ਨੂੰ ਨੁਕਸਾਨ ਪਹੁੰਚਾਇਆ, ਪਰ ਨਾ ਤਾਂ ਪ੍ਰਸ਼ਾਸਨ ਨੇ ਅਤੇ ਨਾ ਹੀ ਬੀਮਾ ਕੰਪਨੀ ਨੇ ਉਸ ਦੀ ਕੋਈ ਮਦਦ ਕੀਤੀ। ਰਿਪੇਅਰ ਦੀ ਕੀਮਤ ਹਜ਼ਾਰਾਂ ਡਾਲਰ ਦੱਸੀ ਗਈ, ਜਿਸ ਤੋਂ ਬਾਅਦ ਉਸ ਨੂੰ ਅਤੇ ਉਸ ਦੇ ਦੋਸਤਾਂ ਨੂੰ ਖ਼ੁਦ ਹੀ ਮਿਹਨਤ ਕਰਕੇ ਗੱਡੀ ਠੀਕ ਕਰਨੀ ਪਈ।



ਇਸ ਦੇ ਉਲਟ ਪੰਜਾਬ ਵਿੱਚ ਜਦੋਂ ਉਸ ਦੀ ਕਾਰ ਦਾ ਕਲੱਚ ਖਰਾਬ ਹੋਇਆ ਤਾਂ ਮਕੈਨਿਕ ਨੇ ਇੱਕ ਫੋਨ 'ਤੇ ਤੁਰੰਤ ਆ ਕੇ ਉਸੇ ਦਿਨ ਗੱਡੀ ਠੀਕ ਕਰ ਦਿੱਤੀ। ਸੰਜਮ ਅਨੁਸਾਰ ਪੰਜਾਬ ਵਿੱਚ ਮਕੈਨਿਕ ਦਾ ਧਿਆਨ ਪਹਿਲਾਂ ਮਦਦ ਕਰਨ 'ਤੇ ਸੀ ਅਤੇ ਪੈਸਿਆਂ ਦੀ ਗੱਲ ਬਾਅਦ ਵਿੱਚ ਹੋਈ। ਉਸ ਨੇ ਮਹਿਸੂਸ ਕੀਤਾ ਕਿ ਜੋ ਪਿਆਰ ਅਤੇ ਸਹਿਯੋਗ ਪੰਜਾਬ ਵਿੱਚ ਮਿਲਦਾ ਹੈ, ਉਹ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਨਹੀਂ ਮਿਲ ਸਕਦਾ। ਮਜ਼ਾਕੀਆ ਲਹਿਜ਼ੇ ਵਿੱਚ ਉਸ ਨੇ 'ਅੰਮ੍ਰਿਤਸਰੀ ਕੁਲਚੇ' ਨੂੰ ਵੀ ਆਪਣੀ ਵਾਪਸੀ ਦਾ ਇੱਕ ਵੱਡਾ ਕਾਰਨ ਦੱਸਿਆ। ਸੰਜਮ ਦੀ ਇਸ ਵੀਡੀਓ ਨੇ ਇੰਟਰਨੈੱਟ 'ਤੇ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ। ਜਿੱਥੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਮਜ਼ਦੂਰੀ ਸਸਤੀ ਹੋਣ ਕਰਕੇ ਸੇਵਾਵਾਂ ਆਸਾਨ ਹਨ, ਉੱਥੇ ਹੀ ਬਹੁਤ ਸਾਰੇ ਲੋਕਾਂ ਨੇ ਸੰਜਮ ਦੀ ਗੱਲ ਨਾਲ ਸਹਿਮਤੀ ਜਤਾਈ ਹੈ ਕਿ ਵਿਦੇਸ਼ੀ ਜੀਵਨ ਬਹੁਤ ਤਣਾਅਪੂਰਨ ਅਤੇ ਮਸ਼ੀਨੀ ਹੈ, ਜਦਕਿ ਪੰਜਾਬ ਵਿੱਚ ਅਪਣੱਤ ਅਤੇ ਭਾਈਚਾਰਾ ਅੱਜ ਵੀ ਜ਼ਿੰਦਾ ਹੈ।

# 50% ਤੋਂ ਵੱਧ ਟਿਕਟਾਂ 50 ਸਾਲ ਤੋਂ ਘੱਟ ਉਮਰ ਦੇ ਲੋਕਾਂ ਲਈ ਹਨ : ਭੁਪੇਸ਼ ਬਘੇਲ

## 'ਨਵੇਂ ਉਮੀਦਵਾਰਾਂ ਨੂੰ ਮੌਕਾ ਦਿੱਤਾ ਜਾਵੇਗਾ, ਔਰਤਾਂ ਨੂੰ ਵੀ ਸੰਗਠਨ ਵਿੱਚ ਮੌਕੇ ਦਿੱਤੇ ਜਾਣਗੇ'

ਚੰਡੀਗੜ੍ਹ: ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸਾਰੇ ਵੱਡੇ ਆਗੂਆਂ ਨਾਲ ਗੱਲ ਕੀਤੀ ਗਈ ਹੈ ਅਤੇ ਸਾਰੇ ਜ਼ਮੀਨੀ ਪੱਧਰ ਦੇ ਆਗੂਆਂ ਨਾਲ ਸਰਕਾਰ ਬਣਾਉਣ ਦੇ ਤਰੀਕੇ ਬਾਰੇ ਚਰਚਾ ਕੀਤੀ ਗਈ ਹੈ, ਜਿਸ ਵਿੱਚ ਸਾਰਿਆਂ ਤੋਂ ਸੁਝਾਅ ਵੀ ਲਏ ਗਏ ਹਨ। ਆਉਣ ਵਾਲੇ ਦਿਨਾਂ ਵਿੱਚ ਸੜਕਾਂ 'ਤੇ ਕਿਵੇਂ ਲੜਨਾ ਹੈ, ਇਸ ਬਾਰੇ ਟੀਮ ਨਾਲ ਚਰਚਾ ਕੀਤੀ ਜਾਵੇਗੀ, ਅਸੀਂ ਕਿਸਾਨਾਂ ਦੇ ਮੁੱਦੇ 'ਤੇ ਵੀ ਜਾਵਾਂਗੇ ਅਤੇ ਇਸ ਬਾਰੇ ਸੜਕਾਂ 'ਤੇ ਉਤਰਾਂਗੇ। ਪੰਜਾਬ ਕਾਂਗਰਸ ਇੰਚਾਰਜ ਭੁਪੇਸ਼ ਬਘੇਲ ਨੇ ਕਿਹਾ ਕਿ ਮਨਰੇਗਾ ਮੁੱਦੇ 'ਤੇ ਕਈ ਰੈਲੀਆਂ ਕੀਤੀਆਂ ਗਈਆਂ ਹਨ। ਅਮਰੀਕਾ ਅਤੇ ਭਾਰਤ ਵਿਚਕਾਰ ਵਪਾਰ ਸਮਝੌਤੇ ਤੋਂ ਪਤਾ ਚੱਲਦਾ ਹੈ ਕਿ ਕਿਸਾਨਾਂ ਨੂੰ ਕਾਫ਼ੀ ਨੁਕਸਾਨ ਹੋਵੇਗਾ। ਰਾਹੁਲ ਗਾਂਧੀ ਇਸ ਮੁੱਦੇ ਨੂੰ ਉਠਾਉਣਗੇ ਅਤੇ ਪੰਜਾਬ ਵਿੱਚ ਇੱਕ ਵੱਡੀ ਰੈਲੀ ਕੀਤੀ ਜਾਵੇਗੀ, ਜੋ 28 ਫਰਵਰੀ ਜਾਂ 1 ਮਾਰਚ ਨੂੰ ਨਿਰਧਾਰਤ ਹੈ।



ਲੋਕ ਸਭਾ ਵਿੱਚ ਉਠਾਏ ਗਏ ਮੁੱਦੇ ਬਾਰੇ, ਉਨ੍ਹਾਂ ਕਿਹਾ ਕਿ ਜਿੱਥੇ ਵੀ ਅਮਿਤ ਸ਼ਾਹ ਬਹਿਸ ਕਰਨਾ ਚਾਹੁੰਦੇ ਹਨ, ਉਹ ਉੱਥੇ ਸ਼ਾਮਲ ਹੋਣਗੇ। ਉਹ ਉਨ੍ਹਾਂ ਨੂੰ ਸਿੱਧੇ ਤੌਰ 'ਤੇ ਚੁਣੌਤੀ ਦੇ ਰਹੇ ਸਨ। ਟਿਕਟ ਵੰਡ ਬਾਰੇ, ਬਘੇਲ ਨੇ ਕਿਹਾ ਕਿ ਟਿਕਟ ਵੰਡ ਅਤੇ ਵਿਧਾਇਕ ਦਲ ਦੇ ਨੇਤਾ ਦੀ ਚੋਣ ਹਾਈ ਕਮਾਂਡ ਕਰਦੀ ਹੈ। ਪਾਰਟੀ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ, ਜਿਸ ਵਿੱਚ 50% ਤੋਂ ਵੱਧ ਟਿਕਟਾਂ 50 ਸਾਲ ਤੋਂ ਘੱਟ ਉਮਰ ਦੇ ਲੋਕਾਂ ਲਈ ਹਨ। ਨਵੇਂ ਉਮੀਦਵਾਰਾਂ ਬਾਰੇ, ਔਰਤਾਂ ਨੂੰ ਵੀ ਸੰਗਠਨ ਵਿੱਚ ਮੌਕੇ ਦਿੱਤੇ ਜਾਣਗੇ। ਬਘੇਲ ਨੇ ਕਿਹਾ ਕਿ ਐਸਸੀ, ਐਸਟੀ ਅਤੇ ਓਬੀਸੀ ਭਾਈਚਾਰਿਆਂ ਨੂੰ ਮਹੱਤਵਪੂਰਨ ਮੌਕੇ ਦਿੱਤੇ ਜਾਣਗੇ ਅਤੇ ਨੌਜਵਾਨਾਂ ਨੂੰ ਮਹੱਤਵ ਦਿੱਤਾ ਜਾਵੇਗਾ।

# ਬਿਹਾਰ ਵਿੱਚ ਸਿੱਖਾਂ ਨੂੰ ਕਿਉਂ ਨਹੀਂ ਮਿਲ ਰਿਹਾ ਘੱਟ ਗਿਣਤੀ ਦਾ ਦਰਜਾ ?

### ਵਿਧਾਨ ਸਭਾ 'ਚ ਸਿੱਖ ਘੱਟ ਗਿਣਤੀ ਦਰਜੇ ਦਾ ਮੁੱਦਾ ਇੱਕ ਵਾਰ ਫਿਰ ਗਿਆ ਉਠਾਇਆ




ਪਟਨਾ: ਬਿਹਾਰ ਵਿਧਾਨ ਸਭਾ ਵਿੱਚ ਸਿੱਖ ਘੱਟ ਗਿਣਤੀ ਦਰਜੇ ਦਾ ਮੁੱਦਾ ਇੱਕ ਵਾਰ ਫਿਰ ਉਠਾਇਆ ਗਿਆ ਅਤੇ ਹਮੇਸ਼ਾ ਵਾਂਗ, ਇਸ ਨੂੰ 'ਸਰਕਾਰ ਇਸ 'ਤੇ ਗੌਰ ਕਰੇਗੀ' ਦੇ ਨਾਅਰੇ ਨਾਲ ਟਾਲ ਦਿੱਤਾ ਗਿਆ। ਇਹ ਸਵਾਲ ਭਾਜਪਾ ਵਿਧਾਇਕ ਰਤਨੇਸ਼ ਕੁਸ਼ਵਾਹਾ ਨੇ ਉਠਾਇਆ ਅਤੇ ਜਵਾਬ ਮੰਤਰੀ ਵਿਜੇ ਕੁਮਾਰ ਚੌਧਰੀ ਨੇ ਦਿੱਤਾ। ਵੱਡਾ ਸਵਾਲ ਇਹ ਹੈ ਕਿ ਸਰਕਾਰ ਬਿਹਾਰ ਵਿੱਚ ਸਿੱਖਾਂ ਨੂੰ ਘੱਟ ਗਿਣਤੀ ਦਰਜਾ ਦੇਣ 'ਤੇ ਅੱਗੇ ਕਿਉਂ ਨਹੀਂ ਵਧ ਰਹੀ ਹੈ। ਸਮੱਸਿਆ ਕਿੱਥੇ ਹੈ ? ਸਰਕਾਰ ਇਸ ਨੂੰ ਆਸਾਨੀ ਨਾਲ ਸਵੀਕਾਰ ਕਿਉਂ ਨਹੀਂ ਕਰ ਰਹੀ ?

ਵਿਧਾਇਕ ਰਤਨੇਸ਼ ਕੁਮਾਰ ਨੇ ਵਿਧਾਨ ਸਭਾ ਵਿੱਚ ਕਿਹਾ ਕਿ ਕੇਂਦਰ ਸਰਕਾਰ ਦੇ ਨੋਟੀਫਿਕੇਸ਼ਨ ਦੇ ਬਾਵਜੂਦ ਬਿਹਾਰ ਵਿੱਚ ਸਿੱਖ ਭਾਈਚਾਰੇ ਨੂੰ ਘੱਟ ਗਿਣਤੀ ਸਰਟੀਫਿਕੇਟ ਪ੍ਰਦਾਨ ਨਹੀਂ ਕੀਤੇ ਜਾਂਦੇ। ਸਮੱਸਿਆ ਇਹ ਹੈ ਕਿ ਕਈ ਥਾਵਾਂ 'ਤੇ ਫਾਰਮ ਭਰਨ ਵੇਲੇ ਦਸਤਾਵੇਜ਼ਾਂ 'ਤੇ 'ਸਿੱਖ' ਲਈ ਕੋਈ ਵਿਕਲਪ ਨਹੀਂ ਹੁੰਦਾ। ਹਾਲਾਂਕਿ ਮੰਤਰੀ ਵਿਜੇ ਚੌਧਰੀ ਨੇ ਸਰਕਾਰ ਵੱਲੋਂ ਜਵਾਬ ਦਿੰਦੇ ਹੋਏ ਕਿਹਾ ਕਿ ਬਿਹਾਰ ਵਿੱਚ ਜਾਤੀ ਸਰਟੀਫਿਕੇਟ ਧਰਮ ਦੇ ਆਧਾਰ 'ਤੇ ਜਾਰੀ ਨਹੀਂ ਕੀਤੇ ਜਾਂਦੇ ਹਨ। ਸਰਕਾਰੀ ਸੇਵਾਵਾਂ ਲਈ ਫਾਰਮਾਂ ਵਿੱਚ ਵੀ ਧਰਮ ਦਾ ਜ਼ਿਕਰ ਨਹੀਂ ਹੈ। ਫਿਰ ਵੀ ਉਨ੍ਹਾਂ ਸਦਨ ਨੂੰ ਭਰੋਸਾ ਦਿੱਤਾ ਕਿ ਸਰਕਾਰ ਇਸ ਮਾਮਲੇ 'ਤੇ ਗੌਰ ਕਰੇਗੀ।

# ਹੁਣ ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਵੀ.ਵੀ.ਆਈ.ਪੀ ਨਾਲ ਨਹੀਂ ਖਿਚਵਾਉਣਗੇ ਤਸਵੀਰਾਂ

### ਸੋਸ਼ਲ ਮੀਡੀਆ 'ਤੇ ਆਏ ਵੱਖ-ਵੱਖ ਪ੍ਰਤੀਕਰਮਾਂ ਤੋਂ ਬਾਅਦ ਡੇਰੇ ਨੇ ਲਿਆ ਫ਼ੈਸਲਾ

ਅੰਮ੍ਰਿਤਸਰ : ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਵਲੋਂ ਵੱਡਾ ਫ਼ੈਸਲਾ ਲਿਆ ਗਿਆ ਹੈ। ਇਸ ਫ਼ੈਸਲੇ ਦੇ ਮੁਤਾਬਕ ਹੁਣ ਭਵਿੱਖ 'ਚ ਕਿਸੇ ਵੀ. ਵੀ. ਆਈ. ਪੀ. ਜਾਂ ਸਿਆਸੀ ਸ਼ਖ਼ਸੀਅਤ ਨਾਲ ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੀਆਂ ਤਸਵੀਰਾਂ ਜਨਤਕ ਤੌਰ 'ਤੇ ਨਹੀਂ ਖਿਚਵਾਈਆਂ ਜਾਣਗੀਆਂ। ਸੰਸਥਾ ਨਾਲ ਜੁੜੇ ਸਰੋਤਾਂ ਮੁਤਾਬਕ ਇਹ ਕਦਮ ਡੇਰੇ ਦੀ ਪਰੰਪਰਾ ਅਤੇ ਸਾਦਗੀ ਨੂੰ ਬਣਾਈ ਰੱਖਣ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ। ਪ੍ਰਬੰਧਕਾਂ ਦਾ ਮੰਨਣਾ ਹੈ ਕਿ ਸਤਿਸੰਗ ਦਾ ਕੇਂਦਰ ਸਿਰਫ ਆਤਮਿਕ ਉੱਨਤੀ ਅਤੇ ਸਿਮਰਨ ਹੋਣਾ ਚਾਹੀਦਾ ਹੈ, ਨਾ ਕਿ ਪ੍ਰਸਿੱਧ ਹਸਤੀਆਂ ਨਾਲ ਫੋਟੋਆਂ ਦਾ ਪ੍ਰਚਾਰ। ਜ਼ਿਕਰਯੋਗ ਹੈ ਕਿ ਹਾਲ ਹੀ 'ਚ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਗੁਰਿੰਦਰ



ਸਿੰਘ ਢਿੱਲੋਂ ਦੀਆਂ ਕੁੱਝ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ। ਇਨ੍ਹਾਂ 'ਚ ਉਹ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਅਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਨਾਲ ਨਜ਼ਰ ਆਏ। ਸੋਸ਼ਲ ਮੀਡੀਆ 'ਤੇ ਇਨ੍ਹਾਂ ਤਸਵੀਰਾਂ ਨੂੰ ਲੈ ਕੇ ਵੱਖ-ਵੱਖ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਦੇਖਣ ਨੂੰ ਮਿਲੀਆਂ, ਜਿਸ ਤੋਂ ਬਾਅਦ ਡੇਰੇ ਵਲੋਂ ਉਕਤ ਫ਼ੈਸਲਾ ਲਿਆ ਗਿਆ।

# ਸਿੱਧੂ ਮੂਸੇਵਾਲਾ ਦੇ ਘਰ ਦੀ ਰੇਕੀ ਕਰਨ ਵਾਲਾ ਬੌਬੀ ਕਬੂਤਰ ਗ੍ਰਿਫ਼ਤਾਰ, ਲਾਰੈਂਸ ਗੈਂਗ ਦਾ ਹੈ ਗੁਰਗਾ

### ਮੁਲਜ਼ਮ ਦਿੱਲੀ ਤੇ ਉੱਤਰ ਪ੍ਰਦੇਸ਼ 'ਚ ਕਈ ਕਤਲ ਮਾਮਲਿਆਂ ਵਿੱਚ ਸੀ ਲੋੜੀਂਦਾ

ਚੰਡੀਗੜ੍ਹ : ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਗੁਰੂਗ੍ਰਾਮ ਵਿੱਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਪਹਿਲਾਂ ਰੇਕੀ ਕਰਨ ਵਾਲੇ ਬਦਨਾਮ ਅਪਰਾਧੀ ਬੌਬੀ ਕਬੂਤਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਭਗੌੜੇ ਅਪਰਾਧੀ ਦੇ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧ ਹਨ। ਬੌਬੀ ਕਬੂਤਰ ਦਿੱਲੀ ਅਤੇ ਉੱਤਰ ਪ੍ਰਦੇਸ਼ ਵਿੱਚ ਕਈ ਕਤਲ ਮਾਮਲਿਆਂ ਵਿੱਚ ਲੋੜੀਂਦਾ ਸੀ, ਜਿਨ੍ਹਾਂ ਵਿੱਚ ਮਕੋਕਾ ਅਤੇ ਐਨਆਈਏ ਅਧੀਨ ਮਾਮਲੇ ਸ਼ਾਮਲ ਹਨ।

ਉੱਤਰ ਪੂਰਬੀ ਦਿੱਲੀ ਵਿੱਚ ਇੱਕ ਵੱਡੇ ਗੈਂਗਸਟਰ ਵਜੋਂ ਜਾਣੇ ਜਾਂਦੇ ਬੌਬੀ ਕਬੂਤਰ ਦਾ ਇੱਕ ਲੰਮਾ ਅਪਰਾਧਿਕ ਰਿਕਾਰਡ ਹੈ ਅਤੇ ਉਸ ਉੱਤੇ ਕਤਲ, ਕਤਲ ਦੀ ਕੋਸ਼ਿਸ਼ ਅਤੇ ਸੰਗਠਿਤ ਅਪਰਾਧ ਸਮੇਤ ਕਈ ਗੰਭੀਰ ਦੋਸ਼ ਹਨ।

ਜਾਂਚ ਤੋਂ ਪਤਾ ਲੱਗਾ ਕਿ ਬੌਬੀ ਕਬੂਤਰ ਸਿੱਧੂ



ਮੂਸੇਵਾਲਾ ਦੇ ਕਤਲ ਤੋਂ ਕੁਝ ਸਮਾਂ ਪਹਿਲਾਂ ਪੰਜਾਬ ਵਿੱਚ ਮੌਜੂਦ ਸੀ। ਉਸ ਨੇ ਆਪਣੇ ਸਾਥੀ ਗੈਂਗਸਟਰ ਸ਼ਾਹਰੁਖ ਨਾਲ ਮਿਲ ਕੇ ਗਾਇਕ ਦੇ ਕਤਲ ਤੋਂ ਪਹਿਲਾਂ ਇਲਾਕੇ ਦੀ ਰੇਕੀ ਕੀਤੀ ਸੀ।

ਗਾਇਕ ਦੇ ਕਤਲ ਤੋਂ ਬਾਅਦ ਹੀ ਉਹ ਪੁਲਿਸ ਦੀਆਂ ਨਜ਼ਰਾਂ ਤੋਂ ਬਚਦਾ ਰਿਹਾ। ਉਸ ਦੀ ਗ੍ਰਿਫ਼ਤਾਰੀ ਨਾਲ ਸਿੱਧੂ ਮੂਸੇਵਾਲਾ ਕਤਲ ਕੇਸ ਨਾਲ ਸਬੰਧਤ ਕਈ ਹੋਰ ਮਹੱਤਵਪੂਰਨ ਸੁਰਾਗ ਮਿਲਣ ਦੀ ਉਮੀਦ ਹੈ।

# ਬੇਅੰਤ ਸਿੰਘ ਕਤਲ ਕਾਂਡ : ਬਲਵੰਤ ਸਿੰਘ ਰਾਜੋਆਣਾ ਦੀ ਅਪੀਲ 'ਤੇ ਸੁਣਵਾਈ 18 ਮਾਰਚ ਨੂੰ

### ਫਾਂਸੀ ਦੀ ਸਜ਼ਾ ਉਮਰ ਕੈਦ 'ਚ ਬਦਲਣ ਦੀ ਕੀਤੀ ਸੀ ਮੰਗ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਬੁਧਵਾਰ ਨੂੰ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ 'ਚ ਦੋਸ਼ੀ ਠਹਿਰਾਏ ਗਏ ਬਲਵੰਤ ਸਿੰਘ ਰਾਜੋਆਣਾ ਦੀ ਅਪੀਲ 'ਤੇ 18 ਮਾਰਚ ਨੂੰ ਸੁਣਵਾਈ ਕਰੇਗਾ।

ਰਾਜੋਆਣਾ ਨੇ ਅਪਣੀ ਅਪੀਲ 'ਚ ਰਹਿਮ ਦੀ ਬੇਨਤੀ 'ਤੇ ਫ਼ੈਸਲਾ ਕਰਨ 'ਚ ਦੇਰੀ ਕਾਰਨ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਬਦਲਣ ਦੀ ਅਪੀਲ ਕੀਤੀ ਹੈ। ਰਾਜੋਆਣਾ 29 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ 'ਚ ਹਨ, ਜਿਨ੍ਹਾਂ 'ਚੋਂ 15 ਸਾਲ ਤੋਂ ਵੱਧ ਸਮਾਂ ਉਹ ਮੌਤ ਦੀ ਸਜ਼ਾ ਪਾਏ ਕੈਦੀ ਵਜੋਂ ਲੰਘਾ ਚੁਕੇ ਹਨ।

ਕੇਂਦਰ ਸਰਕਾਰ ਵਲੋਂ ਪੇਸ਼ ਵਕੀਲ ਨੇ ਜਸਟਿਸ ਵਿਕਰਮ ਨਾਥ, ਜਸਟਿਸ ਸੰਦੀਪ ਮੇਹਤਾ ਅਤੇ ਜਸਟਿਸ ਐਨ.ਬੀ. ਅੰਜਾਰੀਆ ਦੀ ਬੈਂਚ ਨੂੰ



ਦਸਿਆ ਕਿ ਉਨ੍ਹਾਂ ਨੂੰ ਇਸ ਮਾਮਲੇ 'ਚ ਕੁੱਝ ਸਮਾਂ ਚਾਹੀਦਾ ਹੈ। ਰਾਜੋਆਣਾ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਸਿਖਰਲੀ ਅਦਾਲਤ ਦੇ 24 ਸਤੰਬਰ, 2025 ਦੇ ਹੁਕਮ ਦਾ ਹਵਾਲਾ ਦਿਤਾ ਜਿਸ 'ਚ ਕਿਹਾ ਗਿਆ ਸੀ ਕਿ ਵਿਰੋਧੀ ਧਿਰ ਵਲੋਂ ਮੁਲਤਵੀ ਲਈ ਅੱਗੇ ਕਿਸੇ ਵੀ ਅਪੀਲ ਉਤੇ ਵਿਚਾਰ ਨਹੀਂ ਕੀਤਾ ਜਾਵੇਗਾ। ਬੈਂਚ ਨੇ ਕਿਹਾ, "ਮਾਮਲੇ ਦੀ ਸੁਣਵਾਈ 18 ਮਾਰਚ ਨੂੰ ਹੋਵੇਗੀ।" ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੂੰ ਰਾਜੋਆਣਾ ਦੀ ਰਹਿਮ ਦੀ ਅਪੀਲ ਬਾਰੇ ਫ਼ੈਸਲਾ ਕਰਨ ਲਈ ਕਿਹਾ ਸੀ। ਕੇਂਦਰ ਨੇ ਉਦੋਂ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਰਹਿਮ ਦੀ ਅਪੀਲ ਵਿਚਾਰ ਅਧੀਨ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਅਤੇ 16 ਹੋਰ ਵਿਅਕਤੀ 31 ਅਗਸਤ, 1995 ਨੂੰ ਚੰਡੀਗੜ੍ਹ 'ਚ ਸਿਵਲ ਸਕੱਤਰੇਤ ਦੇ ਗੇਟ ਨੇੜੇ ਹੋਏ ਧਮਾਕੇ 'ਚ ਮਾਰੇ ਗਏ ਸਨ। ਇਕ ਵਿਸ਼ੇਸ਼ ਅਦਾਲਤ ਨੇ ਜੁਲਾਈ 2007 'ਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ।

# ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਜੁੱਤੀਆਂ ਸਮੇਤ ਦਿਖਾਇਆ ਨੌਜਵਾਨ

## AI ਰਾਹੀਂ ਬਣਾਈਆਂ ਵਿਵਾਦਿਤ ਵੀਡੀਓਜ਼ 'ਤੇ FIR ਦਰਜ

### ਸ਼੍ਰੋਮਣੀ ਕਮੇਟੀ ਦੀ ਸ਼ਿਕਾਇਤ 'ਤੇ ਸਾਈਬਰ ਕ੍ਰਾਈਮ ਪੁਲਿਸ ਦੀ ਕਾਰਵਾਈ; ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਲੱਗੇ ਦੋਸ਼

ਅੰਮ੍ਰਿਤਸਰ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਮਰਿਆਦਾ ਨੂੰ ਠੇਸ ਪਹੁੰਚਾਉਣ ਵਾਲੀਆਂ ਤਿੰਨ ਆਰਟੀਫੀਸ਼ੀਅਲ ਇੰਟੈਲੀਜੈਂਸ ਜਨਰੇਟਿਡ ਵਿਵਾਦਿਤ ਵੀਡੀਓਜ਼ ਸਾਹਮਣੇ ਆਉਣ ਤੋਂ ਬਾਅਦ ਅੰਮ੍ਰਿਤਸਰ ਪੁਲਿਸ ਨੇ ਸਖ਼ਤ ਕਾਰਵਾਈ ਕੀਤੀ ਹੈ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਿਕਾਇਤ 'ਤੇ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਵਿੱਚ ਭਾਰਤੀ ਨਿਆ ਸੰਹਿਤਾ ਦੀਆਂ ਧਾਰਾਵਾਂ 299, 353(2) ਅਤੇ 353(3) ਤਹਿਤ ਕੇਸ ਦਰਜ ਕੀਤਾ ਗਿਆ ਹੈ।

ਇਸ ਵੀਡੀਓ ਵਿੱਚ ਇੱਕ ਨੌਜਵਾਨ ਨੂੰ ਪਵਿੱਤਰ ਪਰਿਕਰਮਾ ਵਿੱਚ ਜੁੱਤੀਆਂ ਪਾ ਕੇ ਖੜ੍ਹਾ ਦਿਖਾਇਆ ਗਿਆ ਹੈ। ਇੰਨਾ ਹੀ ਨਹੀਂ ਵੀਡੀਓ ਵਿੱਚ ਇੱਕ ਕਾਰ ਨੂੰ ਪਰਿਕਰਮਾ ਦੇ ਅੰਦਰ ਦਾਖਲ ਹੁੰਦੇ ਦਿਖਾਇਆ ਗਿਆ,ਜਿਸ ਵਿੱਚ ਬੈਠ ਕੇ ਉਹ ਨੌਜਵਾਨ ਬਾਹਰ ਜਾਂਦਾ ਨਜ਼ਰ ਆਉਂਦਾ ਹੈ। ਜਦਕਿ ਦੂਜੀ ਵੀਡੀਓ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਸਰੂਪ ਅਤੇ ਦ੍ਰਿਸ਼ਾਂ ਨੂੰ 19 ਰਾਹੀਂ ਬਦਲ ਕੇ ਪੇਸ਼ ਕੀਤਾ ਗਿਆ ਹੈ, ਜੋ ਸਿੱਖ ਰਹਿਤ ਮਰਿਆਦਾ ਦੇ ਸਖ਼ਤ ਖਿਲਾਫ਼ ਹੈ।

ਤੀਜੀ ਵੀਡੀਓ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ




ਸਾਹਮਣੇ ਇੱਕ ਜੋੜੇ ਨੂੰ ਬਹੁਤ ਹੀ ਇਤਰਾਜ਼ਯੋਗ ਹਰਕਤਾਂ ਕਰਦੇ ਦਿਖਾਇਆ ਗਿਆ ਹੈ, ਜਿਸ ਕਾਰਨ ਸੰਗਤ ਵਿੱਚ ਭਾਰੀ ਰੋਸ ਹੈ। SGPC ਨੇ ਇਨ੍ਹਾਂ ਵੀਡੀਓਜ਼ ਦੇ ਵਾਇਰਲ ਹੋਣ ਤੋਂ ਤੁਰੰਤ ਬਾਅਦ ਪੁਲਿਸ ਕਮਿਸ਼ਨਰ ਨੂੰ ਦੋ ਵੱਖ-ਵੱਖ ਸ਼ਿਕਾਇਤਾਂ ਦਿੱਤੀਆਂ ਸਨ। ਕਮੇਟੀ ਨੇ ਉਹ ਇੰਸਟਾਗ੍ਰਾਮ ਲਿੰਕ ਵੀ ਪੁਲਿਸ ਨੂੰ ਸੌਂਪੇ ਹਨ ਜਿੱਥੋਂ ਇਹ ਸਮੱਗਰੀ ਅਪਲੋਡ ਕੀਤੀ ਗਈ ਸੀ।

AI ਤਕਨੀਕ ਰਾਹੀਂ ਸਿੱਖ ਇਤਿਹਾਸ ਅਤੇ ਮਰਿਆਦਾ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਦੇ ਵੱਧਦੇ ਮਾਮਲਿਆਂ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹੀ ਇੱਕ ਵਿਸ਼ੇਸ਼ ਉਪ-ਕਮੇਟੀ ਦਾ ਗਠਨ ਕੀਤਾ ਹੋਇਆ ਹੈ। 13 ਅਕਤੂਬਰ 2025 ਨੂੰ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ, ਇਹ ਕਮੇਟੀ ਮਾਹਿਰਾਂ ਦੀ ਸਲਾਹ ਲੈ ਕੇ ਅਜਿਹੇ ਡਿਜੀਟਲ ਕੰਟੈਂਟ 'ਤੇ ਰੋਕ ਲਗਾਉਣ ਲਈ ਠੋਸ ਨੀਤੀ ਤਿਆਰ ਕਰ ਰਹੀ ਹੈ ਤਾਂ ਜੋ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਨਾ ਹੋ ਸਕੇ।

# ਧਾਰਮਿਕ ਅਸਥਾਨਾਂ 'ਤੇ ਔਰਤਾਂ ਨਾਲ ਵਿਤਕਰੇ ਬਾਰੇ ਅਪੀਲਾਂ 'ਤੇ ਸੁਣਵਾਈ ਕਰੇਗੀ 9 ਜੱਜਾਂ ਦੀ ਬੈਂਚ

### 7 ਅਪ੍ਰੈਲ ਨੂੰ ਸ਼ੁਰੂ ਹੋਵੇਗੀ ਸੁਣਵਾਈ, 22 ਅਪ੍ਰੈਲ ਤਕ ਪੂਰੀ ਹੋਣ ਦੀ ਸੰਭਾਵਨਾ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਕਿਹਾ ਕਿ ਨੌਂ ਜੱਜਾਂ ਦੀ ਬੈਂਚ ਕੇਰਲ ਦੇ ਸ਼ਬਰੀਮਾਲਾ ਮੰਦਰ ਸਮੇਤ ਵੱਖੋ-ਵੱਖ ਧਰਮਾਂ ਅਤੇ ਧਾਰਮਕ ਅਸਥਾਨਾਂ 'ਤੇ ਔਰਤਾਂ ਨਾਲ ਵਿਤਕਰੇ ਨਾਲ ਸਬੰਧਤ ਅਪੀਲਾਂ 'ਤੇ ਅੰਤਮ ਸੁਣਵਾਈ ਸ਼ੁਰੂ ਕਰੇਗੀ।

ਚੀਫ਼ ਜਸਟਿਸ ਸੂਰਿਆਕਾਂਤ, ਜਸਟਿਸ ਜੋਏਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐਮ. ਪੰਚੋਲੀ ਦੀ ਬੈਂਚ ਨੇ ਕਿਹਾ ਕਿ ਭਾਰਤ ਦੇ ਚੀਫ਼ ਜਸਟਿਸ ਵਲੋਂ ਗਠਤ ਕੀਤੀ ਜਾਣ ਵਾਲੀ ਇਹ ਬੈਂਚ ਸੱਤ ਅਪ੍ਰੈਲ ਨੂੰ ਅਪੀਲਾਂ 'ਤੇ ਅਹਿਮ ਸੁਣਵਾਈ ਸ਼ੁਰੂ ਕਰੇਗੀ। ਇਸ ਨੇ ਕਿਹਾ ਕਿ ਸੁਣਵਾਈ 22 ਅਪ੍ਰੈਲ ਨੂੰ ਪੂਰੀ ਹੋਣ ਦੀ ਸੰਭਾਵਨਾ ਹੈ।

ਕੇਂਦਰ ਸਰਕਾਰ ਵਲੋਂ ਸਾਲੀਸੀਟਰ ਜਨਰਲ ਤੁਸ਼ਾਰ ਮੇਹਤਾ ਨੇ ਕਿਹਾ ਕਿ ਉਨ੍ਹਾਂ ਨੇ ਸ਼ਬਰੀਮਾਲਾ ਨਾਲ ਸਬੰਧਤ ਉਸ ਫ਼ੈਸਲੇ ਦੀ ਸਮੀਖਿਆ ਅਪੀਲਾਂ ਦਾ ਸਮਰਥਨ ਕੀਤਾ ਹੈ, ਜਿਨ੍ਹਾਂ 'ਚ ਕੇਰਲ ਦੇ ਪਵਿੱਤਰ ਪਹਾੜੀ ਮੰਦਰ



'ਚ ਹਰ ਉਮਰ ਵਰਗ ਦੀਆਂ ਔਰਤਾਂ ਦੇ ਦਾਖ਼ਲੇ ਦੀ ਇਜਾਜ਼ਤ ਦਿਤੀ ਗਈ ਸੀ। ਸਬਰੀਮਾਲਾ ਫ਼ੈਸਲੇ ਦੀ ਸਮੀਖਿਆ ਦਾ ਸਮਰਥਨ ਕਰਨ ਵਾਲੀਆਂ ਧਿਰਾਂ ਲਈ ਬੈਂਚ ਵਲੋਂ ਨਿਯੁਕਤ ਵਕੀਲ ਕ੍ਰਿਸ਼ਣ ਕੁਮਾਰ ਸਿੰਘ ਨੋਡਲ ਵਕੀਲ ਹਨ। ਚੀਫ਼ ਜਸਟਿਸ ਨੇ ਕਿਹਾ, "ਅਸੀਂ ਇਹ ਉਚਿਤ ਸਮਝਦੇ ਹਾਂ ਕਿ ਸੀਨੀਅਰ ਵਕੀਲ ਕੇ. ਪਰਮੇਸ਼ਵਰ ਅਤੇ ਸ਼ਿਵਮ ਸਿੰਘ ਨੂੰ ਅਦਾਲਤ ਮਿੱਤਰ ਨਿਯੁਕਤ ਕੀਤਾ ਜਾਵੇ। ਸਿੰਘ ਇਸ ਅਦਾਲਤ ਦੇ ਸਾਹਮਣੇ ਸਾਰੀਆਂ ਧਿਰਾਂ ਦੇ ਵਿਚਾਰ ਪੇਸ਼ ਕਰਨਗੇ।"

ਹੁਕਮ 'ਚ ਕਿਹਾ ਗਿਆ, "ਨੌਂ ਜੱਜਾਂ ਦੀ ਬੈਂਚ 7 ਅਪ੍ਰੈਲ, 2026 ਨੂੰ ਸਵੇਰੇ 10:30 ਵਜੇ ਸ਼ਬਰੀਮਾਲਾ ਮੁੜਵਿਚਾਰ ਮਾਮਲੇ ਦੀ ਸੁਣਵਾਈ ਸ਼ੁਰੂ ਕਰੇਗੀ। ਮੁੜਵਿਚਾਰ ਅਪੀਲਾਂ ਜਾਂ ਉਨ੍ਹਾਂ ਦੇ ਸਮਰਥਕਾਂ ਦੇ ਪੱਖ ਨੂੰ 7 ਅਪ੍ਰੈਲ ਤੋਂ 9 ਅਪ੍ਰੈਲ ਤਕ ਸੁਣਿਆ ਜਾਵੇਗਾ। ਜੇਕਰ ਕੋਈ ਪੱਖ ਪੇਸ਼ ਕਰਨਾ ਹੋਵੇ ਤਾਂ ਉਸ ਦੀ ਸੁਣਵਾਈ 21 ਅਪ੍ਰੈਲ, 2026 ਨੂੰ ਹੋਵੇਗੀ, ਜਿਸ ਤੋਂ ਬਾਅਦ ਵਿਦਵਾਨ ਅਦਾਲਤ ਮਿੱਤਰ ਵਲੋਂ ਅੰਤਮ ਅਤੇ ਫ਼ੈਸਲਾਕੁੰਨ ਬਿਆਨ ਦਿਤੇ ਜਾਣਗੇ... ਜਿਸ ਦੇ 22 ਅਪ੍ਰੈਲ ਤਕ ਪੂਰੇ ਹੋਣ ਦੀ ਉਮੀਦ ਹੈ।" ਬੈਂਚ ਨੇ ਦੋਹਾਂ ਧਿਰਾਂ ਦੇ ਵਕੀਲਾਂ ਨੂੰ ਸਮਾਂ ਸਾਰਨੀ ਦਾ ਪਾਲਣ ਕਰਨ ਦਾ ਹੁਕਮ ਦਿਤਾ।

# ਐਸਡੀਐਮ ਨੇ ਪੀਸੀਐਸ ਮੇਨਜ਼ ਪ੍ਰੀਖਿਆ ਲਈ ਵਿਦਿਆਰਥੀਆਂ ਨੂੰ ਦਿੱਤਾ ਮਾਰਗਦਰਸ਼ਨ

## ਡਿਜੀਟਲ ਲਾਇਬ੍ਰੇਰੀ, ਹੁਸ਼ਿਆਰਪੁਰ ’ਚ ਵਿਸ਼ੇਸ਼ ਸੈਸ਼ਨ ਆਯੋਜਿਤ



ਹੁਸ਼ਿਆਰਪਰ, (ਰਵਿੰਦਰ ਸਿੰਘ ਟਾਂਡਾ) : ਐਸਡੀਐਮ ਗੁਰਸਿਮਰਨਜੀਤ ਕੌਰ (ਪੀਸੀਐਸ), ਹੁਸ਼ਿਆਰਪੁਰ ਨੇ ਅੱਜ ਡਿਜੀਟਲ ਲਾਇਬ੍ਰੇਰੀ, ਹੁਸ਼ਿਆਰਪੁਰ ਵਿਖੇ ਪੰਜਾਬ ਪੀਸੀਐਸ ਮੇਨਜ਼ ਪ੍ਰੀਖਿਆ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਮਾਰਗਦਰਸ਼ਨ ਸੈਸ਼ਨ ਦਾ ਆਯੋਜਨ ਕੀਤਾ। ਇਸ ਮੌਕੇ ਉਨ੍ਹਾਂ ਆਪਣੇ ਪ੍ਰਸ਼ਾਸਕੀ ਤਜਰਬੇ ਸਾਂਝੇ ਕੀਤੇ ਅਤੇ ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਪ੍ਰੀਖਿਆ ਰਣਨੀਤੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਦੀ ਯੋਗ ਅਗਵਾਈ ਹੇਠ ਡਿਜੀਟਲ ਲਾਇਬ੍ਰੇਰੀ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਨੌਜਵਾਨਾਂ ਲਈ ਇੱਕ ਪ੍ਰੇਰਨਾਦਾਇਕ ਕੇਂਦਰ ਬਣ ਗਈ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 7 ਦਸੰਬਰ ਨੂੰ ਹੋਈ ਪੰਜਾਬ ਪੀਸੀਐਸ ਮੁੱਢਲੀ ਪ੍ਰੀਖਿਆ ਵਿੱਚ ਇਸ ਲਾਇਬ੍ਰੇਰੀ ਤੋਂ ਤਿਆਰੀ ਕਰ ਰਹੇ 14 ਵਿਦਿਆਰਥੀਆਂ ਨੇ ਸਫਲਤਾ ਪ੍ਰਾਪਤ ਕੀਤੀ ਸੀ। ਪੰਜਾਬ ਪੀਸੀਐਸ ਮੇਨਜ਼ ਪ੍ਰੀਖਿਆ 1 ਅਪ੍ਰੈਲ ਤੋਂ 10 ਅਪ੍ਰੈਲ ਤੱਕ ਹੋ ਰਹੀ ਹੈ।

ਆਪਣੇ ਸੰਬੋਧਨ ਵਿੱਚ ਐਸਡੀਐਮ ਗੁਰਸਿਮਰਨਜੀਤ ਕੌਰ ਨੇ ਵਿਦਿਆਰਥੀਆਂ ਨੂੰ ਮੇਨਜ਼ ਪ੍ਰੀਖਿਆ ਦੀ ਤਿਆਰੀ ਦੌਰਾਨ ਆਉਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਵਿਹਾਰਕ ਤਰੀਕੇ ਦੱਸੇ। ਉਨ੍ਹਾਂ ਨੇ ਸਮਾਂ ਪ੍ਰਬੰਧਨ, ਉੱਤਰ ਲਿਖਣ ਦੀ ਸ਼ੈਲੀ, ਵਿਸ਼ਿਆਂ ਨੂੰ ਤਰਜੀਹ ਦੇਣ ਅਤੇ ਘੱਟ ਸਮੇਂ ਵਿੱਚ ਵਧੇਰੇ ਅੰਕ ਪ੍ਰਾਪਤ ਕਰਨ ਲਈ ਪ੍ਰਭਾਵਸ਼ਾਲੀ ਤਕਨੀਕਾਂ ’ਤੇ ਵਿਸ਼ੇਸ਼ ਜ਼ੋਰ ਦਿੱਤਾ।

ਸੈਸ਼ਨ ਦੌਰਾਨ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਸਵਾਲ ਪੁੱਛੇ, ਜਿਨ੍ਹਾਂ ਦਾ ਉਨ੍ਹਾਂ ਨੇ ਵਿਸਥਾਰ ਨਾਲ ਜਵਾਬ ਦਿੱਤਾ। ਸਲਾਹ ਸੈਸ਼ਨਾਂ ਦਾ ਵਿਦਿਆਰਥੀਆਂ ਨੂੰ ਕਾਫ਼ੀ ਲਾਭ ਹੋਇਆ ਅਤੇ ਉਨ੍ਹਾਂ ਦੇ ਆਤਮਵਿਸ਼ਵਾਸ ਅਤੇ ਉਤਸ਼ਾਹ ਵਿੱਚ ਕਾਫ਼ੀ ਵਾਧਾ ਹੋਇਆ।

# ਦੁਰਘਟਨਾ ਵਿੱਚ ਮਾਰੇ ਗਏ ਵਿਅਕਤੀ ਦੇ ਪਰਿਵਾਰ ਨੂੰ ਐਸ.ਬੀ.ਆਈ. ਬ੍ਰਾਂਚ ਮਿਆਣੀ ਵਿਖੇ ਦਿੱਤਾ ਗਿਆ 20 ਲੱਖ ਰੁਪਏ ਦਾ ਐਕਸੀਡੈਂਟ ਕਲੇਮ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਟੇਟ ਬੈਂਕ ਆਫ ਇੰਡੀਆ ਬਰਾਂਚ ਮਿਆਣੀ ਨੇ ਦੁਰਘਟਨਾ ਵਿੱਚ ਮਾਰੇ ਗਏ ਪਰਮਿੰਦਰ ਸਿੰਘ ਕਧਾਲੀ ਨਾਰੰਗਪੁਰ ਦੇ ਪਰਿਵਾਰ ਨੂੰ, 20 ਲੱਖ ਰੁਪਏ ਦਾ ਐਕਸੀਡੈਂਟਲ ਕਲੇਮ ਦਿੱਤਾ ਗਿਆ। ਇਸ ਸਬੰਧੀ ਮਿਆਣੀ ਸ਼ਾਖਾ ਵਿੱਚ ਕਰਵਾਏ ਗਏ ਸਮਾਗਮ ਦੌਰਾਨ,ਬੈਂਕ ਦੇ ਰੀਜਨਲ ਮੈਨੇਜਰ ਸ੍ਰੀ ਕੁੰਦਰ ਕੁਮਾਰ ਦੇ ਨਿਰਦੇਸ਼ਾਂ ਤੇ ਚੀਫ ਮੈਨੇਜਰ ਸ੍ਰੀ ਦੀਪਕ ਪਠਾਣੀਆਂ ਨੇ 20 ਲੱਖ ਰੁਪਏ ਦਾ ਚੈੱਕ ਭਾਰਤੀ ਸਟੇਟ ਬੈਂਕ ਮਿਆਣੀ ਵਿਖੇ, ਐਸ.ਬੀ.ਆਈ.ਦੇ ਹਿਊਮਨ ਰਿਸੋਰਸਸ ਵਿਭਾਗ ਦੇ ਸ਼੍ਰੀ ਪ੍ਰੇਮ ਮੰਗਲਾ, ਬਰਾਂਚ ਮੈਨੇਜਰ ਸੰਦੀਪ ਕੌਰ, ਗੌਰਵ ਮਲਹੋਤਰਾ ਸੀਨੀਅਰ ਇੰਸ਼ੋਰੈਂਸ ਅਧਿਕਾਰੀ, ਰਜਤ ਜੈਨ ਇੰਸ਼ੋਰੈਂਸ ਅਧਿਕਾਰੀ ਅਤੇ ਬੈਂਕ ਦੇ ਗ੍ਰਾਹਕਾਂ ਦੀ ਹਾਜਰੀ ਵਿੱਚ ਮ੍ਰਿਤਕ ਦੀ ਪਤਨੀ ਰੀਨਾ ਕੁਮਾਰੀ ਨੂੰ ਦਿੱਤਾ। ਉਹਨਾਂ ਕਿਹਾ ਕਿ ਮ੍ਰਿਤਕ ਪਰਮਿੰਦਰ ਨੇ ਆਪਣੇ ਮੌਤ ਤੋਂ ਦੋ ਦਿਨ ਪਹਿਲਾਂ ਹੀ ਸਟੇਟ ਬੈਂਕ ਆਫ ਇੰਡੀਆ ਬਰਾਂਚ ਮਿਆਣੀ ਵਿਖੇ, ਬਰਾਂਚ ਮੈਨੇਜਰ ਹੇਮੰਤ ਕੁਮਾਰ ਪਾਸੋਂ ਇੱਕ ਹਜ਼ਾਰ ਰੁਪਏ ਸਲਾਨਾ ਐਕਸੀਡੈਂਟਲ ਇੰਸ਼ੋਰੈਂਸ ਕਰਵਾਈ ਸੀ।ਪਰ ਇੱਕ ਦੁਰਘਟਨਾ ਵਿੱਚ ਤੀਸਰੇ ਦਿਨ ਹੀ ਉਸ ਦੀ ਮੌਤ ਹੋ ਗਈ। ਬੈਂਕ ਨੇ ਇਸ ਕੇਸ ਨੂੰ ਪਹਿਲ ਦੇ ਅਧਾਰ ਤੇ ਪਾਸ ਕਰਵਾਕੇ, ਇਹ 20 ਲੱਖ ਰੁਪਏ ਦੀ ਰਕਮ ਰੀਨਾ ਕੁਮਾਰੀ ਨੂੰ ਦਿੱਤੀ ਗਈ ਤਾਂ ਜੋ ਉਹ ਆਪਣੇ ਪਰਿਵਾਰ ਅਤੇ ਆਪਣੇ ਬੱਚਿਆਂ ਨੂੰ ਵਧੀਆ ਤਰੀਕੇ ਨਾਲ ਪਾਲਣ ਪੋਸ਼ਣ ਕਰ ਸਕੇ। ਇਹ ਸਕੀਮ ਸਟੇਟ ਬੈਂਕ ਆਫ ਇੰਡੀਆ ਦੇ ਖਾਤਾ ਧਾਰਕਾਂ ਅਤੇ ਗ੍ਰਾਹਕਾਂ ਲਈ ਹੀ ਹੈ ਜਿਸ ਵਿੱਚ ਉਹਨਾਂ ਨੂੰ ਸੋਸ਼ਲ ਸਿਕਿਉਰਟੀ ਦਿੱਤੀ ਜਾਂਦੀ ਹੈ 18 ਤੋਂ 65 ਸਾਲ ਦੇ ਹਰੇਕ ਵਿਅਕਤੀ ਨੂੰ ਇਹ ਲਾਭ ਮਿਲ ਸਕਦਾ ਹੈ। ਮੈਨੇਜਰ ਸੰਦੀਪ ਕੌਰ ਨੇ ਬੈਂਕ ਅਧਿਕਾਰੀਆਂ ਦਾ ਧੰਨਵਾਦ ਕੀਤਾ ਅਤੇ ਬੈਂਕ ਦੇ ਗ੍ਰਾਹਕਾਂ ਨੂੰ ਅਪੀਲ ਕੀਤੀ ਕਿ ਇਹੋ ਜਿਹੀਆਂ ਪੋਲਸੀਆਂ ਜਰੂਰ ਅਪਣਾਉਣ ਤਾਂ ਜੋ ਕਿਸੇ ਦੇ ਮਾੜੇ ਸਮੇਂ ਵਿੱਚ ਉਹਨਾਂ ਨੂੰ ਆਰਥਿਕ ਲਾਭ ਮਿਲ ਸਕੇ। ਇਸ ਮੌਕੇ ਸਰਪੰਚ ਗੁਰਪ੍ਰੀਤ ਸਿੰਘ, ਸ਼ਾਖਾ ਪ੍ਰਬੰਧਕ ਏਕਤਾ ਭਗਤ, ਪਵਨਦੀਪ ਸਿੰਘ ਕੈਸ਼ੀਅਰ, ਸ੍ਰੀਜਨ ਭਾਟੀਆ ਕਲੈਰੀਕਲ ਸਟਾਫ, ਮਨਜੀਤ ਸਿੰਘ ਗਨਮੈਨ, ਸਨੀ ਕੁਮਾਰ ਸਾਬਕਾ ਪੰਚ, ਬੀਐਲ ਕੋਹਲੀ, ਤਰਸੇਮ ਲਾਲ, ਮੰਦੀਪ ਸਿੰਘ, ਡਾ.ਲਖਮੀਰ ਸਿੰਘ ਚੌਧਰੀ, ਸੁਰਜੀਤ ਸਿੰਘ ਟੌਨੂੰ ਹਾਜ਼ਰ ਸਨ।

# ਹਾਰਦਿਕ ਸਿੰਘ ਬਣੇ ਭਾਰਤੀ ਹਾਕੀ ਟੀਮ ਦੇ ਕਪਤਾਨ

## ਜਲੰਧਰ ਦੇ ਪਿੰਡ ਖੁਸਰੋਪੁਰ ’ਚ ਖ਼ੁਸ਼ੀ ਦੀ ਲਹਿਰ



ਜਲੰਧਰ : ਭਾਰਤੀ ਪੁਰਸ਼ ਹਾਕੀ ਟੀਮ ’ਚ ਮੌਜੂਦਾ ਕਪਤਾਨ ਹਰਮਨਪ੍ਰੀਤ ਸਿੰਘ ਸਟਾਰ ਡਰੈਗਫਲਿੱਕਰ ਨੇ ਨਿੱਜੀ ਕਾਰਨਾ ਕਰਕੇ ਕਪਤਾਨੀ ਤੋਂ ਹਟਣ ਦਾ ਫ਼ੈਸਲਾ ਕੀਤਾ ਹੈ। ਇਸ ਤੋਂ ਬਾਅਦ ਹੁਣ ਜਲੰਧਰ ਕੈਂਟ ਦੇ ਨਜ਼ਦੀਕ ਪੈਂਦੇ ਪਿੰਡ ਖੁਸਰੋਪੁਰ ਦੇ ਤਜਰਬੇਕਾਰ ਮਿੱਡਫੀਲਡਰ ਹਾਰਦਿਕ ਸਿੰਘ ਨੂੰ ਆਉਣ ਵਾਲੇ ਐਫ.ਆਈ.ਐਚ. ਪ੍ਰੋ. ਹਾਕੀ ਲੀਗ ਦੇ ਮੈਚਾਂ ਲਈ ਭਾਰਤੀ ਹਾਕੀ ਟੀਮ ਦਾ ਨਵਾਂ ਕਪਤਾਨ ਬਣਾਇਆ ਗਿਆ ਹੈ। ਇਹ ਟੂਰਨਾਮੈਂਟ 20 ਤੋਂ 25 ਫਰਵਰੀ ਤੱਕ ਆਸਟ੍ਰੇਲੀਆ ਦੇ ਹੋਬਰਟ ’ਚ ਖੇਡਿਆ ਜਾਵੇਗਾ। ਹਾਰਦਿਕ ਸਿੰਘ ਦੇ ਜੱਦੀ ਪਿੰਡ ਖੁਸਰੋਪੁਰ (ਜਲੰਧਰ ਕੈਂਟ) ਵਿਖੇ ਖ਼ੁਸ਼ੀ ਦੀ ਲਹਿਰ ਹੈ। ਹਾਰਦਿਕ ਦੇ ਪਿਤਾ ਵਰਿੰਦਰਪ੍ਰੀਤ ਸਿੰਘ ਜੋ ਪੰਜਾਬ ਪੁਲਿਸ ’ਚ ਬਤੌਰ ਐਸ.ਪੀ. ਸੇਵਾ ਨਿਭਾਅ ਰਹੇ ਹਨ ਤੇ ਮਾਤਾ ਸੋਨੀਆ ਕੌਰ ਰਾਏ ਦੋਵੇਂ ਅੱਜ ਕਿਸੇ ਵਿਆਹ ਸਮਾਗਮ ’ਚ ਸਨ। ਇਸ ਖਬਰ ਦੇ ਮਿਲਦੇ ਹੀ ਵਿਆਹ ’ਚ ਖ਼ੁਸ਼ੀ ਦਾ ਮਾਹੌਲ ਦੁੱਗਣਾ ਹੋ ਗਿਆ। ਹਾਰਦਿਕ ਦੇ ਕਪਤਾਨ ਬਣਨ ਦੇ ਅਰਜਨਾ ਐਵਾਰਡੀ ਰਾਜਬੀਰ ਕੌਰ, ਉਲੰਪੀਅਨ ਗੁਰਮੇਲ ਸਿੰਘ, ਕੌਮਾਂਤਰੀ ਹਾਕੀ ਖਿਡਾਰੀ ਜੁਗਰਾਜ ਸਿੰਘ ਤੇ ਡਾ ਬਲਜੀਤ ਕੌਰ ਸਾਬਕਾ ਚੀਫ਼ ਹਾਕੀ ਕੋਚ ਐਨ.ਆਈ.ਐਸ ਪਟਿਆਲਾ ਨੇ ਵਧਾਈ ਦਿੱਤੀ ਹੈ।

# ਮੇਅਰ ਵਿਨੀਤ ਧੀਰ ਵੱਲੋਂ ਪੰਜਾਬ ਪ੍ਰੈਸ ਕਲੱਬ ਦਾ ਦੌਰਾ

## ਸ਼ਹਿਰ ਦੀਆਂ ਸਮੱਸਿਆਵਾਂ ’ਤੇ ਹੋਈ ਚਰਚਾ




ਜਲੰਧਰ, (ਰਵਿੰਦਰ ਸਿੰਘ ਟਾਂਡਾ) : ਜਲੰਧਰ ਦੇ ਮੇਅਰ ਸ੍ਰੀ ਵਿਨੀਤ ਧੀਰ ਨੇ ਪੰਜਾਬ ਪ੍ਰੈਸ ਕਲੱਬ, ਜਲੰਧਰ ਦਾ ਦੌਰਾ ਕੀਤਾ। ਇਸ ਮੌਕੇ ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ ਨੇ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਦੇ ਨਾਲ ਕਲੱਬ ਦੇ ਉਪ-ਪ੍ਰਧਾਨ ਪਰਮਜੀਤ ਸਿੰਘ ਰੰਗਪੁਰੀ, ਖਜ਼ਾਨਚੀ ਸ਼ਿਵ ਸ਼ਰਮਾ, ਸਕੱਤਰ ਰਾਜੇਸ਼ ਯੋਗੀ, ਸੰਯੁਕਤ ਸਕੱਤਰ ਸੁਕਰਾਂਤ ਸਫ਼ਰੀ, ਜਨਰਲ ਮੈਨੇਜਰ ਜਤਿੰਦਰ ਸਿੰਘ, ਸੀਨੀਅਰ ਪੱਤਰਕਾਰ ਮਦਨ ਭਾਰਦਵਾਜ, ਹਰਵਿੰਦਰ ਸਿੰਘ ਫੁੱਲ ਤੇ ਨਵੀਨ ਸ਼ਰਮਾ ਵੀ ਮੌਜੂਦ ਸਨ।

ਦੌਰੇ ਦੌਰਾਨ ਮੇਅਰ ਵਿਨੀਤ ਧੀਰ ਨੇ ਪੱਤਰਕਾਰਾਂ ਨਾਲ ਸ਼ਹਿਰ ਦੀਆਂ ਵੱਖ-ਵੱਖ ਮਹੱਤਵਪੂਰਨ ਸਮੱਸਿਆਵਾਂ ‘ਤੇ ਵਿਸਥਾਰ ਨਾਲ ਚਰਚਾ ਕੀਤੀ। ਇਸ ਦੌਰਾਨ ਟ੍ਰੈਫਿਕ ਸਿਗਨਲਾਂ @ਚ ਸੁਧਾਰ, ਸੜਕਾਂ ਦੀ ਮੁਰੰਮਤ ਅਤੇ ਸ਼ਹਿਰ ਵਿੱਚ ਲੱਗੇ ਕੂੜੇ ਦੇ ਡੰਪਾਂ ਦੀ ਸਮੱਸਿਆ ਮੁੱਖ ਤੌਰ ‘ਤੇ ਚਰਚਾ ਦਾ ਵਿਸ਼ਾ ਰਹੀ।

ਮੇਅਰ ਨੇ ਭਰੋਸਾ ਦਿਵਾਇਆ ਕਿ ਜਲੰਧਰ ਸ਼ਹਿਰ ਦੇ ਵਿਕਾਸ ਲਈ ਨਗਰ ਨਿਗਮ ਵੱਲੋਂ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ ਅਤੇ ਜਨਤਾ ਨੂੰ ਆ ਰਹੀਆਂ ਮੁਸ਼ਕਿਲਾਂ ਦਾ ਹੱਲ ਪਹਿਲ ਦੇ ਅਧਾਰ ‘ਤੇ ਕੀਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜਾਬ ਪ੍ਰੈਸ ਕਲੱਬ ਦੀ ਇਮਾਰਤ ਦੇ ਵਿਕਾਸ ਲਈ ਵੀ ਯਤਨ ਕਰਨ ਦਾ ਭਰੋਸਾ ਦਿੱਤਾ।

ਪੰਜਾਬ ਪ੍ਰੈਸ ਕਲੱਬ ਦੇ ਅਹੁਦੇਦਾਰਾਂ ਨੇ ਮੇਅਰ ਦੇ ਦੌਰੇ ਨੂੰ ਸਕਾਰਾਤਮਕ ਕਦਮ ਦੱਸਦਿਆਂ ਕਿਹਾ ਕਿ ਪ੍ਰੈੱਸ ਅਤੇ ਪ੍ਰਸ਼ਾਸਨ ਦੇ ਵਿਚਕਾਰ ਸਹਿਯੋਗ ਨਾਲ ਹੀ ਸ਼ਹਿਰ ਦਾ ਸਮੁੱਚਾ ਵਿਕਾਸ ਸੰਭਵ ਹੈ।

# ਭਾਈ ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ ’ਤੇ ਸੁਣਵਾਈ 11 ਮਾਰਚ ਤੱਕ ਮੁਲਤਵੀ



ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ ’ਤੇ ਸੁਣਵਾਈ 11 ਮਾਰਚ ਤੱਕ ਲਈ ਮੁਲਤਵੀ ਕਰ ਦਿੱਤੀ ਹੈ। ਇਸ ਪਟੀਸ਼ਨ ਵਿਚ ਭਾਈ ਹਵਾਰਾ ਨੇ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਵੀ ਜੇਲ੍ਹ ਵਿਚ ਤਬਦੀਲ ਕਰਨ ਦੀ ਮੰਗ ਕੀਤੀ ਸੀ। ਜਸਟਿਸ ਐੱਮ.ਐੱਮ. ਸੁੰਦਰੇਸ਼ ਅਤੇ ਜਸਟਿਸ ਐਨ.ਕੋਟਿਸ਼ਵਰ ਸਿੰਘ ਦੇ ਬੈਂਚ ਨੇ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਦੀ ਅਪੀਲ ’ਤੇ ਮਾਮਲੇ ਨੂੰ ਅੱਗੇ ਦੀ ਤਰੀਕ ਲਈ ਮੁਲਤਵੀ ਕਰ ਦਿੱਤਾ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਉਹ (ਹਵਾਰਾ) ਪੰਜਾਬ ਦੇ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦਾ ਨਿਵਾਸੀ ਹੈ ਅਤੇ ਉਨ੍ਹਾਂ ਦੇ ਖ਼ਿਲਾਫ਼ ਦਿੱਲੀ ਵਿਚ ਕੋਈ ਮਾਮਲਾ ਲੰਬਿਤ ਨਹੀਂ ਹੈ, ਇਸ ਲਈ ਉਨ੍ਹਾਂ ਨੂੰ ਪੰਜਾਬ ਦੀ ਜੇਲ੍ਹ ਵਿਚ ਰੱਖਿਆ ਜਾਣਾ ਚਾਹੀਦਾ ਹੈ। ਪਟੀਸ਼ਨ ਵਿਚ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਜੇਲ੍ਹ ਵਿਚ ਉਨ੍ਹਾਂ ਦਾ ਵਿਵਹਾਰ ਪਿਛਲੇ 19 ਸਾਲਾਂ ਵਿਚ ਸੰਤੋਸ਼ਜਨਕ ਰਿਹਾ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਸਾਮਾਨ ਮਾਮਲੇ ’ਚ ਦੋਸ਼ੀ ਇੱਕ ਹੋਰ ਕੈਦੀ ਨੂੰ ਤਿਹਾੜ ਜੇਲ੍ਹ ਤੋਂ ਚੰਡੀਗੜ੍ਹ ਜੇਲ੍ਹ ਭੇਜਿਆ ਜਾ ਚੁੱਕਾ ਹੈ।

# ਸਕੂਲ ਬੱਸਾਂ ਦੀ ਵਿਸ਼ੇਸ਼ ਜਾਂਚ, ਨਿਯਮਾਂ ਦੀ ਉਲੰਘਣਾ ’ਤੇ ਸਖ਼ਤ ਕਾਰਵਾਈ

## ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ ‘ਤੇ ਆਰਟੀਓ ਨੇ ਸਕੂਲ ਬੱਸਾਂ ਦੀ ਵਿਸ਼ੇਸ਼ ਜਾਂਚ ਦੀ ਚਲਾਈ ਮੁਹਿੰਮ




ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਆਰਟੀਓ ਅਮਨਦੀਪ ਕੌਰ ਘੁੰਮਣ ਵੱਲੋਂ ਜ਼ਿਲ੍ਹੇ ਵਿੱਚ ਸਕੂਲ ਬੱਸਾਂ ਦੀ ਵਿਸ਼ੇਸ਼ ਜਾਂਚ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦਾ ਉਦੇਸ਼ ‘ਸੇਫ਼ ਸਕੂਲ ਵਾਹਨ ਯੋਜਨਾ’ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਅਤੇ ਵਿਦਿਆਰਥੀਆਂ ਲਈ ਸੁਰੱਖਿਅਤ ਆਵਾਜਾਈ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਹੈ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਿਦਿਆਰਥੀਆਂ ਦੀ ਸੁਰੱਖਿਅਤ ਆਵਾਜਾਈ ਲਈ ਵਚਨਬੱਧ ਹੈ ਅਤੇ ਭਵਿੱਖ ਵਿੱਚ ਵੀ ਅਜਿਹੀਆਂ ਵਿਸ਼ੇਸ਼ ਚੈਕਿੰਗ ਮੁਹਿੰਮਾਂ ਜਾਰੀ ਰਹਿਣਗੀਆਂ।

ਆਰਟੀਓ ਅਮਨਦੀਪ ਕੌਰ ਘੁੰਮਣ ਨੇ ਦੱਸਿਆ ਕਿ ਮੁਹਿੰਮ ਦੌਰਾਨ ਵੱਖ-ਵੱਖ ਸਕੂਲਾਂ ਦੀਆਂ ਬੱਸਾਂ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਗਈ, ਜਿਸ ਵਿੱਚ ਬੱਸਾਂ ਦੇ ਫਿਟਨੈਸ ਸਰਟੀਫਿਕੇਟ, ਡਰਾਈਵਰ ਲਾਇਸੈਂਸ, ਕੰਡਕਟਰਾਂ ਦੀ ਮੌਜੂਦਗੀ, ਫਸਟ ਏਡ ਬਾਕਸ, ਅੱਗ ਬੁਝਾਉਣ ਵਾਲੇ ਯੰਤਰ, ਸਪੀਡ ਗਵਰਨਰ, ਸੀਸੀਟੀਵੀ ਕੈਮਰੇ ਅਤੇ ਜੀਪੀਐਸ ਸਿਸਟਮ ਆਦਿ ਦੀ ਜਾਂਚ ਕੀਤੀ ਗਈ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਵਿਰੁੱਧ ਮੋਟਰ ਵਹੀਕਲ ਐਕਟ ਤਹਿਤ ਚਲਾਨ ਜਾਰੀ ਕਰਕੇ ਲੋੜੀਂਦੀ ਕਾਰਵਾਈ ਕੀਤੀ ਗਈ। ਉਨ੍ਹਾਂ ਸਪੱਸ਼ਟ ਕੀਤਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਪ੍ਰਸ਼ਾਸਨ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਾਰੇ ਸਕੂਲ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੇ ਵਾਹਨਾਂ ਨੂੰ ‘ਸੇਫ਼ ਸਕੂਲ ਵਾਹਨ ਯੋਜਨਾ’ ਦੇ ਅਨੁਸਾਰ ਰੱਖਣ ਅਤੇ ਸਮੇਂ-ਸਮੇਂ ’ਤੇ ਨਿਰਧਾਰਤ ਮਾਪਦੰਡਾਂ ਦੀ ਜਾਂਚ ਯਕੀਨੀ ਬਣਾਉਣ।

# ਸਿਹਤ ਸੁਵਿਧਾਵਾਂ ਲਈ ਅੱਗੇ ਵਧ ਕੇ ਕੰਮ ਕਰਨਾ ਮਾਨਵਤਾ ਦੀ ਸੱਚੀ ਸੇਵਾ : ਸੇਤੀਆ

## ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਸਕੂਲ ਤਲਵੰਡੀ ਡੱਡੀਆਂ ਵਿਖੇ ਲੱਗਾ ਅੱਖਾਂ ਦਾ ਮੁਫਤ ਚੈਕ ਅਪ ਤੇ ਆਪਰੇਸ਼ਨ ਕੈਂਪ




ਤਲਵੰਡੀ ਡੱਡੀਆਂ ਵਿਖੇ ਲਗਾਏ ਗਏ ਕੈਂਪ ਮੌਕੇ ਡਾਕਟਰ ਲਵਪ੍ਰੀਤ ਸਿੰਘ ਦੀ ਟੀਮ ਸਕੂਲ ਸਟਾਫ ਨਾਲ ਅਤੇ ਪੰਜਾਬ ਪ੍ਰਧਾਨ ਕਮਲਜੀਤ ਸੇਤੀਆ ਅਤੇ ਜਿਲਾ ਪਰਿਸ਼ਦ ਮੈਂਬਰ ਰਜਿੰਦਰ ਸਿੰਘ ਮਾਸਟਰ ਨੂੰ ਸਨਮਾਨਿਤ ਕੀਤੇ ਜਾਣ ਦੇ ਦ੍ਰਿਸ਼।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਵੇਟ ਖੇਤਰ ਦੀ ਨਾਮਵਰ ਵਿਦਿਅਕ ਸੰਸਥਾ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਵਿਖੇ ਅਰੋੜਾ ਮਹਾ ਸਭਾ ਟਾਂਡਾ ਅਤੇ ਸਹਾਰਾ ਵੈਲਫੇਅਰ ਕਲੱਬ ਟਾਂਡਾ ਵੱਲੋਂ ਸਹਿਯੋਗ ਕਰਦੇ ਹੋਏ ਅੱਖਾਂ ਦਾ ਫਰੀ ਚੈਕ ਅਪ ਅਤੇ ਆਪਰੇਸ਼ਨ ਕੈਂਪ ਲਗਾਇਆ ਗਿਆ ਜਿਸ ਵਿੱਚ 100 ਤੋਂ ਵੱਧ ਮਰੀਜ਼ਾਂ ਨੂੰ ਮੌਕੇ ਤੇ ਲੜੀਦੀਆਂ ਦਵਾਈਆਂ ਮੁਫਤ ਦਿੱਤੀਆਂ ਗਈਆਂ ਅਤੇ 20 ਮਰੀਜ਼ਾਂ ਨੂੰ ਆਪਰੇਸ਼ਨ ਲਈ ਚੁਣਿਆ ਗਿਆ ਜਿਨ੍ਹਾਂ ਦੇ ਅਰੋੜਾ ਮਹਾਸਭਾ ਵੱਲੋਂ ਫਰੀ ਆਪਰੇਸ਼ਨ ਵੇਵਜ਼ ਹਸਪਤਾਲ ਟਾਂਡਾ ਵਿਖੇ ਕਰਵਾਏ ਗਏ। ਇਸ ਕੈਂਪ ਦਾ ਉਦਘਾਟਨ ਅਰੋੜਾ ਮਹਾਸਭਾ ਪੰਜਾਬ ਦੇ ਪ੍ਰਧਾਨ ਕਮਲਜੀਤ ਸੇਤੀਆ ਅਤੇ ਜ਼ਿਲ੍ਹਾ ਪ੍ਰਧਾਨ ਸ੍ਰੀ ਰਮੇਸ਼ ਅਰੋੜਾ ਨੇ ਕੀਤਾ। ਇਸ ਮੌਕੇ ਅਯੋਜਿਤ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਪ੍ਰਧਾਨ ਸ੍ਰੀ ਕਮਲਜੀਤ ਸੇਤੀਆ ਜੀ ਨੇ ਕਿਹਾ ਕਿ ਧਾਰਮਿਕ ਸੇਵਾਵਾਂ ਦੇ ਨਾਲ ਨਾਲ ਸਮਾਜਿਕ ਅਤੇ ਸਿਹਤ ਸੇਵਾਵਾਂ ਪ੍ਰਤੀ ਵੀ ਸਾਨੂੰ ਜਾਗਰੂਕ ਹੋਣਾ ਚਾਹੀਦਾ ਹੈ ਕਿਉਂਕਿ ਇੱਕ ਸਿਹਤਮੰਦ ਵਿਅਕਤੀ ਹੀ ਚੰਗੇ ਸਮਾਜ ਦੀ ਸਿਰਜਣਾ ਵਿੱਚ ਸਹੀ ਯੋਗਦਾਨ ਦੇ ਸਕਦਾ ਹੈ ਇਸ ਲਈ ਸਿਹਤ ਸੁਵਿਧਾ ਲਈ ਕੀਤੀ ਗਈ ਸੇਵਾ ਸੱਚੀ ਮਾਨਵਤਾ ਦੀ ਸੇਵਾ ਹੈ ਉਹਨਾਂ ਕਿਹਾ ਕਿ ਅਰੋੜਾ ਮਹਾ ਸਭਾ ਵੱਲੋਂ ਵੱਖ ਵੱਖ ਸ਼ਹਿਰਾਂ ਵਿੱਚ ਫਰੀ ਮੈਡੀਕਲ ਅਤੇ ਅਪਰੇਸ਼ਨ ਕੈਂਪ ਲਾਏ ਜਾਂਦੇ ਰਹੇ ਹਨ ਤੇ ਇਹ ਇਸੇ ਤਰ੍ਹਾਂ ਲੱਗਦੇ ਰਹਿਣਗੇ। ਮੌਕੇ ਤੇ ਵੇਵਸ ਹਸਪਤਾਲ ਟਾਂਡਾ ਦੀ ਪਹੁੰਚੀ ਹੋਏ ਟੀਮ ਅਤੇ ਡਾਕਟਰ ਲਵਪ੍ਰੀਤ ਸਿੰਘ ਨੇ ਹਾਜ਼ਰ ਮਰੀਜ਼ਾਂ ਨੂੰ ਅੱਖਾਂ ਦੀ ਸੰਭਾਲ ਅਤੇ ਸੁਚੱਜੀ ਜੀਵਨ ਜਾਂਚ ਲਈ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਨੂੰ ਬੜੇ ਵਿਸਤਾਰ ਨਾਲ ਦੱਸਿਆ। ਉਹਨਾਂ ਕਿਹਾ ਕਿ ਅੱਜ ਦੌੜ ਭੱਜ ਦੇ ਜੀਵਨ ਵਿੱਚ ਅਸੀਂ ਕਈ ਵਾਰ ਆਪਣੀ ਸਿਹਤ ਦਾ ਧਿਆਨ ਨਹੀਂ ਰੱਖਦੇ ਜੋ ਕਿ ਆਉਣ ਵਾਲੇ ਸਮੇਂ ਵਿੱਚ ਕਈ ਵੱਡੇ ਰੋਗਾਂ ਨੂੰ ਜਨਮ ਦੇ ਦਿੰਦਾ ਹੈ ਇਸ ਲਈ ਸਾਨੂੰ ਸਭ ਤੋਂ ਪਹਿਲਾਂ ਆਪਣੀ ਸਿਹਤ ਅਤੇ ਚੰਗੀ ਖੁਰਾਕ ਲਈ ਜਾਗਰੂਕ ਹੋਣਾ ਚਾਹੀਦਾ ਹੈ। ਇਸ ਸਮਾਰੋਹ ਵਿੱਚ ਵਿਸ਼ੇਸ਼ ਰੂਪ ਨਾਲ ਸ਼ਾਮਿਲ ਹੋਏ ਜ਼ਿਲਾ ਪਰਿਸ਼ਦ ਮੈਂਬਰ ਰਜਿੰਦਰ ਸਿੰਘ ਮਾਰਸ਼ਲ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਪ੍ਰਬੰਧਕਾਂ ਵੱਲੋਂ ਕੀਤੇ ਗਏ ਇਸ ਉੱਦਮ ਦੀ ਪ੍ਰਸੰਸਾ ਕੀਤੀ ਉਥੇ ਉਨ੍ਹਾਂ ਆਪਣੇ ਵੱਲੋਂ ਇਸ ਕੈਂਪ ਵਿੱਚ ਬਣਦਾ ਹਰ ਯੋਗਦਾਨ ਦੇਣ ਦਾ ਵਿਸ਼ਵਾਸ ਦਵਾਇਆ ਅਤੇ ਭਵਿੱਖ ਵਿੱਚ ਵੀ ਉਹਨਾਂ ਕਲੱਬ ਨੂੰ ਯਕੀਨ ਦਵਾਇਆ ਕਿ ਉਹ ਇਹਨਾਂ ਮੈਡੀਕਲ ਕੈਂਪਾਂ ਲਈ ਲੋੜੀਂਦੀ ਸਰਕਾਰੀ ਅਤੇ ਹੋਰ ਵਿੱਤੀ ਸਹਾਇਤਾ ਦਿੰਦੇ ਰਹਿਣਗੇ । ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਨੇ ਇਹ ਵਿਸ਼ਵਾਸ ਦਿਵਾਇਆ ਕਿ ਉਹਨਾਂ ਵੱਲੋਂ ਬੀਤੇ ਵਰ੍ਹੇ ਤੋਂ ਸ਼ੁਰੂ ਕੀਤੇ ਗਏ ਇਹਨਾਂ ਮੈਡੀਕਲ ਕੈਂਪਾਂ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਰਹੇਗਾ ਅਤੇ ਉਹ ਲੋਕਾਂ ਨੂੰ ਚੰਗੀਆਂ ਸਿਹਤ ਸੁਵਿਧਾਵਾਂ ਦੇਣ ਲਈ ਆਪਣੇ ਕਲੱਬ ਅਤੇ ਵਿਦਿਅਕ ਸੰਸਥਾਵਾਂ ਵਿੱਚ ਅਜਿਹੇ ਕੈਂਪ ਲਗਵਾਉਂਦੇ ਰਹਿਣਗੇ। ਉਹਨਾਂ ਕੈਂਪ ਲਾਉਣ ਲਈ ਡਾਕਟਰ ਲਵਪ੍ਰੀਤ ਸਿੰਘ ਵੱਲੋਂ ਦਿੱਤੇ ਗਏ ਵਿਸ਼ੇਸ਼ ਸਹਿਯੋਗ ਲਈ ਉਹਨਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ। ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਦੀ ਪ੍ਰਿੰਸੀਪਲ ਅੰਜੂ ਬਾਲਾ ਨੇ ਆਈਆਂ ਹੋਈਆਂ ਸਾਰੀਆਂ ਵਿਸ਼ੇਸ਼ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਸਕੂਲ ਵੱਲੋਂ ਵਿਦਿਆ ਦੇ ਨਾਲ ਨਾਲ ਸਮਾਜਿਕ ਅਤੇ ਸਿਹਤ ਸੁਵਿਧਾਵਾਂ ਵਿੱਚ ਵੀ ਹਮੇਸ਼ਾ ਬਣਦਾ ਯੋਗਦਾਨ ਦਿੱਤਾ ਜਾਂਦਾ ਰਿਹਾ ਹੈ ਅਤੇ ਜੇਕਰ ਸਮਾਜਸੇਵੀ ਸੰਸਥਾਵਾਂ ਉਹਨਾਂ ਨੂੰ ਇਸੇ ਤਰ੍ਹਾਂ ਸਹਿਯੋਗ ਦਿੰਦੀਆਂ ਰਹਿਣਗੀਆਂ ਤਾਂ ਉਹ ਅਜਿਹੇ ਕੈਂਪਾਂ ਦਾ ਆਯੋਜਨ ਕਰਦੇ ਰਹਿਣਗੇ। ਇਸ ਕੈਂਪ ਵਿੱਚ ਪਹੁੰਚੀਆਂ ਵਿਸ਼ੇਸ਼ ਸ਼ਖਸੀਅਤਾਂ ਵਿੱਚ ਸਮਾਜ ਸੇਵਕ ਪੰਮੀ ਦਵੇਦੀ, ਕਰਨੈਲ ਸਿੰਘ ਮਾਲਵਾ, ਰਾਜਾ ਸਿੰਘ, ਅਜੇ ਚਾਵਲਾ ਹੁਸ਼ਿਆਰਪੁਰ, ਗੁਰਮੁਖ ਸਿੰਘ ਖਾਲਸਾ, ਬੱਬੂ ਸੰਧਾਵਾਲੀਆ, ਸੇਵਾ ਸਿੰਘ, ਲਾਟੀ ਮਦਾਨ, ਮਹਿੰਦਰ ਪਾਲ ਮਦਾਨ, ਆਤਮਜੀਤ ਸਿੰਘ ਸੋਢੀ, ਸ੍ਰੀ ਤਰਸੇਮ ਲਾਲ, ਪੰਕਜ ਸੱਚ ਦੇਵਾ ਦੇ ਨਾਮ ਵਰਨਣਯੋਗ ਹਨ।

# ਸ਼੍ਰੋਮਣੀ ਅਕਾਲੀ ਦਲ ਨੇ 2027 ਲਈ ਚੋਣ ਬਿਗਲ ਵਜਾਇਆ

## ਕਾਦੀਆਂ ਤੋਂ 'ਪੰਜਾਬ ਬਚਾਓ, ਸੁਖਬੀਰ ਬਾਦਲ ਲਿਆਓ' ਮੁਹਿੰਮ ਦੀ ਸ਼ੁਰੂਆਤ



ਕਾਦੀਆਂ : ਸ਼੍ਰੋਮਣੀ ਅਕਾਲੀ ਦਲ ਦੀ ਚੋਣ ਮੁਹਿੰਮ ਦੇ ਪਹਿਲੇ ਪੜਾਅ ਲਈ ਬਿਗਲ ਵਜਾਉਂਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਦੀਆਂ ਵਿਖੇ ਪਾਰਟੀ ਦੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਦੇ ਪ੍ਰਬੰਧ ਹੇਠ ਵਿਸ਼ਾਲ ਰੈਲੀ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਜੋ ਤੂਫਾਨ ਦਿੱਲੀ ਆਧਾਰਿਤ ਸਾਰੀਆਂ ਪਾਰਟੀਆਂ ਨੂੰ ਪੰਜਾਬ ਵਿਚੋਂ ਬਾਹਰ ਕਰ ਦੇਵੇਗਾ, ਉਹ ਸ਼ੁਰੂ ਹੋ ਗਿਆ ਹੈ। ਉਨ੍ਹਾਂ ਨੇ ਕਿਸਾਨਾਂ ਦੀ ਭਲਾਈ, ਦਰਿਆਵਾਂ 'ਤੇ ਪੱਕੇ ਬੰਨ੍ਹ, ਕਮਜ਼ੋਰ ਵਰਗਾਂ ਲਈ ਅਪਗ੍ਰੇਡਿਡ ਭਲਾਈ ਸਕੀਮਾਂ, ਨੌਜਵਾਨਾਂ ਲਈ 10 ਲੱਖ ਰੁਪਏ ਵਿਆਜ ਰਹਿਤ ਕਰਜ਼, ਸਰਕਾਰੀ ਨੌਕਰੀਆਂ ਸਿਰਫ ਪੰਜਾਬੀਆਂ ਨੂੰ ਦੇਣ ਅਤੇ ਗੈਂਗਸਟਰਵਾਦ ਤੇ ਨਸ਼ਾ ਮਾਫੀਆ ਖ਼ਤਮ ਕਰਨ ਸਮੇਤ ਅਨੇਕਾਂ ਭਲਾਈ ਸਕੀਮਾਂ ਦੇ ਵਾਅਦਿਆਂ ਦੀ ਝੜੀ ਲਗਾ ਦਿੱਤੀ।

ਸ੍ਰੀ ਬਾਦਲ ਨੇ ਭਗਵੰਤ ਮਾਨ ਨੂੰ ਭ੍ਰਿਸ਼ਟ ਮੁੱਖ ਮੰਤਰੀ ਦੱਸਿਆ ਤੇ ਕਿਹਾ ਕਿ ਉਸ ਨੇ ਆਸਟਰੇਲੀਆ ਵਿਚ 2500 ਏਕੜ ਜ਼ਮੀਨ ਬਣਾ ਲਈ ਹੈ ਤੇ ਉਹ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ ਵਿਚ ਸਮਝੌਤੇ ਵਾਸਤੇ ਪੱਬਾਂ ਭਾਰ ਹੈ। ਕੇਂਦਰ ਨੇ ਭਗਵੰਤ ਮਾਨ ਖ਼ ?ਲਾਫ਼ ਫਾਈਲ ਤਿਆਰ ਕੀਤੀ ਹੈ, ਜਿਸ ਕਾਰਨ ਉਹ ਦਰਿਆਈ ਪਾਣੀ ਹਰਿਆਣਾ ਨੂੰ ਦੇਣ ਲਈ ਮਜਬੂਰ ਹੈ ਪਰ ਪਾਣੀ ਦੀ ਇਕ ਬੂੰਦ ਵੀ ਸੂਬੇ ਵਿਚੋਂ ਬਾਹਰ ਨਹੀਂ ਜਾਣ ਦਿਆਂਗੇ। ਉਨ੍ਹਾਂ ਕਿਹਾ 'ਆਪ' ਨੇ ਪੰਜਾਬ ਵਿਚ ਰਾਜਿੰਦਰ ਗੁਪਤਾ ਅਤੇ ਅਸ਼ੋਕ ਮਿੱਤਲ ਵਰਗਿਆਂ ਨੂੰ ਰਾਜ ਸਭਾ ਸੀਟਾਂ ਵੇਚੀਆਂ ਹਨ। ਉਨ੍ਹਾਂ ਅਕਾਲੀ ਦਲ ਵੱਲੋਂ ਵਿਸਾਖੀ ਤੋਂ ਪਹਿਲਾਂ ਕੀਤੀਆਂ ਜਾਣ ਵਾਲੀਆਂ 40 ਰੈਲੀਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਹੁਣ ਤੂਫਾਨ ਦੀ ਸ਼ੁਰੂਆਤ ਹੋ ਗਈ ਹੈ, ਜੋ 40 ਦਿਨਾਂ ਵਿਚ ਸੁਨਾਮੀ ਵਿਚ ਬਦਲ ਜਾਵੇਗਾ। ਅੱਜ ਦੀ ਰੈਲੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਪੰਜਾਬੀ 2027 ਵਿਚ ਅਕਾਲੀ ਦਲ ਦੀ ਵਾਪਸੀ ਲਈ ਪੱਬਾਂ ਭਾਰ ਹਨ। ਸ੍ਰੀ ਬਾਦਲ ਨੇ ਕਿਹਾ, "ਤੁਸੀਂ ਮੈਨੂੰ ਪੰਜ ਸਾਲ ਦਿਓ ਅਤੇ ਮੈਂ ਪੰਜਾਬ ਨੂੰ ਮੁੜ ਸ਼ਾਂਤੀ, ਤਰੱਕੀ ਤੇ ਖ਼ੁਸ਼ਹਾਲੀ ਦੇ ਰਾਹ 'ਤੇ ਲੈ ਕੇ ਜਾਵਾਂਗਾ।" ਉਨ੍ਹਾਂ ਕਿਹਾ ਕਿ ਜਿਨ੍ਹਾਂ ਕਿਸਾਨਾਂ ਕੋਲ ਟਿਊਬਵੈੱਲ ਕੁਨੈਕਸ਼ਨ ਨਹੀਂ ਹਨ, ਉਨ੍ਹਾਂ ਨੂੰ ਅਗਲੀ ਅਕਾਲੀ ਦਲ ਦੀ ਸਰਕਾਰ ਬਣਨ ਦੇ ਇਕ ਹਫਤੇ ਦੇ ਅੰਦਰ-ਅੰਦਰ ਕੁਨੈਕਸ਼ਨ ਦਿੱਤੇ ਜਾਣਗੇ। ਆਟਾ-ਦਾਲ ਸਕੀਮ ਮੁੜ ਸ਼ੁਰੂ ਕੀਤੀ ਜਾਵੇਗੀ ਅਤੇ ਆਟਾ 4 ਰੁਪਏ ਕਿੱਲੋ ਤੇ ਦਾਲ 20 ਰੁਪਏ ਕਿੱਲੋ ਦੇ ਰੇਟ 'ਤੇ ਦਿੱਤੀ ਜਾਵੇਗੀ। ਨਵੀਂਆਂ ਨੌਕਰੀਆਂ ਤੇ ਰੁਜ਼ਗਾਰ ਦੇ ਮੌਕਿਆਂ ਵਾਸਤੇ ਨੌਜਵਾਨਾਂ ਤੇ ਸਾਰੇ ਨਵੇਂ ਉਦਯੋਗਾਂ ਵਿਚ ਪੰਜਾਬੀ ਨੌਜਵਾਨਾਂ ਵਾਸਤੇ 75 ਫੀਸਦੀ ਰਾਖਵਾਂਕਰਨ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਕਾਦੀਆਂ ਦੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੇ ਹਲਕੇ ਦੇ ਮਸਲੇ ਚੁੱਕੇ। ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਵੀ ਸੰਬੋਧਨ ਕੀਤਾ।

# ਬਠਿੰਡਾ, ਪਟਿਆਲਾ ਤੇ ਸੰਗਰੂਰ 'ਚ ਪੁਲਿਸ ਅਤੇ ਕਿਸਾਨਾਂ ਦਰਮਿਆਨ ਹੋਇਆ ਟਕਰਾਅ

## ਪੁਲਿਸ ਨੇ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਦਾਗੇ ਅਤੇ ਕਈ ਕਿਸਾਨਾਂ ਨੂੰ ਲਿਆ ਹਿਰਾਸਤ 'ਚ

ਬਠਿੰਡਾ : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ 'ਚ ਬਠਿੰਡਾ ਸ਼ਹਿਰ ਵੱਲ ਕੱਢੇ ਗਏ ਮਾਰਚ ਨੂੰ ਪੁਲਿਸ ਨੇ ਰੋਕ ਦਿੱਤਾ। ਕਿਸਾਨ ਬਠਿੰਡਾ ਵਿੱਚ ਡਿਪਟੀ ਕਮਿਸ਼ਨਰ ਦੇ ਦਫ਼ਤਰ ਦੇ ਬਾਹਰ ਧਰਨਾ ਦੇਣ ਜਾ ਰਹੇ ਸਨ।




ਜਿਸ ਤੋਂ ਬਾਅਦ ਕਿਸਾਨ ਰਾਮਪੁਰਾਫੂਲ ਤੋਂ ਪਹਿਲਾਂ ਬਠਿੰਡਾ-ਚੰਡੀਗੜ੍ਹ ਹਾਈਵੇ ਤੇ ਆਪਣੀਆਂ ਮੰਗਾਂ ਨੂੰ ਲੈ ਕੇ ਧਰਨਾ ਦੇ ਕੇ ਬੈਠ ਗਏ। ਪੁਲਿਸ ਫੋਰਸ ਕਿਸਾਨਾਂ ਨੂੰ ਰੋਕਣ ਲਈ ਪਹੁੰਚੀ ਪਰ ਕਿਸਾਨ ਨਹੀਂ ਮੰਨੇ। ਜਿਓਂਦ ਪਿੰਡ ਵਿੱਚ ਕਿਸਾਨਾਂ ਅਤੇ ਪੁਲਿਸ ਵਿਚਕਾਰ ਟਕਰਾਅ ਹੋ ਗਿਆ। ਇਸ ਤੋਂ ਬਾਅਦ ਕਿਸਾਨਾਂ ਨੂੰ ਰੋਕਣ ਲਈ ਪੁਲਿਸ ਨੇ ਪਿੰਡ ਵਿੱਚ ਵੱਡੀ ਗਿਣਤੀ 'ਚ ਪੁਲਿਸ ਫੋਰਸ ਭੇਜੀ, ਇਸ ਦੌਰਾਨ ਪਥਰਾਅ ਹੋਣ 'ਤੇ ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਵੀ ਸੁੱਟੇ ਅਤੇ ਕਈ ਕਿਸਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ। ਐਸ.ਐਸ.ਪੀ. ਨੇ ਕਿਹਾ ਕਿ ਸਥਿਤੀ ਨੂੰ ਕੰਟਰੋਲ ਕਰਨ ਲਈ ਪੁਲਿਸ ਨੇ ਅੱਥਰੂ ਗੈਸ ਦੀ ਵਰਤੋਂ ਕਰ ਰਹੀ ਹੈ।

ਉਧਰ ਹਾਈਵੇ ਜਾਮ ਹੋਣ ਕਾਰਨ ਪੁਲਿਸ ਨੇ ਬਠਿੰਡਾ ਤੋਂ ਚੰਡੀਗੜ੍ਹ ਜਾਣ ਵਾਲੇ ਟਰੈਫਿਕ ਨੂੰ ਪਿੰਡਾਂ ਦੇ ਰਸਤਿਆਂ ਰਾਹੀਂ ਡਾਇਵਰਟ ਕੀਤਾ ਗਿਆ ਹੈ। ਇਸੇ ਦੌਰਾਨ ਬਠਿੰਡਾ ਆ ਰਹੇ ਕਿਸਾਨਾਂ ਨਾਲ ਪਟਿਆਲਾ ਦੇ ਸਮਾਣਾ ਵਿੱਚ ਪੁਲਿਸ ਨਾਲ ਝੜਪ ਹੋਈ। ਜਿਸ ਤੋਂ ਬਾਅਦ ਪੁਲਿਸ ਨੇ ਕਿਸਾਨਾਂ ਨੂੰ ਡਿਟੇਨ ਕੀਤਾ ਹੈ । ਇਸ ਤੋਂ ਇਲਾਵਾ ਸੰਗਰੂਰ ਦੇ ਪਿੰਡ ਸ਼ੇਰੋਂ ਵਿੱਚ ਵੀ ਕਿਸਾਨਾਂ ਵਿਚਕਾਰ ਧੱਕਾ-ਮੁੱਕੀ ਹੋਈ। ਜਿਸ ਤੋਂ ਬਾਅਦ ਕਈ ਕਿਸਾਨ ਹਿਰਾਸਤ ਵਿੱਚ ਲਏ ਗਏ ਹਨ।







‘ਕੀ ਤੁਸੀਂ ਆਪਣੇ ਘਰ ਜਾਂ ਕਾਰੋਬਾਰ ਲਈ ਬਿਜਲੀ ਦੇ ਖਰਚੇ ਘਟਾਉਣਾ ਚਾਹੁੰਦੇ ਹੋ ?’

SINGH SOLAR
EST. 2025

# High-performance Bifacial Smart Panels

ਜੋ ਤੁਹਾਡੀ ਊਰਜਾ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦਗਾਰ ਹਨ।

## Residential/Business



- ਉੱਚ ਗੁਣਵੱਤਾ ਵਾਲੇ ਸੋਲਰ ਪੈਨਲ
- ਪੇਸ਼ੇਵਰ ਇੰਸਟਾਲੇਸ਼ਨ
- ਭਾਰੀ ਬੱਚਤ ਦਾ ਮੌਕਾ

510-706-1300 | singhsolarusa@gmail.com

## ਟੀ-20 ਵਿਸ਼ਵ ਕੱਪ

# ਭਾਰਤ ਦੀ ਪਾਕਿ ’ਤੇ ਸ਼ਾਨਦਾਰ ਜਿੱਤ












ਕੋਲੰਬੋ : ਭਾਰਤ ਨੇ ਪਾਕਿਸਤਾਨ ਨੂੰ 61 ਦੌੜਾਂ ਨਾਲ ਹਰਾ ਕੇ ਇਸ ਵਿਸ਼ਵ ਕੱਪ ’ਚ ਆਪਣੀ ਲਗਾਤਾਰ ਤੀਜੀ ਜਿੱਤ ਦਰਜ ਕੀਤੀ ਤੇ ਨਾਲ ਹੀ ਸੁਪਰ 8 ’ਚ ਵੀ ਆਪਣੀ ਜਗ੍ਹਾ ਬਣਾ ਲਈ ਹੈ। ਕੋਲੰਬੋ ਦੇ ਆਰ. ਪ੍ਰੇਮਦਾਸਾ ਸਟੇਡੀਅਮ ’ਚ ਖੇਡੇ ਗਏ ਆਈ.ਸੀ.ਸੀ. ਪੁਰਸ਼ ਟੀ-20 ਵਿਸ਼ਵ ਕੱਪ ਦੇ ਗਰੁੱਪ ਪੜਾਅ ਮੈਚ ’ਚ ਪਾਕਿ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫ਼ੈਸਲਾ ਕੀਤਾ, ਜਿਸ ਤੋਂ ਬਾਅਦ ਭਾਰਤੀ ਸਲਾਮੀ ਬੱਲੇਬਾਜ਼ ਈਸ਼ਾਨ ਕਿਸ਼ਨ ਵਲੋਂ ਇਕ ਧਮਾਕੇਦਾਰ ਪਾਰੀ ਦੇਖਣ ਨੂੰ ਮਿਲੀ। ਉਸ ਨੇ 40 ਗੇਂਦਾਂ ’ਚ 77 ਦੌੜਾਂ ਬਣਾ ਕੇ ਭਾਰਤ ਨੂੰ ਇਕ ਮਜ਼ਬੂਤ ਲੈਅ ਪ੍ਰਦਾਨ ਕੀਤੀ, ਜਿਸ ’ਚ 10 ਚੌਕੇ ਤੇ 3 ਛੱਕੇ ਸ਼ਾਮਿਲ ਸਨ। ਇਹ ਈਸ਼ਾਨ ਦਾ ਆਪਣੇ ਟੀ-20 ਅੰਤਰਰਾਸ਼ਟਰੀ ਕਰੀਅਰ ਦਾ 9ਵਾਂ ਅਰਧ ਸੈਂਕੜਾ ਵੀ ਰਿਹਾ।

ਵਿਕਟਕੀਪਰ-ਬੱਲੇਬਾਜ਼ ਈਸ਼ਾਨ ਕਿਸ਼ਨ ਨੇ ਸਿਰਫ਼ 27 ਗੇਂਦਾਂ ’ਚ ਆਪਣਾ ਅਰਧ ਸੈਂਕੜਾ ਪੂਰਾ ਕੀਤਾ। ਇਸ ਦੇ ਨਾਲ ਹੀ ਈਸ਼ਾਨ ਭਾਰਤ-ਪਾਕਿਸਤਾਨ ਟੀ-20 ਵਿਸ਼ਵ ਕੱਪ ਮੈਚ ’ਚ ਅਰਧ ਸੈਂਕੜਾ ਲਗਾਉਣ ਵਾਲਾ ਸਭ ਤੋਂ ਤੇਜ਼ ਬੱਲੇਬਾਜ਼ ਵੀ ਬਣ ਗਿਆ। ਈਸ਼ਾਨ ਤੋਂ ਇਲਾਵਾ ਕਪਤਾਨ ਸੂਰਿਆਕੁਮਾਰ ਯਾਦਵ ਨੇ 29 ਗੇਂਦਾਂ ’ਚ 32 ਦੌੜਾਂ ਬਣਾਈਆਂ। ਸ਼ਿਵਮ ਦੂਬੇ 27 ਦੌੜਾਂ ਬਣਾ ਕੇ ਆਊਟ ਹੋ ਗਿਆ, ਜਦੋਂ ਕਿ ਤਿਲਕ ਵਰਮਾ ਨੇ 25 ਦੌੜਾਂ ਬਣਾਈਆਂ।

ਰਿੰਕੂ ਸਿੰਘ 4 ਗੇਂਦਾਂ ’ਚ ਇਕ ਚੌਕੇ ਤੇ ਇਕ ਛੱਕੇ ਦੀ ਮਦਦ ਨਾਲ 11 ਦੌੜਾਂ ਬਣਾ ਕੇ ਨਾਬਾਦ ਰਿਹਾ। ਸ਼ੁਰੂਆਤ ’ਚ ਭਾਰਤੀ ਟੀਮ ਨੂੰ ਸਲਾਮੀ ਬੱਲੇਬਾਜ਼ ਅਭਿਸ਼ੇਕ ਸ਼ਰਮਾ ਤੋਂ ਚੰਗੇ ਪ੍ਰਦਰਸ਼ਨ ਦੀ ਉਮੀਦ ਸੀ, ਪਰ ਅਜਿਹਾ ਨਹੀਂ ਹੋਇਆ। ਅਭਿਸ਼ੇਕ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕਿਆ। ਪਾਕਿਸਤਾਨ ਲਈ ਸੈਮ ਅਯੂਬ ਨੇ ਤਿੰਨ ਵਿਕਟਾਂ ਲਈਆਂ, ਜਦੋਂ ਕਿ ਸਲਮਾਨ ਆਗਾ, ਸ਼ਾਹੀਨ ਅਫਰੀਦੀ ਅਤੇ ਉਸਮਾਨ ਤਾਰਿਕ ਨੇ ਇਕ-ਇਕ ਵਿਕਟ ਲਈ। ਦਿਲਚਸਪ ਗੱਲ ਇਹ ਰਹੀ ਕਿ ਪਾਕਿਸਤਾਨ ਨੇ ਭਾਰਤ ਵਿਰੁੱਧ ਇਸ ਮੈਚ ’ਚ ਸਪਿਨਰਾਂ ਨਾਲ 18 ਓਵਰ ਕਰਵਾਏ। ਭਾਰਤੀ ਗੇਂਦਬਾਜ਼ਾਂ ਨੇ ਵੀ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਿਸਦੇ ਚਲਦੇ ਬੁਮਰਾਹ, ਹਾਰਦਿਕ, ਅਕਸ਼ਰ ਤੇ ਵਰੁਣ ਨੂੰ 2-2 ਵਿਕਟਾਂ ਮਿਲੀਆਂ ਜਦੋਂ ਕਿ ਤਿਲਕ ਵਰਮਾ ਤੇ ਕੁਲਦੀਪ ਯਾਦਵ ਨੂੰ ਇਕ-ਇਕ ਵਿਕਟ ਹਾਸਿਲ ਕੀਤੀ। ਜ਼ਿਕਰਯੋਗ ਹੈ ਕਿ ਭਾਰਤ ਨੇ ਟੀ-20 ਵਿਸ਼ਵ ਕੱਪ ’ਚ ਪਾਕਿਸਤਾਨ ਵਿਰੁੱਧ ਸਭ ਤੋਂ ਵੱਧ ਸਕੋਰ ਬਣਾਇਆ। ਇਸ ਤੋਂ ਇਲਾਵਾ, ਦੌੜਾਂ ਦੇ ਮਾਮਲੇ ’ਚ ਟੀ-20 ਕ੍ਰਿਕਟ ’ਚ ਪਾਕਿਸਤਾਨ ਵਿਰੁੱਧ ਇਹ ਭਾਰਤ ਦੀ ਸਭ ਤੋਂ ਵੱਡੀ ਜਿੱਤ ਸੀ। ਪਾਕਿਸਤਾਨ ਨੂੰ ਹਰਾਉਣ ਤੋਂ ਬਾਅਦ, ਭਾਰਤ ਦੇ 6 ਅੰਕ ਹਨ ਤੇ ਉਹ ਗਰੁੱਪ ‘ਏ’ ’ਚ ਪਹਿਲੇ ਸਥਾਨ ’ਤੇ ਬਣਿਆ ਹੋਇਆ ਹੈ, ਜਦੋਂ ਕਿ ਪਾਕਿਸਤਾਨ ਅੰਕ ਸੂਚੀ ’ਚ ਤੀਜੇ ਸਥਾਨ ’ਤੇ ਖਿਸਕ ਗਿਆ ਹੈ।

### ਸੂਰਿਆਕੁਮਾਰ ਵਲੋਂ ਇਕ ਵਾਰ ਫਿਰ ਹੱਥ ਮਿਲਾਉਣ ਤੋਂ ਇਨਕਾਰ

ਮੈਚ ਸ਼ੁਰੂ ਹੋਣ ਤੋਂ ਪਹਿਲਾਂ ਟਾਸ ਦੌਰਾਨ ਭਾਰਤੀ ਕਪਤਾਨ ਸੂਰਿਆਕੁਮਾਰ ਯਾਦਵ ਨੇ ਇਕ ਵਾਰ ਫਿਰ ਪਾਕਿਸਤਾਨੀ ਕਪਤਾਨ ਸਲਮਾਨ ਆਗਾ ਨਾਲ ਹੱਥ ਮਿਲਾਉਣ ਤੋਂ ਇਨਕਾਰ ਕਰ ਦਿੱਤਾ ਤੇ ਉਸਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ। ਇਸਦਾ ਮਤਲਬ ਹੈ ਕਿ ਏਸ਼ੀਆ ਕੱਪ ਵਿਚ ਸ਼ੁਰੂ ਹੋਈ ਟੀਮ ਇੰਡੀਆ ਦੀ ਹੱਥ ਨਾ ਮਿਲਾਉਣ ਦੀ ਨੀਤੀ ਨੂੰ ਸੂਰਿਆਕੁਮਾਰ ਯਾਦਵ ਨੇ ਵਿਸ਼ਵ ਕੱਪ ’ਚ ਵੀ ਜਾਰੀ ਰੱਖਿਆ ਹੈ।




ਕਲਿ ਤਾਰਣਿ ਗੁਰੂ ਨਾਨਕ ਆਇਆ ॥
ਯਾਤਰਾ ਸ਼੍ਰੀ ਨਨਕਾਣਾ ਸਾਹਿਬ ਪਾਕਿਸਤਾਨ
YATRA SRI NANKANA SAHIB PAKISTAN
VAISAKHI 08th APR – 16th APR 2026
ਵੈਸਾਖੀ ੦੮ ਅਪ੍ਰੈਲ – ੧੬ ਅਪ੍ਰੈਲ ੨੦੨੬
ਪਾਕਿਸਤਾਨ ਵਿੱਚ 20 ਤੋਂ ਵੱਧ ਗੁਰਦੁਆਰਿਆਂ ਦੇ ਦਰਸ਼ਨ
Darshan of over 20 Gurdwara Sahib in Pakistan
ਗੈਲੈਕਸੀ ਟ੍ਰੈਵਲਸ ਯੂ.ਐਸ.ਏ. "ਯਾਤਰਾ ਸ਼੍ਰੀ ਨਨਕਾਣਾ
ਸਾਹਿਬ ਪਾਕਿਸਤਾਨ —ਤੁਹਾਡਾ ਭਰੋਸਾ, ਸਾਡੀ ਸੇਵਾ ਦੀ ਸ਼ਾਨ !"
Galaxy Travels USA
" Your trust is the pride of our seva!"
Galaxy
TRAVELS USA
AMARDEEP SINGH SABHARWAL
CEL: 209-518-1585 OFFICE: 209-956-2181
galaxytravelsusa@yahoo.com

# ਨਸ਼ਿਆਂ ਵਿਰੁੱਧ ਜਾਗਰੁਕਤਾ ਪੈਦਾ ਕਰਨ ਲਈ ਕਰਾਂਗੇ ਸਕੂਲਾਂ ਦਾ ਦੌਰਾ: ਭਗਵੰਤ ਮਾਨ

## 'ਵਿਦਿਆਰਥੀਆਂ ਨੂੰ ਨਸ਼ਿਆਂ ਖ਼ਿਲਾਫ਼ ਕੀਤਾ ਜਾਵੇਗਾ ਜਾਗਰੂਕ'



ਮੋਗਾ: ਆਮ ਆਦਮੀ ਪਾਰਟੀ (ਆਪ) ਨੇ ਮੋਗਾ ਵਿੱਚ ਨਸ਼ਾ ਵਿਰੋਧੀ ਰੈਲੀ ਕੀਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਜਦੋਂ ਉਹ ਹਸਪਤਾਲ ਜਾਂਦੇ ਹਨ ਤਾਂ ਉਨ੍ਹਾਂ ਦੇ ਵਿਰੋਧੀ ਕਹਿੰਦੇ ਹਨ ਕਿ ਉਹ ਚਲੇ ਗਏ ਹਨ। ਉਨ੍ਹਾਂ ਭਾਜਪਾ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਕਿਹਾ ਕਿ ਉਹ ਉਨ੍ਹਾਂ ਲਈ ਜੜ੍ਹਾਂ ਬੰਨ੍ਹਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਖਿਡਾਰੀ ਪਹਿਲਾਂ ਮਸ਼ਹੂਰ ਹੁੰਦੇ ਸਨ, ਪਰ ਇਨ੍ਹਾਂ ਲੋਕਾਂ ਨੇ ਪੰਜਾਬ ਨੂੰ ਟੀਕਾਕਰਨ ਵਾਲੇ ਸੂਬੇ ਵਿੱਚ ਬਦਲ ਦਿੱਤਾ ਹੈ। ਉਨ੍ਹਾਂ ਬਿਕਰਮ ਸਿੰਘ ਮਜੀਠੀਆ ਦਾ ਨਾਮ ਲਏ ਬਿਨਾਂ ਉਨ੍ਹਾਂ 'ਤੇ ਵੀ ਨਿਸ਼ਾਨਾ ਸਾਧਿਆ, ਕਿਹਾ, 'ਤੁਸੀਂ ਅਦਾਲਤ ਤੋਂ ਜ਼ਮਾਨਤ ਲੈ ਸਕਦੇ ਹੋ, ਪਰ ਰੱਬ ਤੋਂ ਨਹੀਂ। ਉਹ ਅਜੇ ਵੀ ਆਪਣੀਆਂ ਮੁੱਛਾਂ ਮਰੋੜ ਰਿਹਾ ਹੈ। ਉਹ ਲੋਕਾਂ ਦਾ ਕਾਤਲ ਹੈ।'

ਇਸ ਤੋਂ ਪਹਿਲਾਂ, ਮੁੱਖ ਮੰਤਰੀ ਭਗਵੰਤ ਮਾਨ ਨੇ ਜਨਤਾ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਪ੍ਰਣ ਦਿਵਾਇਆ। ਉਨ੍ਹਾਂ ਲੋਕਾਂ ਤੋਂ ਵਾਅਦਾ ਕਰਵਾਇਆ ਕਿ ਉਹ ਨਾ ਤਾਂ ਖੁਦ ਨਸ਼ਿਆਂ ਦਾ ਸੇਵਨ ਕਰਨਗੇ ਅਤੇ ਨਾ ਹੀ ਨਸ਼ਿਆਂ ਦੀ ਤਸਕਰੀ ਜਾਂ ਖਪਤ ਨੂੰ ਉਤਸ਼ਾਹਿਤ ਕਰਨਗੇ, ਸਗੋਂ ਆਪਣੇ ਪਿੰਡਾਂ, ਵਾਰਡਾਂ ਅਤੇ ਭਾਈਚਾਰਿਆਂ ਤੋਂ ਨਸ਼ਿਆਂ ਦੀ ਦੁਰਵਰਤੋਂ ਨੂੰ ਖਤਮ ਕਰਨ ਲਈ ਕੰਮ ਕਰਨਗੇ।

ਇਸ ਤੋਂ ਪਹਿਲਾਂ, 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਐਲਾਨ ਕੀਤਾ ਕਿ ਸਰਕਾਰ ਹਰ ਪਿੰਡ ਵਿੱਚ ਖੇਡ ਦੇ ਮੈਦਾਨ ਬਣਾਏਗੀ ਅਤੇ ਖੇਡ ਉਪਕਰਣ ਮੁਹੱਈਆ ਕਰਵਾਏਗੀ। ਉਨ੍ਹਾਂ ਕਿਹਾ ਕਿ ਨਸ਼ੇ ਛੱਡਣ ਵਾਲੇ ਨੌਜਵਾਨਾਂ ਨੂੰ ਖੇਡਾਂ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਰੁਜ਼ਗਾਰ ਦਿੱਤਾ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਭਗਵੰਤ ਮਾਨ ਸਰਕਾਰ ਪਹਿਲਾਂ ਹੀ 60,000 ਸਰਕਾਰੀ ਨੌਕਰੀਆਂ ਪ੍ਰਦਾਨ ਕਰ ਚੁੱਕੀ ਹੈ।




ਏਆਈਐਮਆਈਐਮ ਮੈਂਬਰਾਂ ਨੇ ਵੀਰਵਾਰ ਨੂੰ ਪਟਨਾ ਵਿੱਚ ਰਾਜ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਬਿਹਾਰ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ।



ਕੇਂਦਰੀ ਵਿੱਤ ਅਤੇ ਕਾਰਪੋਰੇਟ ਮਾਮਲਿਆਂ ਬਾਰੇ ਮੰਤਰੀ ਨਿਰਮਲਾ ਸੀਤਾਰਮਨ ਨੇ ਬੁੱਧਵਾਰ ਨੂੰ ਓਸਲੋ ਵਿੱਚ ਪ੍ਰਮੁੱਖ ਨਾਰਵੇ ਦੇ ਸੀਈਓਜ਼ ਅਤੇ ਨਿਵੇਸ਼ਕਾਂ ਨਾਲ ਇੱਕ ਗਰੁੱਪ ਫੋਟੋ ਲਈ ਪੋਜ਼ ਦਿੱਤਾ।

# ਭਾਰਤ ਦੌਰੇ 'ਤੇ ਆਏ ਫ਼ਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਹੋਏ ਨਤਮਸਤਕ



ਨਵੀਂ ਦਿੱਲੀ: ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਇਨ੍ਹੀਂ ਦਿਨੀਂ ਭਾਰਤ ਦੇ ਦੌਰੇ 'ਤੇ ਆਏ ਹੋਏ ਹਨ। ਇਸ ਦੌਰਾਨ ਜਿੱਥੇ ਦੋਵਾਂ ਦੇਸ਼ਾਂ ਵਿਚਾਲੇ ਰਣਨੀਤਕ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਚਰਚਾ ਹੋ ਰਹੀ ਹੈ, ਉੱਥੇ ਹੀ ਰਾਸ਼ਟਰਪਤੀ ਮੈਕਰੋਂ ਭਾਰਤੀ ਸੰਸਕ੍ਰਿਤੀ ਅਤੇ ਅਧਿਆਤਮਿਕਤਾ ਦੇ ਰੰਗ ਵਿੱਚ ਰੰਗੇ ਹੋਏ ਨਜ਼ਰ ਆਏ। ਇਸ ਦੌਰੇ ਦੌਰਾਨ ਰਾਸ਼ਟਰਪਤੀ ਮੈਕਰੋਂ ਨੇ ਦਿੱਲੀ ਦੇ ਪ੍ਰਸਿੱਧ ਇਤਿਹਾਸਕ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।


ਗੁਰਦੁਆਰਾ ਸਾਹਿਬ ਪਹੁੰਚਣ 'ਤੇ ਰਾਸ਼ਟਰਪਤੀ ਮੈਕਰੋਂ ਦਾ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਮਰਿਆਦਾ ਅਨੁਸਾਰ ਆਪਣੇ ਸਿਰ 'ਤੇ ਰੁਮਾਲ ਸਜਾਇਆ ਅਤੇ ਦਰਬਾਰ ਸਾਹਿਬ ਵਿੱਚ ਮੱਥਾ ਟੇਕਿਆ। ਇਸ ਦੌਰਾਨ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਸ਼ਾਂਤੀ ਅਤੇ ਸੇਵਾ ਭਾਵਨਾ ਦੀ ਸ਼ਲਾਘਾ ਕੀਤੀ। ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ।

ਰਾਸ਼ਟਰਪਤੀ ਮੈਕਰੋਂ ਨੇ ਗੁਰਦੁਆਰਾ ਸਾਹਿਬ ਵਿੱਚ ਚੱਲਣ ਵਾਲੇ ਵਿਸ਼ਵ ਪ੍ਰਸਿੱਧ ਲੰਗਰ ਅਤੇ ਸੇਵਾ ਦੇ ਸੰਕਲਪ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਦੇਖਿਆ ਕਿ ਕਿਸ ਤਰ੍ਹਾਂ ਬਿਨਾਂ ਕਿਸੇ ਭੇਦਭਾਵ ਦੇ ਹਜ਼ਾਰਾਂ ਲੋਕ ਇੱਕੋ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਦੇ ਹਨ। ਉਨ੍ਹਾਂ ਦੇ ਨਾਲ ਭਾਰਤ ਅਤੇ ਫ਼ਰਾਂਸ ਦੇ ਕਈ ਉੱਚ ਅਧਿਕਾਰੀ ਵੀ ਮੌਜੂਦ ਸਨ। ਮਾਹਿਰਾਂ ਦਾ ਮੰਨਣਾ ਹੈ ਕਿ ਰਾਸ਼ਟਰਪਤੀ ਮੈਕਰੋਂ ਦਾ ਇਸ ਤਰ੍ਹਾਂ ਧਾਰਮਿਕ ਅਸਥਾਨਾਂ 'ਤੇ ਜਾਣਾ ਭਾਰਤ ਅਤੇ ਫ਼ਰਾਂਸ ਦੇ ਆਪਸੀ ਸਾਂਝੇ ਸੱਭਿਆਚਾਰਕ ਸਬੰਧਾਂ ਅਤੇ ਸਤਿਕਾਰ ਨੂੰ ਦਰਸਾਉਂਦਾ ਹੈ। ਇਸ ਦੌਰੇ ਦੌਰਾਨ ਉਹ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕਈ ਅਹਿਮ ਦੁਵੱਲੇ ਮੁੱਦਿਆਂ 'ਤੇ ਵੀ ਮੁਲਾਕਾਤ ਕਰਨਗੇ।

# ਅਮਰੀਕਾ ਤੋਂ ਬਾਅਦ ਕੈਨੇਡਾ ਵਲੋਂ ਭਾਰਤੀਆਂ ਦੇ ਨਿਕਾਲੇ 'ਚ ਰਿਕਾਰਡ ਤੋੜ ਵਾਧਾ

## 2,831 ਭਾਰਤੀ ਵਾਪਸ ਭੇਜੇ, 6,515 ਭਾਰਤੀ CBSA ਦੀ 'ਰਿਮੂਵਲ ਲਿਸਟ' ਵਿੱਚ

ਓਟਵਾ/ਟੋਰਾਂਟੋ, (ਸਾਡੇ ਲੋਕ) ਕੈਨੇਡਾ ਸਰਕਾਰ ਵੱਲੋਂ ਇਮੀਗ੍ਰੇਸ਼ਨ ਨਿਯਮਾਂ ਵਿੱਚ ਕੀਤੀ ਜਾ ਰਹੀ ਸਖ਼ਤੀ ਦਾ ਵੱਡਾ ਅਸਰ ਭਾਰਤੀ ਨਾਗਰਿਕਾਂ 'ਤੇ ਦੇਖਣ ਨੂੰ ਮਿਲ ਰਿਹਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਦੇ ਤਾਜ਼ਾ ਅੰਕੜਿਆਂ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਸਾਲ 2025 ਦੇ ਪਹਿਲੇ 10 ਮਹੀਨਿਆਂ ਵਿੱਚ ਹੀ 2,831 ਭਾਰਤੀਆਂ ਨੂੰ ਕੈਨੇਡਾ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਹੈ, ਜੋ ਕਿ ਹੁਣ ਤੱਕ ਦਾ ਸਭ ਤੋਂ ਵੱਡਾ ਅੰਕੜਾ ਹੈ।




ਖ਼ਬਰ ਦੇ ਮੁੱਖ ਵੇਰਵੇ:

ਬੇਮਿਸਾਲ ਵਾਧਾ: ਪਿਛਲੇ ਸਾਲਾਂ ਦੇ ਮੁਕਾਬਲੇ ਇਹ ਵਾਧਾ ਬਹੁਤ ਜ਼ਿਆਦਾ ਹੈ। ਸਾਲ 2019 ਵਿੱਚ ਸਿਰਫ਼ 625 ਭਾਰਤੀਆਂ ਨੂੰ ਕੱਢਿਆ ਗਿਆ ਸੀ, ਜਦਕਿ 2024 ਵਿੱਚ ਇਹ ਗਿਣਤੀ 1,997 ਸੀ। ਹੁਣ 2025 ਵਿੱਚ ਇਹ ਅੰਕੜਾ ਪੁਰਾਣੇ ਸਾਰੇ ਰਿਕਾਰਡ ਤੋੜ ਚੁੱਕਾ ਹੈ।

ਭਾਰਤ ਦੂਜੇ ਨੰਬਰ 'ਤੇ: ਕੈਨੇਡਾ ਵਿੱਚੋਂ ਸਭ ਤੋਂ ਵੱਧ ਮੈਕਸੀਕਨ ਨਾਗਰਿਕਾਂ (3,972) ਨੂੰ ਕੱਢਿਆ ਗਿਆ ਹੈ, ਜਿਸ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਨੰਬਰ ਭਾਰਤੀਆਂ ਦਾ ਹੈ।

ਖਤਰੇ ਦੀ ਘੰਟੀ: ਅੰਕੜਿਆਂ ਮੁਤਾਬਕ ਅਜੇ ਵੀ ਲਗਭਗ 6,515 ਭਾਰਤੀ CBSA ਦੀ 'ਰਿਮੂਵਲ ਲਿਸਟ' ਵਿੱਚ ਹਨ, ਜਿਨ੍ਹਾਂ ਨੂੰ ਕਿਸੇ ਵੀ ਵੇਲੇ ਵਾਪਸ ਭੇਜਿਆ ਜਾ ਸਕਦਾ ਹੈ। ਇਹ ਗਿਣਤੀ ਕਿਸੇ ਵੀ ਹੋਰ ਦੇਸ਼ ਦੇ ਨਾਗਰਿਕਾਂ ਨਾਲੋਂ ਸਭ ਤੋਂ ਵੱਧ ਹੈ।

ਕਿਉਂ ਹੋ ਰਹੀ ਹੈ ਇਹ ਸਖ਼ਤੀ?

ਰਿਪੋਰਟ ਮੁਤਾਬਕ ਇਸ ਨਿਕਾਲੇ ਦੇ ਤਿੰਨ ਮੁੱਖ ਕਾਰਨ ਹਨ:

1. ਫੇਲ੍ਹ ਰੀਫਿਊਜੀ ਕਲੇਮ: ਜ਼ਿਆਦਾਤਰ ਮਾਮਲੇ ਉਹ ਹਨ ਜਿਨ੍ਹਾਂ ਨੇ ਅਸਾਈਲਮ (ਸ਼ਰਨ) ਦੀ ਮੰਗ ਕੀਤੀ ਸੀ ਪਰ ਉਹਨਾਂ ਦੀਆਂ ਅਰਜ਼ੀਆਂ ਰੱਦ ਹੋ ਗਈਆਂ।

2. ਵੀਜ਼ਾ ਧੋਖਾਧੜੀ ਅਤੇ ਨਿਯਮਾਂ ਦੀ ਉਲੰਘਣਾ: ਵੀਜ਼ਾ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਗੈਰ-ਕਾਨੂੰਨੀ ਤਰੀਕੇ ਨਾਲ ਰਹਿਣਾ, ਬਿਨਾਂ ਵਰਕ ਪਰਮਿਟ ਕੰਮ ਕਰਨਾ ਜਾਂ ਗਲਤ ਦਸਤਾਵੇਜ਼ਾਂ ਦੇ ਅਧਾਰ 'ਤੇ ਵੀਜ਼ਾ ਲੈਣਾ।

3. ਗੰਭੀਰ ਅਪਰਾਧ: ਲਗਭਗ 841 ਮਾਮਲੇ ਗੈਂਗਸਟਰ ਗਤੀਵਿਧੀਆਂ, ਜਥੇਬੰਦਕ ਅਪਰਾਧ ਅਤੇ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਬਣਨ ਵਾਲੇ ਵਿਅਕਤੀਆਂ ਨਾਲ ਸਬੰਧਤ ਹਨ।

ਭਾਰਤ ਅਤੇ ਕੈਨੇਡਾ ਦੇ ਅੰਕੜਿਆਂ ਵਿੱਚ ਵੱਡਾ ਫਰਕ

ਦਿਲਚਸਪ ਪਹਿਲੂ ਇਹ ਹੈ ਕਿ ਭਾਰਤ ਦੇ ਵਿਦੇਸ਼ ਮੰਤਰਾਲੇ (MEA) ਨੇ ਸੰਸਦ ਵਿੱਚ ਇਹ ਗਿਣਤੀ ਸਿਰਫ਼ 188 ਦੱਸੀ ਹੈ। ਇਸ ਫਰਕ ਦਾ ਮੁੱਖ ਕਾਰਨ ਪਰਿਭਾਸ਼ਾ ਹੈ। ਕੈਨੇਡਾ ਉਹਨਾਂ ਨੂੰ ਵੀ 'ਰਿਮੂਵਲ' ਵਿੱਚ ਗਿਣਦਾ ਹੈ ਜੋ ਦੇਸ਼ ਛੱਡਣ ਦੇ ਹੁਕਮ ਮਿਲਣ 'ਤੇ ਖੁਦ ਵਾਪਸ ਚਲੇ ਜਾਂਦੇ ਹਨ, ਜਦਕਿ ਭਾਰਤ ਸਰਕਾਰ ਸਿਰਫ਼ ਉਹਨਾਂ ਨੂੰ 'ਡਿਪੋਰਟ' ਮੰਨਦੀ ਹੈ ਜਿਨ੍ਹਾਂ ਨੂੰ ਅਧਿਕਾਰੀਆਂ ਦੀ ਨਿਗਰਾਨੀ ਹੇਠ ਜਹਾਜ਼ ਚੜ੍ਹਾ ਕੇ ਲਿਆਂਦਾ ਜਾਂਦਾ ਹੈ।

ਵਿਸ਼ੇਸ਼ ਟਿੱਪਣੀ: ਕੈਨੇਡਾ ਜਾਣ ਦੇ ਚਾਹਵਾਨਾਂ ਅਤੇ ਉੱਥੇ ਰਹਿ ਰਹੇ ਭਾਰਤੀਆਂ ਲਈ ਇਹ ਅੰਕੜੇ ਇੱਕ ਵੱਡੀ ਚੇਤਾਵਨੀ ਹਨ ਕਿ ਹੁਣ ਨਿਯਮਾਂ ਦੀ ਉਲੰਘਣਾ ਕਰਨਾ ਮਹਿੰਗਾ ਪੈ ਸਕਦਾ ਹੈ।



ਪਟਨਾ ਵਿੱਚ ਰਾਜ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਆਰਜੇਡੀ ਅਤੇ ਸੀਪੀਆਈ-ਐਮਐਲ ਵਿਧਾਇਕਾਂ ਨੇ ਬਿਹਾਰ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ।



ਡਾ. ਗੁਰਿੰਦਰ ਸਿੰਘ ਗਰੇਵਾਲ

'ਜਦੋਂ ਵੀ ਮਨੁੱਖੀ ਹੱਕਾਂ ਦੀ ਗੱਲ ਤੁਰਦੀ ਹੈ, ਜਾਂ ਪੰਜਾਬ ਅਤੇ ਪੰਥ 'ਤੇ ਕੋਈ ਭੀੜ ਪੈਂਦੀ ਹੈ, ਤਾਂ ਕੈਲੀਫੋਰਨੀਆ ਤੋਂ ਇੱਕ ਬੇਬਾਕ ਆਵਾਜ਼ ਹਮੇਸ਼ਾ ਹੱਕ-ਸੱਚ ਲਈ ਗੂੰਜਦੀ ਹੈ। ਚਾਹੇ ਵਿਦੇਸ਼ੀ ਹਕੂਮਤਾਂ ਦੀਆਂ ਸਾਜ਼ਿਸ਼ਾਂ ਹੋਣ ਜਾਂ ਜਾਤ-ਪਾਤ ਦਾ ਕੋਹੜ; ਪੰਜਾਬ ਅਤੇ ਕੌਮ ਦੇ ਦਰਦ ਨੂੰ ਸਮਝਣ ਵਾਲੇ ਅਤੇ ਵਿਦੇਸ਼ੀ ਸਾਜ਼ਿਸ਼ਾਂ ਵਿਰੁੱਧ ਹਿੱਕ ਤਣ ਕੇ ਖੜ੍ਹਨ ਵਾਲੇ, ਡਾ. ਗੁਰਿੰਦਰ ਸਿੰਘ ਗਰੇਵਾਲ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ ਹਨ। ਸਿੱਖਾਂ ਦੇ ਆਪਣੇ ਘਰ ਅਤੇ ਸੁਨਿਹਰੀ ਭਵਿੱਖ ਲਈ ਉਹ ਪ੍ਰਚਾਰ ਦੀ ਚਕਾਚੌਂਧ ਤੋਂ ਦੂਰ ਰਹਿ ਕੇ ਬਿਨਾਂ ਕਿਸੇ ਸ਼ੋਹਰਤ ਦੀ ਭੁੱਖ ਦੇ, ਅਮਰੀਕਾ ਤੋਂ ਨਿਰੰਤਰ ਸੰਘਰਸ਼ਸ਼ੀਲ ਹਨ। ਸਿੱਖ ਚਿੰਤਕ ਡਾਕਟਰ ਗੁਰਿੰਦਰ ਸਿੰਘ ਗਰੇਵਾਲ ਵਲੋਂ ਅੱਜ ਉਹ ਉਹਨਾਂ ਸਵਾਲਾਂ ਨੂੰ ਸਾਡੇ ਸਾਹਮਣੇ ਰੱਖ ਰਹੇ ਹਨ ਜਿਨ੍ਹਾਂ ਬਾਰੇ ਅੱਜ ਹਰ ਕੋਈ ਗੱਲ ਕਰ ਰਿਹਾ ਹੈ ਪਰ ਲਿਖਣ ਦੀ ਜੁਰਅਤ ਘੱਟ ਲੋਕ ਕਰਦੇ ਹਨ। ਇੱਕ ਪਾਸੇ ਸਜ਼ਾ ਮਿਲਣ ਤੋਂ ਬਾਅਦ ਵੀ ਆਜ਼ਾਦੀ ਹੈ ਅਤੇ ਦੂਜੇ ਪਾਸੇ ਇਤਹਾਸਕ ਚੋਣ ਜਿੱਤਣ ਤੋਂ ਬਾਅਦ ਵੀ ਕੈਦ—ਇਸ ਅਜੀਬ ਨਿਆਂ ਪ੍ਰਣਾਲੀ ਨੂੰ ਉਭਾਰਦਾ ਅਤੇ ਭਾਰਤੀ ਕਨੂੰਨ ਦੇ ਦੋਗਲੇਪਨ ਨੂੰ ਨੰਗਾ ਕਰਦਾ ਇਹ ਲੇਖ 'ਅੱਜ ਅਸੀਂ 'ਸਾਡੇ ਲੋਕ' ਦੇ ਪਾਠਕਾਂ ਦੀ ਨਜ਼ਰ ਕਰਦਿਆਂ ਬੇਹੱਦ ਫ਼ਖਰ ਮਹਿਸੂਸ ਕਰ ਰਹੇ ਹਾਂ।' — ਸਤਨਾਮ ਸਿੰਘ ਖਾਲਸਾ

# ਦੋਸ਼ੀ ਹੋ ਕੇ ਵੀ ਆਜ਼ਾਦ, ਚੁਣੇ ਹੋ ਕੇ ਵੀ ਕੈਦ: ਭਾਰਤ ਵਿੱਚ ਇਨਸਾਫ਼ ਦੇ ਦੋਹਰੇ ਮਾਪਦੰਡ, ਸਿੱਖਾਂ ਲਈ ਕਨੂੰਨ ਵੱਖਰੇ

***ਭਾਰਤੀ ਲੋਕਤੰਤਰ ਦੇ ਇਤਿਹਾਸ ਵਿੱਚ ਇਨਸਾਫ਼ ਦੇ ਦੋਹਰੇ ਮਾਪਦੰਡ ਅਤੇ ਸਿੱਖਾਂ ਲਈ ਕਨੂੰਨ ਵੱਖਰੇ ਹਨ 1947 ਤੋਂ ਦੀ ਅਜ਼ਾਦੀ ਤੋਂ ਬਾਦ ਹੀ ਸਿੱਖਾਂ ਨਾਲ ਇਹ ਵਿਤਕਰਾ ਲਗਾਤਾਰ ਜਾਰੀ ਹੈ। ਇੱਕ ਪਾਸੇ ਸੰਗੀਨ ਜੁਰਮਾਂ—ਬਲਾਤਕਾਰ ਅਤੇ ਕਤਲ—ਦੇ ਦੋਸ਼ ਹੇਠ ਸਜ਼ਾ ਕੱਟ ਰਿਹਾ ਵਿਅਕਤੀ ਰਾਜਸੀ ਸਰਪ੍ਰਸਤੀ ਹੇਠ ਵਾਰ-ਵਾਰ 'ਪੈਰੋਲ' ਦੇ ਨਾਮ 'ਤੇ ਖੁੱਲ੍ਹੀ ਹਵਾ ਦਾ ਆਨੰਦ ਮਾਣਦਾ ਹੈ। ਦੂਜੇ ਪਾਸੇ, ਪੰਜਾਬ ਦੇ ਹਜ਼ਾਰਾਂ ਲੋਕਾਂ ਦੀ ਪਹਿਲੀ ਪਸੰਦ ਬਣ ਕੇ ਉੱਭਰਿਆ ਇੱਕ ਚੁਣਿਆ ਹੋਇਆ ਸੰਸਦ ਮੈਂਬਰ, ਜਿਸ ਵਿਰੁੱਧ ਹਾਲੇ ਤੱਕ ਕੋਈ ਗੁਨਾਹ ਸਾਬਤ ਨਹੀਂ ਹੋਇਆ, ਨੈਸ਼ਨਲ ਸਕਿਉਰਿਟੀ ਐਕਟ (NSA) ਦੀਆਂ ਬੇੜੀਆਂ ਵਿੱਚ ਜਕੜਿਆ ਹੋਇਆ ਹੈ। ਇਹ ਸਥਿਤੀ ਸਿਰਫ਼ ਦੋ ਵਿਅਕਤੀਆਂ ਦੇ ਕੇਸਾਂ ਦਾ ਤੁਲਨਾਤਮਕ ਅਧਿਐਨ ਨਹੀਂ ਹੈ, ਬਲਕਿ ਇਹ ਭਾਰਤੀ ਨਿਆਂ ਪ੍ਰਣਾਲੀ ਦੇ ਨੈਤਿਕ ਪਤਨ ਦਾ ਸੰਕੇਤ ਹੈ। ਜਦੋਂ 'ਦੋਸ਼ੀ' ਨੂੰ ਆਜ਼ਾਦੀ ਅਤੇ 'ਸ਼ੱਕ' ਦੇ ਆਧਾਰ 'ਤੇ ਚੁਣੇ ਹੋਏ ਨੁਮਾਇੰਦੇ ਨੂੰ ਕੈਦ ਮਿਲਦੀ ਹੈ, ਤਾਂ ਕਾਨੂੰਨ ਦੀ ਸਰਵਉੱਚਤਾ (Rule of Law) ਦਾ ਸਿਧਾਂਤ ਦਮ ਤੋੜਨ ਲੱਗਦਾ ਹੈ। ਕਾਨੂੰਨੀ ਮਾਹਿਰਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਲਈ ਇਹ ਚਿੰਤਾ ਦਾ ਵਿਸ਼ਾ ਹੈ ਕਿ ਕੀ 'ਰੋਕੂ ਨਜ਼ਰਬੰਦੀ' (Preventive Detention) ਵਰਗੇ ਕਾਨੂੰਨਾਂ ਦੀ ਵਰਤੋਂ ਹੁਣ ਸਿਆਸੀ ਅਸਹਿਮਤੀ ਨੂੰ ਦਬਾਉਣ ਲਈ ਇੱਕ ਸੰਦ ਵਜੋਂ ਕੀਤੀ ਜਾ ਰਹੀ ਹੈ? ਜੇਕਰ ਰਾਜ ਕੋਲ ਸਬੂਤ ਹਨ, ਤਾਂ ਖੁੱਲ੍ਹੇ ਮੁਕੱਦਮੇ (Open Trial) ਤੋਂ ਗੁਰੇਜ਼ ਕਿਉਂ? ਅੰਤ ਵਿੱਚ, ਕਿਸੇ ਵੀ ਰਾਸ਼ਟਰ ਦੀ ਬੁਨਿਆਦ ਉਸ ਦੇ ਨਿਆਂ ਦੀ ਨਿਰਪੱਖਤਾ 'ਤੇ ਟਿਕੀ ਹੁੰਦੀ ਹੈ। ਜੇਕਰ ਇੱਕ ਪਾਸੇ 'ਸਿਆਸੀ ਵੋਟ ਬੈਂਕ' ਲਈ ਲਚਕਤਾ ਦਿਖਾਈ ਜਾਵੇਗੀ ਅਤੇ ਦੂਜੇ ਪਾਸੇ 'ਲੋਕ ਫਤਵੇ' ਨੂੰ ਨਜ਼ਰਅੰਦਾਜ਼ ਕਰਕੇ ਸਖ਼ਤੀ ਕੀਤੀ ਜਾਵੇਗੀ ਤਾਂ ਆਮ ਨਾਗਰਿਕ ਦਾ ਸਿਸਟਮ ਤੋਂ ਭਰੋਸਾ ਉੱਠਣਾ ਸੁਭਾਵਿਕ ਹੈ।***

ਇਹ ਕਿਵੇਂ ਸੰਭਵ ਹੈ ਕਿ ਇੱਕ ਬਲਾਤਕਾਰ ਅਤੇ ਕਤਲ ਦਾ ਸਜ਼ਾਯਾਫ਼ਤਾ ਮੁਜਰਮ ਵਾਰ-ਵਾਰ ਪੈਰੋਲ 'ਤੇ ਬਾਹਰ ਆ ਜਾਂਦਾ ਹੈ, ਜਦੋਂ ਕਿ ਇੱਕ ਲੋਕਤੰਤਰੀ ਤਰੀਕੇ ਨਾਲ ਚੁਣਿਆ ਹੋਇਆ ਸੰਸਦ ਮੈਂਬਰ ਬਿਨਾਂ ਕਿਸੇ ਦੋਸ਼ ਸਿੱਧੀ ਦੇ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਹੈ?

ਇਹ ਸਵਾਲ ਕਿਸੇ ਸਿਆਸੀ ਪਾਰਟੀ ਜਾਂ ਵਿਚਾਰਧਾਰਾ ਦਾ ਨਹੀਂ ਹੈ। ਇਹ ਸਵਾਲ ਭਾਰਤੀ ਨਿਆਂ ਪ੍ਰਣਾਲੀ ਦੀ ਨਿਰਪੱਖਤਾ ਅਤੇ ਸੰਵਿਧਾਨ ਦੀ ਧਾਰਾ 14 (ਕਾਨੂੰਨ ਸਾਹਮਣੇ ਬਰਾਬਰੀ) ਦੀ ਹੋਂਦ 'ਤੇ ਹੈ। ਅਜੋਕੇ ਹਾਲਾਤ ਦੱਸਦੇ ਹਨ ਕਿ ਭਾਰਤ ਵਿੱਚ ਕਾਨੂੰਨ ਦੀ ਵਰਤੋਂ ਦੋਹਰੇ ਮਾਪਦੰਡਾਂ ਨਾਲ ਹੋ ਰਹੀ ਹੈ—ਕਿਤੇ ਸਜ਼ਾ ਮਿਲਣ ਤੋਂ ਬਾਅਦ ਵੀ ਰਿਹਾਈ ਮਿਲ ਰਹੀ ਹੈ ਅਤੇ ਕਿਤੇ ਸਿਰਫ਼ ਸ਼ੱਕ ਦੇ ਆਧਾਰ 'ਤੇ ਉਮਰਾਂ ਕੈਦ ਹੋ ਰਹੀਆਂ ਹਨ।

**ਪਹਿਲਾ ਪੱਖ:** ਦੋਸ਼ੀ ਹੋ ਕੇ ਵੀ ਆਜ਼ਾਦ

ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ 2017 ਵਿੱਚ ਬਲਾਤਕਾਰ ਅਤੇ 2019 ਵਿੱਚ ਪੱਤਰਕਾਰ ਰਾਮ ਚੰਦਰ ਛੱਤਰਪਤੀ ਦੇ ਕਤਲ ਦੀ ਸਾਜ਼ਿਸ਼ ਲਈ ਦੋਸ਼ੀ ਠਹਿਰਾਇਆ ਗਿਆ ਸੀ। ਇਹ ਭਾਰਤੀ ਕਾਨੂੰਨ ਤਹਿਤ ਸਭ ਤੋਂ ਗੰਭੀਰ ਅਪਰਾਧਾਂ ਵਿੱਚੋਂ ਹਨ।

ਪਰ ਹੈਰਾਨੀ ਦੀ ਗੱਲ ਹੈ ਕਿ ਸਜ਼ਾ ਮਿਲਣ ਤੋਂ ਬਾਅਦ ਹਰਿਆਣਾ ਸਰਕਾਰ ਵੱਲੋਂ ਉਸ ਨੂੰ ਵਾਰ-ਵਾਰ ਪੈਰੋਲ ਅਤੇ ਫਰਲੋ ਦਿੱਤੀ ਜਾ ਰਹੀ ਹੈ। ਅੰਕੜੇ ਦੱਸਦੇ ਹਨ ਕਿ ਉਸ ਨੇ ਆਪਣੀ ਸਜ਼ਾ ਦਾ ਇੱਕ ਵੱਡਾ ਹਿੱਸਾ ਜੇਲ੍ਹ ਤੋਂ ਬਾਹਰ ਗੁਜ਼ਾਰਿਆ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਇਹ ਰਿਹਾਈਆਂ ਅਕਸਰ ਪੰਜਾਬ ਅਤੇ ਹਰਿਆਣਾ ਦੀਆਂ ਚੋਣਾਂ ਨਾਲ ਮੇਲ ਖਾਂਦੀਆਂ ਹਨ, ਜਿੱਥੇ ਡੇਰੇ ਦਾ



ਸਿਆਸੀ ਪ੍ਰਭਾਵ ਹੈ। ਜਦੋਂ ਅਜਿਹੇ ਸੰਗੀਨ ਜੁਰਮਾਂ ਵਿੱਚ 'ਸਰਕਾਰੀ ਮਿਹਰਬਾਨੀ' ਇੰਨੀ ਉਦਾਰ ਹੋ ਜਾਵੇ, ਤਾਂ ਕਾਨੂੰਨ ਦੀ ਸਰਵਉੱਚਤਾ 'ਤੇ ਸਵਾਲ ਉੱਠਣੇ ਲਾਜ਼ਮੀ ਹਨ।

**ਦੂਜਾ ਪੱਖ: ਚੁਣੇ ਹੋ ਕੇ ਵੀ ਕੈਦ**

ਦੂਜੇ ਪਾਸੇ ਅੰਮ੍ਰਿਤਪਾਲ ਸਿੰਘ ਦੀ ਮਿਸਾਲ ਹੈ, ਜਿਨ੍ਹਾਂ ਨੂੰ 2024 ਵਿੱਚ ਪੰਜਾਬ ਦੇ ਲੋਕਾਂ ਨੇ ਵੱਡੀ ਬਹੁਮਤ ਨਾਲ ਸੰਸਦ ਮੈਂਬਰ (MP) ਚੁਣਿਆ। ਉਹ 'ਨੈਸ਼ਨਲ ਸਕਿਊਰਿਟੀ ਐਕਟ' (NSA) ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਐਨ.ਐਸ.ਏ. (NSA) ਅਜਿਹਾ ਕਾਨੂੰਨ ਹੈ ਜੋ ਬਿਨਾਂ ਕਿਸੇ ਰਸਮੀ ਦੋਸ਼ ਜਾਂ ਮੁਕੱਦਮੇ ਦੇ 12 ਮਹੀਨਿਆਂ ਤੱਕ ਹਿਰਾਸਤ ਵਿੱਚ ਰੱਖਣ ਦੀ ਇਜਾਜ਼ਤ ਦਿੰਦਾ ਹੈ। ਅੰਮ੍ਰਿਤਪਾਲ ਸਿੰਘ 'ਤੇ ਹਾਲੇ ਤੱਕ ਕੋਈ ਜ਼ੁਰਮ ਸਾਬਤ ਨਹੀਂ ਹੋਇਆ, ਪਰ ਫਿਰ ਵੀ ਉਹ ਆਪਣੇ ਹਲਕੇ ਦੇ ਲੋਕਾਂ ਦੀ ਨੁਮਾਇੰਦਗੀ ਕਰਨ ਅਤੇ ਸੰਸਦ ਦੀ ਕਾਰਵਾਈ ਵਿੱਚ ਹਿੱਸਾ ਲੈਣ ਤੋਂ ਵਾਂਝੇ ਹਨ। ਸੰਵਿਧਾਨ ਦੀ ਧਾਰਾ 21 ਜੀਵਨ ਅਤੇ ਨਿੱਜੀ ਆਜ਼ਾਦੀ ਦੀ ਗਾਰੰਟੀ ਦਿੰਦੀ ਹੈ, ਪਰ 'ਪ੍ਰੀਵੈਂਟਿਵ ਡਿਟੈਂਸ਼ਨ' (ਰੋਕੂ ਨਜ਼ਰਬੰਦੀ) ਵਰਗੇ ਕਾਨੂੰਨਾਂ ਦੀ ਲੰਬੇ ਸਮੇਂ ਤੱਕ ਵਰਤੋਂ ਇਸ ਮੌਲਿਕ ਅਧਿਕਾਰ ਨੂੰ ਅਰਥਹੀਣ ਬਣਾ ਦਿੰਦੀ ਹੈ।

**ਪੱਖਪਾਤੀ ਰਵੱਈਆ:** ਨਰਮੀ ਅਤੇ ਸਖ਼ਤੀ ਦੀ ਚੋਣ

- ਇੱਕ ਪਾਸੇ ਸਾਬਤ ਹੋ ਚੁੱਕੇ ਬਲਾਤਕਾਰੀ ਅਤੇ ਕਾਤਲ ਲਈ ਕਾਨੂੰਨ ਵਿੱਚ 'ਲਚਕ' ਅਤੇ 'ਰਹਿਮ' ਹੈ।
- ਦੂਜੇ ਪਾਸੇ, ਇੱਕ ਚੁਣੇ ਹੋਏ ਨੁਮਾਇੰਦੇ ਲਈ, ਜਿਸ 'ਤੇ ਕੋਈ ਦੋਸ਼ ਸਾਬਤ ਨਹੀਂ ਹੋਇਆ, ਸਿਰਫ਼ 'ਸ਼ੱਕ' ਦੇ ਆਧਾਰ 'ਤੇ ਸਖ਼ਤ ਪਾਬੰਦੀਆਂ ਹਨ।

ਇਹ ਫ਼ਰਕ ਲੋਕਾਂ ਦਾ ਅਦਾਲਤਾਂ ਅਤੇ ਸਰਕਾਰਾਂ ਤੋਂ ਭਰੋਸਾ ਉਠਾ ਦਿੰਦਾ ਹੈ। ਕਾਨੂੰਨੀ ਮਾਹਿਰ ਉਪੇਂਦਰ ਬਖਸ਼ੀ ਅਨੁਸਾਰ, ਲੋਕਤੰਤਰ ਦੀ ਸਫਲਤਾ ਇਸ ਗੱਲ 'ਤੇ ਨਿਰਭਰ ਨਹੀਂ ਕਰਦੀ ਕਿ ਕਾਨੂੰਨ ਕੀ ਹੈ, ਬਲਕਿ ਇਸ 'ਤੇ ਕਰਦੀ ਹੈ ਕਿ ਉਹ ਲਾਗੂ ਕਿਵੇਂ ਹੁੰਦਾ ਹੈ।

ਪੰਜਾਬ ਦਾ ਇਤਿਹਾਸਕ ਸੰਦਰਭ ਅਤੇ ਕਾਲੇ ਕਾਨੂੰਨ

ਪੰਜਾਬ ਨੇ ਟਾਡਾ (TADA) ਅਤੇ ਯੂ.ਏ.ਪੀ.ਏ. (UAPA) ਵਰਗੇ ਸਖ਼ਤ ਕਾਨੂੰਨਾਂ ਦਾ ਸੰਤਾਪ ਹੰਢਾਇਆ ਹੈ। ਜਦੋਂ ਐਮਰਜੈਂਸੀ ਵਰਗੇ ਹਾਲਾਤ ਲਈ ਬਣਾਏ ਗਏ ਕਾਨੂੰਨ ਆਮ ਹਾਲਾਤਾਂ ਵਿੱਚ ਵਰਤੇ ਜਾਣ ਲੱਗ ਪੈਣ, ਤਾਂ ਉਹ ਸੰਵਿਧਾਨਕ ਸੁਰੱਖਿਆ ਨੂੰ ਖ਼ਤਮ ਕਰ ਦਿੰਦੇ ਹਨ। ਬੰਦੀ ਸਿੰਘਾਂ ਦਾ ਮੁੱਦਾ ਵੀ ਇਸੇ ਕੜੀ ਦਾ ਹਿੱਸਾ ਹੈ, ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਰਿਹਾਈ ਦੀ ਉਡੀਕ ਕਰ ਰਹੇ ਹਨ।

**ਸਿੱਟਾ:** ਇਨਸਾਫ਼ ਦੀ ਸ਼ਰਤੀਆ ਵਰਤੋਂ ਕੀ ਭਾਰਤ ਵਿੱਚ ਇਨਸਾਫ਼ ਹੁਣ ਵਿਅਕਤੀ ਦੀ ਪਛਾਣ, ਉਸਦੀ ਸਿਆਸੀ ਪਹੁੰਚ ਜਾਂ ਰਣਨੀਤਕ ਲੋੜਾਂ 'ਤੇ ਨਿਰਭਰ ਕਰਦਾ ਹੈ?

ਇਹ ਸਥਿਤੀ ਭਾਰਤ ਦੇ ਲੋਕਤੰਤਰੀ ਢਾਂਚੇ ਲਈ ਇੱਕ ਚੇਤਾਵਨੀ ਹੈ। ਲੋਕਤੰਤਰ ਸਿਰਫ਼ ਵੋਟਾਂ ਪਾਉਣ ਦਾ ਨਾਂ ਨਹੀਂ ਹੈ, ਬਲਕਿ ਬਰਾਬਰ ਇਨਸਾਫ਼ ਦਾ ਨਾਂ ਹੈ। ਜਦੋਂ ਸਜ਼ਾਯਾਫ਼ਤਾ ਲੋਕਾਂ ਲਈ ਕਾਨੂੰਨ ਨਰਮ ਹੋ ਜਾਵੇ ਅਤੇ ਬਿਨਾਂ ਮੁਕੱਦਮੇ ਵਾਲਿਆਂ ਲਈ ਸਖ਼ਤ, ਤਾਂ ਸਮਝੋ ਕਿ ਇਨਸਾਫ਼ ਦੀ ਨੀਂਹ ਹਿੱਲ ਚੁੱਕੀ ਹੈ। ਕਿਸੇ ਵੀ ਰਾਸ਼ਟਰ ਦੀ ਤਾਕਤ ਉਸਦੇ ਕਾਨੂੰਨ ਦੀ ਨਿਰਪੱਖਤਾ ਵਿੱਚ ਹੁੰਦੀ ਹੈ, ਪੱਖਪਾਤ ਵਿੱਚ ਨਹੀਂ।

# ਸਿੱਖਾਂ ਦੇ 12 ਕਿਉਂ ਬੱਜਦੇ ਹਨ ?

## ਇਹ ਉਹ ਘੜੀ ਸੀ ਜਦੋਂ ਕੁੜੀਆਂ ਤੇ ਮਾਵਾਂ ਉਡੀਕਦੀਆਂ ਸਨ ਕਿ ਸਿੱਖ ਆਉਣਗੇ ਅਤੇ ਉਹਨਾਂ ਨੂੰ ਬਚਾਉਣਗੇ




1739 ਵਿੱਚ ਅਫ਼ਗਾਨ ਹਮਲਾਵਰ ਨਾਦਿਰ ਸ਼ਾਹ ਨੇ ਦਿੱਲੀ ਲੁੱਟ ਕੇ ਹਜ਼ਾਰਾਂ ਹਿੰਦੂ ਕੁੜੀਆਂ ਕੈਦ ਕਰ ਲਈਆਂ, ਜਿਨ੍ਹਾਂ ਨੂੰ ਅਫ਼ਗਾਨਿਸਤਾਨ ਵਿੱਚ ਵੇਚਣਾ ਸੀ। ਸਾਰਾ ਹਿੰਦੁਸਤਾਨ ਉਸਦੇ ਅੱਗੇ ਝੁਕ ਗਿਆ, ਪਰ ਸਿੱਖ ਨਹੀਂ।

ਅਖਨੂਰ ਦੇ ਨੇੜੇ ਗੁਰੂ ਦੇ ਸਿੰਘਾਂ ਨੇ ਰਾਤ ਨੂੰ ਸ਼ੇਰਾਂ ਵਾਂਗ ਹਮਲਾ ਕਰਕੇ ਬਹੁਤੀਆਂ ਕੁੜੀਆਂ ਅਤੇ ਕੁਝ ਲੁੱਟਿਆ ਸਮਾਨ ਵਾਪਸ ਲਿਆ ਕੇ ਉਹਨਾਂ ਨੂੰ ਇੱਜ਼ਤ ਨਾਲ ਘਰ ਛੱਡਿਆ। ਇਹ ਹਮਲੇ ਅਕਸਰ ਰਾਤ ਦੇ 12 ਵਜੇ ਹੁੰਦੇ ਸਨ, ਇਸ ਲਈ ਮੁਗਲ ਡਰ ਕੇ ਕਹਿੰਦੇ — '12 ਬੱਜ ਗਏ, ਸਿੱਖ ਆ ਗਏ।'

ਅੱਜ ਇਸ ਗੱਲ ਨੂੰ ਮਜ਼ਾਕ ਬਣਾਇਆ ਜਾਂਦਾ ਹੈ, ਪਰ ਇਹ ਅਸਲ ਵਿੱਚ ਸਿੱਖਾਂ ਦੀ ਬਹਾਦਰੀ, ਕੁਰਬਾਨੀ ਅਤੇ ਇੱਜ਼ਤ ਬਚਾਉਣ ਦੀ ਨਿਸ਼ਾਨੀ ਹੈ।

# ਹਿਲੇਰੀ ਕਲਿੰਟਨ ਨੇ ਮੁੰਬਈ ਜਲਵਾਯੂ ਹਫ਼ਤੇ ਵਿਚ ਭਾਰਤ ਦੀ ਕੀਤੀ ਪ੍ਰਸ਼ੰਸਾ

ਮੁੰਬਈ (ਮਹਾਰਾਸ਼ਟਰ) : ਸਾਬਕਾ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਭਾਰਤ ਨੂੰ ਜਲਵਾਯੂ ਪਰਿਵਰਤਨ ਨੂੰ ਹੱਲ ਕਰਨ ਵਿਚ ਇਕ ਮੁੱਖ ਨਵੀਨਤਾਕਾਰੀ ਅਤੇ ਨੇਤਾ ਵਜੋਂ ਪ੍ਰਸ਼ੰਸਾ ਕੀਤੀ। ਸ਼ੁਰੂਆਤੀ ਮੁੰਬਈ ਜਲਵਾਯੂ ਹਫ਼ਤੇ ਵਿਚ ਇਕ ਗੱਲਬਾਤ ਦੌਰਾਨ ਅਨਕੂਲ ਅਤੇ ਘਟਾਉਣ ਵਿਚ ਰਚਨਾਤਮਕ, ਸਹਿਯੋਗੀ ਮਾਡਲਾਂ ਦੀ ਤੁਰੰਤ ਲੋੜ 'ਤੇ ਜ਼ੋਰ ਦਿੱਤਾ। ਇਸ ਸਮਾਗਮ ਵਿਚ ਬੋਲਦੇ ਹੋਏ ਕਲਿੰਟਨ ਨੇ ਜ਼ੋਰ ਦੇ ਕੇ ਕਿਹਾ ਕਿ ਅਰਥਪੂਰਨ ਤਰੱਕੀ ਸੰਯੁਕਤ ਰਾਜ ਵਿਚ ਰਾਜਨੀਤਿਕ ਤਬਦੀਲੀਆਂ ਦੀ ਉਡੀਕ ਨਹੀਂ ਕਰ ਸਕਦੀ। ਅਸੀਂ ਉਸ ਰਾਜਨੀਤਕ ਤਬਦੀਲੀ ਦੀ ਉਡੀਕ ਨਹੀਂ ਕਰ ਸਕਦੇ ਜੋ ਮੈਨੂੰ ਪਤਾ ਹੈ ਕਿ ਸੰਯੁਕਤ ਰਾਜ ਵਿਚ ਆਵੇਗੀ ਕਿਉਂਕਿ ਇਹ ਕੁਝ ਸਾਲਾਂ ਦੀ ਦੂਰੀ 'ਤੇ ਹੈ। ਸਾਨੂੰ ਇੱਥੇ ਮਾਡਲ ਬਣਾਉਣੇ ਪੈਣਗੇ। ਸਾਨੂੰ ਇੱਥੇ ਨਵੀਨਤਾ ਕਰਨੀ ਪਵੇਗੀ। ਕਲਿੰਟਨ ਨੇ ਸਕੇਲੇਬਲ ਪ੍ਰਭਾਵ ਦੇ ਸਬੂਤ ਵਜੋਂ ਸਫਲ ਜ਼ਮੀਨੀ ਪੱਧਰ ਦੀਆਂ ਨਵੀਨਤਾਵਾਂ ਵੱਲ ਇਸ਼ਾਰਾ ਕੀਤਾ, ਇਕ ਬੀਮਾ ਉਤਪਾਦ ਦਾ



ਹਵਾਲਾ ਦਿੰਦੇ ਹੋਏ ਜੋ 500,000 ਮਹਿਲਾ ਪਾਲਿਸੀਧਾਰਕਾਂ ਤੱਕ ਪਹੁੰਚਿਆ ਹੈ ਜਿਨ੍ਹਾਂ ਕੋਲ ਪਹਿਲਾਂ ਕੋਈ ਕਵਰੇਜ ਨਹੀਂ ਸੀ। ਇਹ ਬੀਮਾ ਉਤਪਾਦ ਜਿਸ ਦਾ ਮੈਂ ਤੁਹਾਨੂੰ ਜ਼ਿਕਰ ਕੀਤਾ ਹੈ, ਹੁਣ 500,000 ਪਾਲਿਸੀਧਾਰਕ, ਉਹ ਔਰਤਾਂ ਜਿਨ੍ਹਾਂ ਨੇ ਕਦੇ ਵੀ ਕਿਸੇ ਚੀਜ਼ ਲਈ ਬੀਮਾ ਨਹੀਂ ਕਰਵਾਇਆ ਹੈ। ਇਸ ਲਈ ਇਹ ਨਾ ਸਿਰਫ਼ ਇਕ ਚੰਗੀ ਗੱਲ ਹੈ, ਸਗੋਂ ਇਹ ਸਮਝਦਾਰੀ ਵੀ ਹੈ। ਇਹ ਇਕ ਨਵਾਂ ਬਾਜ਼ਾਰ ਹੈ । ਉਸ ਨੇ ਪ੍ਰਣਾਲੀਗਤ ਤਬਦੀਲੀ ਨੂੰ ਅੱਗੇ ਵਧਾਉਣ ਲਈ ਜਨਤਕ, ਨਿੱਜੀ ਅਤੇ ਪਰਉਪਕਾਰੀ ਖੇਤਰਾਂ ਦੇ ਵਧੇਰੇ ਏਕੀਕਰਨ ਦੀ ਮੰਗ ਕੀਤੀ।



ਨਵੀਂ ਦਿੱਲੀ ਦੇ 10 ਰਾਜਾਜੀ ਮਾਰਗ 'ਤੇ ਤੇਲੰਗਾਨਾ ਕਾਂਗਰਸ ਆਗੂਆਂ ਨਾਲ ਮੀਟਿੰਗ ਦੌਰਾਨ ਲੋਕ ਸਭਾ ਦੇ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਦਾ ਸਨਮਾਨ ਕੀਤਾ ਜਾ ਰਿਹਾ ਹੈ।

# ਗਿਆਨੀ ਰਘਬੀਰ ਸਿੰਘ ਦਾ ਬਾਦਲ ਪਰਿਵਾਰ ਅਤੇ SGPC 'ਤੇ ਵੱਡਾ ਹਮਲਾ; 'ਸਰਬੱਤ ਖਾਲਸਾ' ਬੁਲਾਉਣ ਦੀ ਅਪੀਲ

ਜਲੰਧਰ: ਸ਼੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਜੀ ਨੇ ਅੱਜ ਜਲੰਧਰ ਵਿਖੇ ਇੱਕ ਭਰਵੀਂ ਪ੍ਰੈੱਸ ਕਾਨਫਰੰਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਅਤੇ ਬਾਦਲ ਪਰਿਵਾਰ ਦੇ ਕਥਿਤ ਭ੍ਰਿਸ਼ਟਾਚਾਰ ਵਿਰੁੱਧ ਬਗਾਵਤ ਦਾ ਝੰਡਾ ਬੁਲੰਦ ਕੀਤਾ ਹੈ। ਬੇਹੱਦ ਭਰੇ ਮਨ ਅਤੇ ਭਾਵੁਕ ਲਹਿਜੇ ਵਿੱਚ ਬੋਲਦਿਆਂ ਗਿਆਨੀ ਜੀ ਨੇ ਕੌਮ ਨੂੰ ਸੁਚੇਤ ਕੀਤਾ ਕਿ ਗੁਰੂਘਰਾਂ ਦੀ ਮਰਿਯਾਦਾ ਅਤੇ ਕੌਮ ਦੇ ਸਰਮਾਏ ਨੂੰ ਬਚਾਉਣ ਲਈ ਹੁਣ 'ਸਰਬੱਤ ਖਾਲਸਾ' ਹੀ ਇੱਕੋ-ਇੱਕ ਰਾਹ ਬਾਕੀ ਰਹਿ ਗਿਆ ਹੈ ।

ਗੁਰੂ ਕੀ ਗੋਲਕ ਦੀ ਲੁੱਟ ਅਤੇ ਵਿੱਤੀ ਘੁਟਾਲੇ ਗਿਆਨੀ ਰਘਬੀਰ ਸਿੰਘ ਨੇ ਦੋਸ਼ ਲਾਇਆ ਕਿ ਪਿਛਲੇ ਕਈ ਸਾਲਾਂ ਤੋਂ ਇੱਕੋ ਪਰਿਵਾਰ ਦੇ ਕਬਜ਼ੇ ਹੇਠ SGPC ਅੰਦਰ ਗੁਰੂ ਦੀ ਗੋਲਕ ਦੀ ਬੇਰਹਿਮੀ ਨਾਲ ਲੁੱਟ ਕੀਤੀ ਜਾ ਰਹੀ ਹੈ। ਉਹਨਾਂ ਨੇ ਹੇਠ ਲਿਖੇ ਗੰਭੀਰ ਮੁੱਦੇ ਚੁੱਕੇ:

ਲੰਗਰ ਘੁਟਾਲਾ: ਲੰਗਰ ਦੀਆਂ ਸੁੱਕੀਆਂ ਰੋਟੀਆਂ ਵੇਚ ਕੇ ਕਰੋੜਾਂ ਰੁਪਏ ਦੀ ਹੇਰਾਫੇਰੀ ਕੀਤੀ ਗਈ ਹੈ ।

**ਜ਼ਮੀਨਾਂ ਦੀ ਵਿਕਰੀ:** ਗੁਰਦੁਆਰਾ ਅੰਬ ਸਾਹਿਬ ਸਮੇਤ ਕਈ ਗੁਰੂਘਰਾਂ ਦੀਆਂ ਜ਼ਮੀਨਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਵੇਚ ਕੇ ਨਿੱਜੀ ਜੇਬਾਂ ਭਰੀਆਂ ਜਾ ਰਹੀਆਂ ਹਨ।

ਭ੍ਰਿਸ਼ਟਾਚਾਰ: SGPC ਦੇ ਅਧਿਕਾਰੀਆਂ ਵੱਲੋਂ ਬਦਲੀਆਂ ਅਤੇ ਹੋਰ ਕੰਮਾਂ ਬਦਲੇ ਲੱਖਾਂ ਰੁਪਏ ਦੀ ਰਿਸ਼ਵਤ ਮੰਗਣ ਦੇ ਖੁਲਾਸੇ ਵੀ ਕੀਤੇ ਗਏ।

**ਧਾਰਮਿਕ ਵਿਰਾਸਤ ਅਤੇ ਪਾਵਨ ਸਰੂਪਾਂ ਦੀ ਬੇਅਦਬੀ** : ਕਾਨਫਰੰਸ ਦੌਰਾਨ ਸਭ ਤੋਂ ਭਾਵੁਕ ਪਲ ਉਹ ਸੀ ਜਦੋਂ ਗਿਆਨੀ ਜੀ ਨੇ ਪਾਵਨ ਸਰੂਪਾਂ ਅਤੇ ਇਤਿਹਾਸਕ ਸ਼ਸਤਰਾਂ ਦੀ ਹੋ ਰਹੀ ਦੁਰਦਸ਼ਾ ਦਾ ਜ਼ਿਕਰ ਕੀਤਾ:

**328 ਪਾਵਨ ਸਰੂਪ:** ਗੁੰਮ ਹੋਏ 328 ਪਾਵਨ



ਸਰੂਪਾਂ ਦਾ ਮੁੱਦਾ ਚੁੱਕਦਿਆਂ ਉਹਨਾਂ ਕਿਹਾ ਕਿ ਬਿਨਾਂ ਕਿਸੇ ਤਸਦੀਕ ਦੇ ਸਰੂਪ ਵੰਡੇ ਗਏ। ਉਹਨਾਂ ਇੱਥੋਂ ਤੱਕ ਖੁਲਾਸਾ ਕੀਤਾ ਕਿ ਇੱਕ ਮਰੇ ਹੋਏ ਕੁੱਤੇ ਦੀ ਯਾਦ ਵਿੱਚ ਬਣੀ ਜਗ੍ਹਾ 'ਤੇ ਵੀ ਦੋ ਪਾਵਨ ਸਰੂਪ ਦੇ ਦਿੱਤੇ ਗਏ ।

**ਸ਼ਸਤਰਾਂ ਨਾਲ ਛੇੜਛਾੜ:** ਅਕਾਲ ਤਖ਼ਤ ਸਾਹਿਬ ਵਿਖੇ ਮੌਜੂਦ ਗੁਰੂ ਸਾਹਿਬਾਨਾਂ ਦੇ ਪੁਰਾਤਨ ਸ਼ਸਤਰਾਂ 'ਤੇ ਸੋਨਾ ਚੜ੍ਹਾ ਕੇ ਉਹਨਾਂ ਦੀ ਅਸਲੀਅਤ ਖਤਮ ਕੀਤੀ ਜਾ ਰਹੀ ਹੈ। ਇਸ ਪ੍ਰਕਿਰਿਆ ਦੌਰਾਨ ਮੀਰੀ-ਪੀਰੀ ਦੀ ਇੱਕ ਇਤਿਹਾਸਕ ਕਿਰਪਾਨ ਦਾ ਮੁੱਠਾ ਟੁੱਟਣ ਦੀ ਘਟਨਾ ਨੇ ਸੰਗਤ ਵਿੱਚ ਭਾਰੀ ਰੋਸ ਪੈਦਾ ਕੀਤਾ ਹੈ ।

**ਸਿਆਸੀ ਦਖਲਅੰਦਾਜ਼ੀ ਅਤੇ ਜਥੇਦਾਰਾਂ ਦੀ ਤੌਹੀਨ** : ਗਿਆਨੀ ਜੀ ਨੇ ਸਿੱਧਾ ਨਿਸ਼ਾਨਾ ਸਾਧਦਿਆਂ ਕਿਹਾ ਕਿ SGPC ਵਿੱਚ ਸਿਰਫ਼ ਉਹੀ ਹੁੰਦਾ ਹੈ ਜੋ ਬਾਦਲ ਪਰਿਵਾਰ ਚਾਹੁੰਦਾ ਹੈ ਜਥੇਦਾਰਾਂ ਨੂੰ ਸਿਆਸੀ ਹਿੱਤਾਂ ਲਈ ਵਰਤਿਆ ਜਾਂਦਾ ਹੈ ਅਤੇ ਧਾਰਮਿਕ ਫੈਸਲੇ, ਜਿਵੇਂ ਕਿ ਸੌਦਾ ਸਾਧ ਨੂੰ ਬਿਨਾਂ ਮੰਗੇ ਮੁਆਫੀ ਦੇਣੀ, ਨਿੱਜੀ ਰਿਹਾਇਸ਼ਾਂ 'ਤੇ ਬੈਠ ਕੇ ਲਏ ਜਾਂਦੇ ਹਨ। ਉਹਨਾਂ ਨੇ 2 ਦਸੰਬਰ ਦੀ ਘਟਨਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਤੇ ਉਹਨਾਂ ਦੇ ਸਾਥੀ ਗੁਰੂ ਦੀ ਹਜ਼ੂਰੀ ਵਿੱਚ ਆਪਣੀਆਂ ਗਲਤੀਆਂ ਮੰਨ ਕੇ ਬਾਅਦ ਵਿੱਚ ਮੁਕਰ ਗਏ ਹਨ।

**ਕੌਮ ਨੂੰ ਵੱਡੀ ਅਪੀਲ** : ਰਿਪੋਰਟ ਦੇ ਅੰਤ ਵਿੱਚ ਗਿਆਨੀ ਰਘਬੀਰ ਸਿੰਘ ਨੇ ਸਮੁੱਚੀ ਸਿੱਖ ਕੌਮ, ਪੰਥਕ ਜਥੇਬੰਦੀਆਂ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਹੁਣ ਸਮਾਂ ਆ ਗਿਆ ਹੈ ਕਿ 'ਸਰਬੱਤ ਖਾਲਸਾ' ਬੁਲਾ ਕੇ ਇਹਨਾਂ ਭ੍ਰਿਸ਼ਟ ਲੋਕਾਂ ਨੂੰ ਪੰਥਕ ਸੇਵਾਵਾਂ ਵਿੱਚੋਂ ਧੱਕੇ ਮਾਰ ਕੇ ਬਾਹਰ ਕੱਢਿਆ ਜਾਵੇ ਤਾਂ ਜੋ ਗੁਰੂਘਰਾਂ ਦੀ ਮਰਿਯਾਦਾ ਅਤੇ ਸਿੱਖੀ ਦਾ ਭਵਿੱਖ ਸੁਰੱਖਿਅਤ ਕੀਤਾ ਜਾ ਸਕੇ।

### ਐਸਜੀਪੀਸੀ ਨੇ ਗਿਆਨੀ ਰਘਬੀਰ ਸਿੰਘ ਨੂੰ ਦੋਸ਼ ਸਾਬਤ ਕਰਨ ਲਈ ਦਿੱਤਾ 72 ਘੰਟਾ ਦਾ ਸਮਾਂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੂੰ ਉਨ੍ਹਾਂ ਵੱਲੋਂ ਲਾਏ ਦੋਸ਼ਾਂ ਨੂੰ ਸਪਸ਼ਟ ਕਰਨ ਲਈ 72 ਘੰਟੇ ਦਾ ਸਮਾਂ ਦਿੱਤਾ ਗਿਆ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਹੈ।

# ਮੋਦੀ ਅਤੇ ਸ਼ਾਹ ਕਿਸਾਨਾਂ ਦੇ ਰੱਖਿਅਕ ਵਪਾਰ ਸਮਝੌਤਿਆਂ 'ਤੇ ਝੂਠਾ ਬੇਨਕਾਬ ਰਾਹੁਲ ਦੀ ਡਰ ਦੀ ਰਾਜਨੀਤੀ ਰੱਦ ਕਰਦਾ ਹੈ : ਸ. ਸੁਖਮਿੰਦਰ ਸਿੰਘ ਗਰੇਵਾਲ ਭੂਖੜੀ ਕਲਾਂ

ਲੁਧਿਆਣਾ : ਰਾਸ਼ਟਰੀ ਭਾਜਪਾ ਆਗੂ ਐਡਵੋਕੇਟ ਸੁਖਮਿੰਦਰਪਾਲ ਸਿੰਘ ਗਰੇਵਾਲ ਭੂਖੜੀ ਕਲਾਂ ਨੇ ਕਿਹਾ ਕਿ ਗਹਿਰੇ ਸਤਿਕਾਰ ਦਿਲੋਂ ਭਗਤੀ ਅਤੇ ਅਟੱਲ ਵਿਸ਼ਵਾਸ ਨਾਲ ਮੈਂ ਨਰਿੰਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਅਤੇ ਅਮਿਤ ਸ਼ਾਹ ਦੀ ਮਜ਼ਬੂਤ ਰਾਸ਼ਟਰਵਾਦੀ ਵਚਨਬੱਧਤਾ ਦਾ ਪੂਰਾ ਸਮਰਥਨ ਕਰਦਾ ਹਾਂ। ਉਨ੍ਹਾਂ ਨੇ ਕਿਹਾ ਕਿ ਭਾਰਤ ਦੇ ਵਪਾਰਕ ਸਮਝੌਤਿਆਂ ਅਤੇ ਰਾਸ਼ਟਰੀ ਆਰਥਿਕ ਤਰੱਕੀ ਸਬੰਧੀ ਮੋਦੀ ਸਰਕਾਰ ਦੀਆਂ ਇਮਾਨਦਾਰ ਪਾਰਦਰਸ਼ੀ ਅਤੇ ਕਿਸਾਨ ਹਿਤੈਸ਼ੀ ਨੀਤੀਆਂ ਨੇ ਹਮੇਸ਼ਾ ਕਿਸਾਨਾਂ, ਗਰੀਬ ਮਜ਼ਦੂਰਾਂ, ਨੌਜਵਾਨਾਂ ਅਤੇ ਹਰ ਮਿਹਨਤੀ ਨਾਗਰਿਕ ਨੂੰ ਕੇਂਦਰ ਵਿਚ ਰੱਖਿਆ ਹੈ ਅਤੇ ਹਰ ਅੰਤਰਰਾਸ਼ਟਰੀ ਸਮਝੌਤਾ ਭਾਰਤ ਦੀ ਖੇਤੀ ਡੇਅਰੀ ਅਤੇ ਪੇਂਡੂ ਅਰਥਵਿਵਸਥਾ ਨੂੰ ਮਜ਼ਬੂਤੀ ਸੁਰੱਖਿਆ ਅਤੇ ਸਨਮਾਨ ਨਾਲ ਸੁਰੱਖਿਅਤ ਕਰਦਾ ਹੈ।

ਇਥੇ ਜਾਰੀ ਬਿਆਨ ਵਿਚ ਉਨ੍ਹਾਂ ਨੇ ਕਿਹਾ ਕਿ ਵਪਾਰ ਸਮਝੌਤਿਆਂ 'ਤੇ ਰਾਹੁਲ ਗਾਂਧੀ ਵਲੋਂ ਲਗਾਏ ਗਏ ਬੇਬੁਨਿਆਦ ਦੋਸ਼ ਅਤੇ ਰਾਜਨੀਤਕ ਪ੍ਰੇਰਿਤ ਸਵਾਲ ਭਰਮਜਨਕ ਦੁਖਦਾਈ ਅਤੇ ਰਾਸ਼ਟਰੀ ਹਿੱਤਾਂ ਦੇ ਵਿਰੁੱਧ ਹਨ। ਉਨ੍ਹਾਂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਸਾਫ਼ ਅਤੇ ਤਥਾਤਮਕ ਸਟੈਂਡ ਦਾ ਮਜ਼ਬੂਤ ਸਮਰਥਨ ਕੀਤਾ ਜਿਨ੍ਹਾਂ ਨੇ ਝੂਠੀ ਕਹਾਣੀ ਨੂੰ ਬੇਨਕਾਬ ਕਰਦਿਆਂ ਦੇਸ਼ ਨੂੰ ਭਰੋਸਾ ਦਿੱਤਾ ਕਿ ਪ੍ਰਧਾਨ ਮੰਤਰੀ ਮੋਦੀ ਹੇਠ ਹੋਇਆ ਹਰ ਸਮਝੌਤਾ ਕਿਸਾਨਾਂ, ਪਸ਼ੂ ਪਾਲਕਾਂ ਅਤੇ ਮਛੇਰਿਆਂ ਦੀ ਪੂਰੀ ਰੱਖਿਆ ਕਰਦਾ ਹੈ ਅਤੇ ਭਾਰਤ ਦੀ ਖੇਤੀ ਜਾਂ ਡੇਅਰੀ ਸੈਕਟਰ ਨੂੰ ਕੋਈ ਖਤਰਾ ਨਹੀਂ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਦਾ ਇਤਿਹਾਸ ਗੁੰਝਲ, ਗਲਤ ਜਾਣਕਾਰੀ ਅਤੇ ਉਹ ਨੀਤੀਆਂ ਨਾਲ ਭਰਿਆ



ਬੀਜੇਪੀ ਦੇ ਨੈਸ਼ਨਲ ਲੀਡਰ ਸ੍ਰ. ਸੁਖਮਿੰਦਰਪਾਲ ਸਿੰਘ ਗਰੇਵਾਲ

ਹੈ ਜਿਨ੍ਹਾਂ ਨੇ ਪਹਿਲਾਂ ਕਿਸਾਨਾਂ ਨੂੰ ਕਮਜ਼ੋਰ ਕੀਤਾ ਜਦਕਿ 2014 ਤੋਂ ਬਾਅਦ ਮੋਦੀ ਨੇ ਉਹ ਹਾਨੀਕਾਰਕ ਪ੍ਰਬੰਧ ਠੀਕ ਕਰਕੇ ਭਾਰਤੀ ਖੇਤੀ ਨੂੰ ਤਾਕਤ, ਭਰੋਸਾ ਅਤੇ ਵਿਸ਼ਵ ਪੱਧਰੀ ਸਨਮਾਨ ਦਿੱਤਾ।

ਸ. ਗਰੇਵਾਲ ਨੇ ਕਿਹਾ ਕਿ ਅੰਤਰਰਾਸ਼ਟਰੀ ਵਪਾਰ ਸਮਝੌਤਿਆਂ ਬਾਰੇ ਕਿਸਾਨਾਂ ਵਿਚ ਡਰ ਪੈਦਾ ਕਰਨ ਦੀਆਂ ਰਾਹੁਲ ਗਾਂਧੀ ਦੀਆਂ ਮੁੜ-ਮੁੜ ਕੋਸ਼ਿਸ਼ਾਂ ਗੈਰ ਜ਼ਿੰਮੇਵਾਰ ਅਤੇ ਭਰਮਜਨਕ ਹਨ ਕਿਉਂਕਿ ਭਾਰਤ ਸਰਕਾਰ ਨੇ ਐਮਐਸਪੀ ਖਰੀਦ ਖੁਰਾਕ ਸੁਰੱਖਿਆ ਅਤੇ ਕਿਸਾਨ ਆਮਦਨ ਦੀ ਪੂਰੀ ਰੱਖਿਆ ਯਕੀਨੀ ਬਣਾਈ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤੀ ਖੇਤੀ 'ਤੇ ਵਿਦੇਸ਼ੀ ਕਬਜ਼ੇ ਦੇ ਕਲਪਨਾਤਮਕ ਡਰ ਫੈਲਾਉਣਾ ਪਿੰਡਾਂ ਵਿਚ ਘਬਰਾਹਟ ਅਤੇ ਰਾਜਨੀਤਕ ਗੁੰਝਲ ਪੈਦਾ ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਨੇ ਜੋੜਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਹੇਠ ਭਾਰਤੀ ਕਿਸਾਨਾਂ ਲਈ ਵਿਸ਼ਵ ਬਾਜ਼ਾਰ ਖੋਲ੍ਹੇ ਨਿਰਯਾਤ ਮਜ਼ਬੂਤ ਕੀਤੇ ਪੇਂਡੂ ਖੁਸ਼ਹਾਲੀ ਵਧਾਈ ਅਤੇ ਭਾਰਤ ਨੂੰ ਹਮੇਸ਼ਾ ਤਾਕਤ ਸਨਮਾਨ ਅਤੇ ਰਾਸ਼ਟਰੀ ਹਿੱਤ ਦੇ ਆਧਾਰ 'ਤੇ ਵਟਾਂਦਰਾ ਕਰਨ ਯੋਗ ਬਣਾਇਆ।

ਸ. ਗਰੇਵਾਲ ਨੇ ਕਿਹਾ ਕਿ ਮੈਂ ਅਮਿਤ ਸ਼ਾਹ ਦੇ ਦਲੇਰੀ ਭਰੇ ਜਵਾਬ ਦਾ ਪੂਰਾ ਸਮਰਥਨ ਕਰਦਾ ਹਾਂ ਜਿਥੇ ਉਨ੍ਹਾਂ ਨੇ ਕਿਹਾ ਕਿ ਜਿਨ੍ਹਾਂ ਨੇ ਦਹਾਕਿਆਂ ਤੱਕ ਦੇਸ਼ ਨੂੰ ਭਰਮਾਇਆ ਉਹ ਹੁਣ ਵਪਾਰ ਸਮਝੌਤਿਆਂ 'ਤੇ ਝੂਠ ਫੈਲਾਅ ਕੇ ਕਿਸਾਨਾਂ ਨੂੰ ਗੁੰਝਲ ਵਿਚ ਪਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਮੋਦੀ ਸਰਕਾਰ ਹੇਠ ਹਰ ਸੰਵੇਦਨਸ਼ੀਲ ਖੇਤਰ ਦੀ ਰੱਖਿਆ ਕੀਤੀ ਗਈ ਹੈ ਅਤੇ ਕੋਈ ਵੀ ਸਮਝੌਤਾ ਕਦੇ ਵੀ ਭਾਰਤ ਦੇ ਕਿਸਾਨਾਂ, ਡੇਅਰੀ ਉਦਯੋਗ ਜਾਂ ਪੇਂਡੂ ਅਰਥਵਿਵਸਥਾ ਨੂੰ ਨੁਕਸਾਨ ਨਹੀਂ ਪਹੁੰਚਣ ਦੇਵੇਗਾ। ਉਨ੍ਹਾਂ ਨੇ ਕਿਹਾ ਕਿ ਭਰਮ ਫੈਲਾਉਣ ਦੀ ਬਜਾਏ ਵਿਰੋਧੀ ਧਿਰ ਨੂੰ ਭਾਰਤ ਦੀਆਂ ਇਤਿਹਾਸਕ ਉਪਲਬਧੀਆਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

ਸ. ਗਰੇਵਾਲ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਮਾਨਦਾਰ ਫੈਸਲਾਕੁੰਨ ਅਤੇ ਕਿਸਾਨ ਦੋਸਤ ਅਗਵਾਈ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮਜ਼ਬੂਤ ਰਾਸ਼ਟਰਵਾਦੀ ਵਚਨਬੱਧਤਾ ਹੇਠ ਭਾਰਤ ਆਰਥਿਕ ਤਾਕਤ ਵਿਸ਼ਵ ਸਨਮਾਨ ਕਿਸਾਨ ਖੁਸ਼ਹਾਲੀ ਅਤੇ ਰਾਸ਼ਟਰੀ ਏਕਤਾ ਵੱਲ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਉਨ੍ਹਾਂ ਨੇ ਮੋਦੀ ਜੀ ਅਤੇ ਅਮਿਤ ਸ਼ਾਹ ਦੀ ਅਗਵਾਈ ਲਈ ਆਪਣਾ ਅਟੱਲ ਸਮਰਥਨ ਸਮਰਪਣ ਅਤੇ ਵਚਨਬੱਧਤਾ ਦੁਹਰਾਈ ਅਤੇ ਕਿਹਾ ਕਿ ਇਕ ਮਜ਼ਬੂਤ ਆਤਮਨਿਰਭਰ ਅਤੇ ਖੁਸ਼ਹਾਲ ਭਾਰਤ ਦੀ ਨਿਰਮਾਣ ਯਾਤਰਾ ਵਿਚ ਕਿਸਾਨ ਮਜ਼ਦੂਰ ਨੌਜਵਾਨ ਅਤੇ ਹਰ ਨਾਗਰਿਕ ਵਿਸ਼ਵਾਸ ਸੁਰੱਖਿਆ ਅਤੇ ਗੌਰਵ ਨਾਲ ਅੱਗੇ ਵਧ ਰਿਹਾ ਹੈ।

# ਪੋਹ ਸੁਦੀ ੭- ਦੂਤਹ ਦਹਨੁ ਭਇਆ ਗੋਵਿੰਦ ਪ੍ਰਗਟਾਇਆ ।।

## ਛਪ ਰਹੀ ਪੁਸਤਕ ਸ੍ਰੀ ਦਸਮ ਗੋਸਟਿ ਵਿਚੋਂ

ਗੁਰ ਨਾਨਕ ਦੇਵ ਗੋਵਿੰਦ ਰੂਪ (੧੧੯੨)। ਸਾਰੇ ਸੰਸਾਰ ਵਿਚ ਹਰ ਗੁਰੂ ਨਾਨਕ ਨਾਮ ਲੇਵਾ ਲਈ ਇਤਿਹਾਸ ਦੀਆਂ ਦੋ ਤਾਰੀਖਾਂ ਬਹੁਤ ਹੀ ਮਹੱਤਵ ਪੂਰਨ ਹਨ। ਸੁਤੇ ਸਿਧ ਹੀ ਹਰ ਜ਼ਿਹਨ ਵਿਚ ਇਹ ਅੰਕਤ ਹਨ, ਕੱਤਕ ਪੂੰਨਿਆ ਅਤੇ ਪੋਹ ਸੁਦੀ ਸਤਮੀ। ਇਹਨਾਂ ਦੀ ਉਡੀਕ ਹਰ ਸਿੱਖ ਨੂੰ ਹੁੰਦੀ ਹੈ। ਬਿਕ੍ਰਮੀ ਸੰਮਤ ੧੭੨੩ ਦੇ ਚਾਨਣੇ ਪੱਖ ਵਿਚ ਥਿਤੀ ਮੁਤਾਬਕ ਪੋਹ ਸੁਦੀ ਸਤਮੀ ਨੂੰ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪਟਨਾ **ਸਾਹਿਬ ਦੀ ਪਾਵਨ ਧਰਤੀ ਤੇ ਅਵਤਾਰ ਧਾਰਿਆ।**

**ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ।।**
**ਦੂਤਹ ਦਹਨੁ ਭਇਆ ਗੋਵਿੰਦ ਪ੍ਰਗਟਾਇਆ।।**
**(ਮ:੫ ੪੬੧)**

ਪੋਹ ਸੁਦੀ ਸਤਮੀ ਸੂਰਜੀ ਕੈਲੰਡਰ ਮੁਤਾਬਕ ੨੩ ਪੋਹ, ੧੭੨੩ ਸੀ। ਉਸ ਸਮੇਂ ਦੇ ਪ੍ਰਚਲਤ ਜੂਲੀਅਨ ਕੈਲੰਡਰ ਮੁਤਾਬਕ ਇਹ ੨੨ ਦਿਸੰਬਰ, ੧੬੬੬ ਅਤੇ ਇਸਲਾਮਿਕ ਕੈਲੰਡਰ ਅਨੁਸਾਰ ੬ ਰਜਬ, ੧੦੭੭ ਅਲ ਹਿਜਰੀ ਸੀ। ਉਸ ਸਮੇਂ ਤਕ ਮੌਜੂਦਾ ਦੌਰ ਦਾ ਪੋਪ ਗ੍ਰੈਗਰੀ ਵਲੋਂ ਚਲਾਇਆ ਈਸਾਈ ਕੈਲੰਡਰ ਹੋਂਦ ਵਿਚ ਨਹੀਂ ਸੀ ਆਇਆ। ਬਾਅਦ ਵਿਚ ਜੂਲੀਅਨ ਕੈਲੰਡਰ ਵਿਚ ਦਸ ਦਿਨ ਦਾ ਵਾਧਾ ਕਰਕੇ ਇਹ ਤਾਰੀਖ਼ ੧ ਜਨਵਰੀ, ੧੬੬੭ ਨਿਸਚਤ ਕਰ ਦਿੱਤੀ ਗਈ।

ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।। (੪੫) ਦਸ਼ਮੇਸ਼ ਪਿਤਾ ਦੇ ਆਗਮਨ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਲਾਏ ਨਿਰਮਲ ਪੰਥ ਨੂੰ ਸੰਪੂਰਨਤਾ ਪ੍ਰਦਾਨ ਕੀਤੀ। ਇਸ ਤਰ੍ਹਾਂ ਹਰ ਸਿੱਖ ਨੂੰ ਸਦੀਵ ਕਾਲ ਲਈ ਗੁਰੂ ਗ੍ਰੰਥ-ਗੁਰੂ ਪੰਥ ਦੀ ਸੀਮਾ ਵਿਚ ਆਸੀਨ ਕਰ ਦਿੱਤਾ।

ਹੁਣ ਪੋਹ ਸੁਦੀ ਸਤਮੀ = ੨੩ ਪੋਹ (ਸੂਰਜੀ) = ੨੨ ਦਿਸੰਬਰ, ੧੬੬੬ (ਜੂਲੀਅਨ) = ੧ ਜਨਵਰੀ, ੧੬੬੭ (ਗ੍ਰੈਗੋਰੀਅਨ), ੬ ਰਜਬ, ੧੦੭੭ (ਅਲ ਹਿਜਰੀ) ਕਾਲ ਗਣਨਾ ਦੇ ਵੱਖ ਵੱਖ ਪੈਮਾਨੇ ਹਨ। ਪਰ ਮੁੱਢ ਅਰੰਭ ਤੋਂ ਹੀ ਸਾਰੇ ਸਿੱਖ ਜਗਤ ਨੇ ਸਤਿਗੁਰੂ ਜੀ ਦਾ ਪ੍ਰਕਾਸ਼ ਪੁਰਬ ਪੋਹ ਸੁਦੀ ਸਤਮੀ ਨੂੰ ਹੀ ਮਨਾਇਆ। ਇਸ ਦੇ ਨਾਲ ਹੀ ਸਾਰੇ ਦੇ ਸਾਰੇ ਗੁਰ ਇਤਿਹਾਸ ਵਾਰਤਕ ਅਤੇ ਕਾਵਿ ਵਿਚ ਅਤੇ ਹੋਰ ਭਾਸ਼ਾਵਾਂ ਵਿਚ ਵੀ ਲਿਖੇ ਇਤਿਹਾਸ ਵਿਚ ਪੋਹ ਸੁਦੀ ਸਤਮੀ ਦਾ ਹੀ ਜ਼ਿਕਰ ਮਿਲਦਾ ਹੈ। ਇਸ ਤੋਂ ਇਲਾਵਾ ਸ੍ਰੀ ਦਸ਼ਮੇਸ਼ ਪ੍ਰਕਾਸ਼ ਪੁਰਬ ੨੩ ਪੋਹ, ੨੨ ਦਿਸੰਬਰ, ੧ ਜਨਵਰੀ ਜਾਂ ੬ ਰਜਬ ਨੂੰ ਮਨਾਏ ਜਾਣ ਦਾ ਹਵਾਲਾ ਕਿਧਰੇ ਵੀ ਨਹੀਂ ਪ੍ਰਗਟ ਹੁੰਦਾ। ਹਰ ਸ੍ਰੋਤ ਪੋਹ ਸੁਦੀ ਸਤਮੀ ਦਾ ਹੀ ਹਵਾਲਾ ਦਿੰਦਾ ਹੈ।

ਗੁਰ ਬਿਲਾਸ ਪਾਤਿਸਾਹੀ ੧੦ ਵਿਚ ਭਾਈ ਸੁੱਖਾ ਸਿੰਘ ਵੀ ਪੋਹ ਸੁਦੀ ਸਤਮੀ ਦਾ ਹੀ ਹਵਾਲਾ ਦਿੰਦੇ ਹਨ।

**ਚੌਪਈ:**
**ਸੰਬਤ ਸਤਰਹ ਸਹਸ ਭਣਿਜੈ।**
**ਬੀਸ ਤੀਨ ਸੰਗ ਬਰਖ ਗਣਿਜੈ।**
**ਮਾਹਿ ਪੋਖ ਪੁਨ ਅਧਿਕ ਸੁ ਚੀਨੈ।**
**ਜਗਤ ਪ੍ਰਵੇਸ ਕ੍ਰਿਪਾ ਨਿਧਿ ਕੀਨੇ।੪੫।**
**ਘਰੀ ਨਿਛਤ੍ਰ ਸੁ ਅਧਿਕ ਪਵਿਤ੍ਰ।**
**ਲਗਨ ਮਹੂਰਤ ਪਰਮ ਬਚਿਤ੍ਰ।**
**ਜਗਤਾਰਕ ਉਤਰਿਓ ਗੁਰ ਪੂਰਾ।**
**ਦਸਵਾਂ ਸਾਹਿਬ ਅਧਿਕ ਹਜੂਰਾ। ੩੬।**
**ਗੁਰ ਬਿਲਾਸ ਪਾਤਿਸਾਹੀ ੧੦ (੧੭੯੭)**
**- ਭਾਈ ਸੁੱਖਾ ਸਿੰਘ, ਪੰਨਾ ੩੪**

**ਕਵੀਂਦ੍ਰ ਸੰਤ ਨਿਹਾਲ ਸਿੰਘ ਲਿਖਦੇ ਹਨ,**
**ਟਾਰਯੋ ਜਾਂ ਪ੍ਰਿਥੀ ਕੋ ਭਾਰ ਮਾਰ ਕੈ ਮਲੇਛਨ ਕੋ**
**ਧਿਖਨਾ ਔ ਬਿਆਨ ਧੀਰ ਰਧਮ ਬਿਥਾਰਯੋ ਹੈ।**
**ਜਾਰਯੋ ਦਵੈਤ ਭਾਵ ਜਾਂ ਨਿਹਾਰਯੋ ਘਟ ਘਟੇ ਬ੍ਰਹਮ**
ਰੂਪ ਰੇਖਾ ਰਹਿਤ ਅਕਾਲ ਹੀ ਉਚਾਰਯੋ ਹੈ।
ਤਾਰਯੋ ਜਾਂ ਨਿਹਾਲ ਸਿੰਘ ਸਿੱਖਨ ਕੋ ਗਿਆਨ ਦੈ ਕੈ
**ਯਥਾਯੋਗ ਬਯਵਹਾਰ ਪ੍ਰਭੁ ਪੰਥ ਪਾਰਯੋ ਹੈ।**
**ਪੋਖ ਸੁਦੀ ਸਪਤਮੀ ਹੈ ਪਟਣੇ ਸਹਿਰ ਬੀਚ**
**ਸ੍ਰੀ ਗੁਰੂ ਗੋਬਿੰਦ ਸਿੰਘ ਅਵਤਾਰ ਧਾਰਯੋ ਹੈ।।੪।।**
**ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ - ਸੰਤ ਨਿਹਾਲ ਸਿੰਘ ਕਵੀਂਦ੍ਰ, (੧੯੬੩), ਪੰਨਾ ੩੧੧**

(ਨਿਹਾਲ ਸਿੰਘ ਕਹਿੰਦਾ ਹੈ ਕਿ ਸਿੱਖਾਂ ਨੂੰ ਗਿਆਨ ਦੇ ਕੇ ਤਾਰਿਆ ਹੈ ਅਤੇ ਉਚਿਤ ਬਿਉਹਾਰ ਰਾਹੀਂ ਪ੍ਰਭੁ ਦਾ ਪੰਥ ਪਾਲਿਆ ਹੈ। ਗੁਰੂ ਗੋਬਿੰਦ ਸਿੰਘ ਜੀ ਪੋਹ ਸੁਦੀ ਸਤਮੀ ਨੂੰ ਪਟਨਾ ਸਾਹਿਬ ਵਿਚ ਅਵਤਾਰ ਧਾਰਿਆ ਹੈ।)

ਇਸੇ ਤਰ੍ਹਾਂ ਕਵਿ ਦੌਲਤ ਰਾਇ ਵੀ ਲਿਖਦੇ ਹਨ,
**ਬੀਰ ਰਸ ਮੱਤੇ ਮਾਰੇ ਬੀਰ ਰਸ ਮੱਤੇ ਕਈ**
**ਕੀਏ ਹੈ ਨਪੱਤੇ ਭਾਸੇ ਅੱਤੇ ਮੈ ਨਪੱਤੇ ਮੈ।**
**ਹਤੇ ਬਾਂਗ ਛੱਤੇ ਬਿਲਖਤ ਲਗੇ ਕੱਤੇ**
**ਤੇਜ਼ ਰੁਧਰ ਚੁਅੱਤੇ ਫਟੇ ਉਦਰ ਸੁ ਲੱਤੇ ਮੈ।**
**ਭਏ ਹੈ ਨਗੱਤੇ ਗਤੇ ਯਹ ਹਾਥ ਘੱਤੇ ਆਪ**
**ਦੌਲਤ ਸੁਨੱਤੇ ਜਸ ਜੇਤਕ ਸੁਨੱਤੇ ਮੈ।**
**ਕਈ ਬਿਨਸੱਤੇ ਕਈ ਕੀਏ ਬਿਨ ਸੱਤੇ**
**ਪੈਦਾ ਪੋਖ ਸੁਦੀ ਸੱਤੇ ਸਾਸ ਰਾਖੋ ਨ ਚੁਗੱਤੇ ਮੈ।**
**ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ - ਕਵਿ ਦੌਲਤ ਰਾਇ (੧੯੮੦), ਪੰਨਾ ੨੪੮**

(ਬੇਵਕਤ ਹੋ ਗਏ, ਜਿਨ੍ਹਾਂ ਤੇ ਇਹ ਹੱਥ ਪਿਆ ਹੈ। ਉਹ ਦੌਲਤ ਨਾਲ ਦਬ ਗਏ ਜਿਨ੍ਹਾਂ ਨੇ ਝੁਕ ਕੇ ਜਸ ਗਾਇਆ ਹੈ। ਕਈ ਮਿਟ ਗਏ, ਕਈ ਸ਼ਕਤੀ ਹੀਣ ਹੋ ਗਏ, ਪੋਹ ਸੁਦੀ ਸਤਮੀ ਨੂੰ ਜਨਮ ਲੈਣ ਵਾਲੇ ਗੁਰੂ ਗੋਬੰਦ ਸਿੰਘ ਜੀ ਨੇ ਚੁਗੱਤੇ (ਔਰੰਗਜ਼ੇਬ) ਵਿਚ ਸਾਹ ਸਤ ਨਹੀਂ ਰਹਿਣ ਦਿੱਤਾ।)


ਡਾਕਟਰ ਚਰਨ ਸਿੰਘ ਜੀ ਚਰਨਹਰਿ ਵਿਸਥਾਰ ਵਿਚ ਅੰਕਤ ਕਰਦੇ ਹਨ,
**ਜ਼ੁਲਮ ਭੰਵਰ ਸੇ ਆਪ ਕੀਆ ਸਤਿਗੁਰ ਨੇ ਪਾਰ।**
**ਐਸੀ ਕਰਨੀ ਕਰੀ ਆਪ ਨੇ ਕੋਇ ਨ ਕਰਲੇਹਾਰ ਹੂਏ।**
**ਪਾਕਰ ਹੁਕਮ ਅਕਾਲ ਪੁਖ ਕਾ ਗੋਬਿੰਦ ਸਿੰਘ ਅਵਤਾਰ ਹੂਏ।।੪।।**
**ਅਵਤਾਰ।।**
**ਸਤਮੀ ਪੋਖ ਸੁਦੀ ਪਟਨੇ ਮੈਂ ਗੁਰ ਦਸਮੇਂ ਔਤਾਰ ਲੀਆ।**
**ਸੰਮਤ ਸੱਤਰਾਂ ਸੈ ਅਰ ਤੇਈ ਸਭ ਜਗ ਅਨੰਦ ਅਪਾਰ ਕੀਆ।**
**ਚਰਨਹਰਿ ਵਿਸਥਾਰ (੧੯੪੧)**
**- ਡਾਕਟਰ ਚਰਨ ਸਿੰਘ**

ਚਾਰ ਹਿੱਸਿਆਂ ਵਿਚ ਸਿੱਖ ਧਰਮ ਪੁਸਤਕ ਲਿਖਣ ਵਾਲੇ ਮੈਕਲਿਫ ਵੀ ਪੋਹ ਸੁਦੀ ਸਤਮੀ ਹੀ ਅੰਕਤ ਕਰਦੇ ਹਨ,

He was born three hours before sunrise on the Seventh day of the light half of the month of Poh, in the Sambat year 1723 (A.D.1666).
(The Sikh Religion. by Max Arthu Macauliffe.(1909) Vol. IV, p. 358)

ਗਿਆਨੀ ਸ਼ੇਰ ਸਿੰਘ ਜੀ ਇਸ ਬਾਰੇ ਲਿਖਦੇ ਹਨ,
ਸਾਡੇ 'ਪਾਵਨ, ਪਵਿਤਰ, ਮਿਤਰ' ਦਸ਼ਮੇਸ਼ ਪਿਤਾ ਜੀ ਨੇ ਪੋਹ ਸੁਦੀ ਸਤਮੀ ਸੰਮਤ ੧੭੨੩ ਬਿਕ੍ਰਮੀ ਨੂੰ ਅਵਤਾਰ ਪਟਨੇ ਦੀ ਪਵਿੱਤਰ ਧਰਤੀ ਉਪਰ ਧਾਰਿਆ ਸੀ। ਉਹ ਪੋਹ ਸੁਦੀ ਸਤਮੀ ਮੁੜ ਮੁੜ ਆਉਂਦੀ ਹੈ ਤੇ ਸਾਨੂੰ ਉਸ ਘੜੀ ਦੀ ਯਾਦ ਦਿਲਾਉਂਦੀ ਹੈ ਜਦ ਅਵਤਾਰਾਂ ਦਾ ਵੱਡਾ ਅਵਤਾਰ, ਪੀਰਾਂ ਦਾ ਵੱਡ-ਪੀਰ, ਪੈਗੰਬਰਾਂ ਦਾ ਵੱਡਾ ਪੈਗੰਬਰ, ਮਸਾਹਾਂ ਦਾ ਵੱਡਾ-ਮਸੀਹ, ਗੁਰੂਆਂ ਦਾ ਮੁਖ-ਗੁਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤ ਮਾਤਾ ਦੀ ਕੂਕ ਪੁਕਾਰ ਸੁਣਕੇ ਅਵਤਾਰ ਧਾਰਿਆ ਸੀ, ਤੇ ਸ੍ਰਿਸ਼ਟੀ ਦਾ ਬੋਝ ਅਪਣੇ ਕੰਧੇ ਉਪਰ ਚੁੱਕ ਲਿਆ ਸੀ।
ਦਸ਼ਮੇਸ਼ ਦਰਪਨ ਤੇ ਸ੍ਰੀ ਦਸਮ ਗ੍ਰੰਥ ਦੀ ਕੂੰਜੀ - ਸ਼ੇਰ ਸਿੰਘ ਐਮ.ਐਸ.ਸੀ. ਕਸ਼ਮੀਰ ਪੰਨਾ ੪

ਗੁਰਦੇਵ ਸਿੰਘ ਮਾਨ ਲਿਖਦੇ ਹਨ,
**ਸੁਦੀ ਸੱਤਮੀਂ ਪੋਹ ਦੀ ਕਿਸੇ ਵੇਲੇ,**
**ਦੁਖੀ ਹਿੰਦ ਦੇ ਦੁਖਾਂ ਨੂੰ ਕੱਟਿਆ ਸੀ।**
**ਅਤੇ ਲੱਖਾਂ ਹਜ਼ਾਰਾਂ ਹੀ ਰਾਖ਼ਸ਼ਾਂ ਨੂੰ,**
**ਪਟਕ ਪਟਕ ਜ਼ਮੀਨ ਤੇ ਸੱਟਿਆ ਸੀ।**
**ਦਰਦ-ਭਰੀ ਇਸ ਦੇਸ ਦੀ ਕੂਕ ਸੁਣਕੇ,**
**ਜਦੋ ਜਿਗਰ ਹਿਮਾਲਾ ਦਾ ਫੱਟਿਆ ਸੀ।**
**ਤਦੋਂ ਰੱਬ ਨੇ ਖੰਡਾ ਦੋਧਾਰ ਵਾਲਾ,**




**ਫੁੱਲਾਂ ਵਿਚ ਵਲ੍ਹੇਟ ਕੇ ਸੱਟਿਆ ਸੀ।**
**ਮਾਨਸਰੋਵਰ, ਗੁਰਦੇਵ ਸਿੰਘ ਮਾਨ, (੧੯੪੬) ਪੰਨਾ ੧੦**

**ਕੋਇਰ ਸਿੰਘ ਗੁਰ ਬਿਲਾਸ ਪਾਤਸ਼ਾਹੀ ੧੦ ਵਿਚ ਲਿਖਦੇ ਹਨ,**
**ਦੋਹਰਾ। ਘੜੀ ਨਿਖੱਤ੍ਰ ਸੋਧ ਕੇ, ਸੁਭ ਲਗਨਨ ਸੁਭ ਕਾਲ।**
**ਸੰਮਤ ਅਗਨੀ ਬਿੰਸਤੌਂ ਮੁਨਿ ਸਸਿ ਜਨਮਤ ਭਾਲ।।੧੪[।।੫੪।।]**
**(ਅਰਥਾਤ ਸੰਮਤ ੧੭੨੩, (ਦੀ ਪੋਹ ਸੁਦੀ ੭) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ।)**
**ਗੁਰ ਬਿਲਾਸ ਪਾਤਸ਼ਾਹੀ ੧੦, ਕੋਇਰ ਸਿੰਘ, ਪੰਨਾ ੧੪**

**ਗਿਆਨ ਸਿੰਘ ਲੌਂਗੋਵਾਲੀਏ**
**ਨਿੰਦਕ ਬਿੰਦਕ ਦ੍ਵੈਤ ਦੁਰੇ ਹੈ ਨਖੱਤ ਬ੍ਰਿੰਦ, ਇੰਦ ਤੁਰਕਿੰਦ ਤੇਜ ਨਾ ਸਜੋ ਚੁਕੱਤੇ ਹੈਂ।**
**ਪੇਚਕ ਪੰਖਡੀ ਦੰਭੀ ਦੁਰੇ ਹੈਂ ਦੁਰੀਨ ਦੌਰ, ਨਿਸਚਕ**



ਗੁਰਚਰਨਜੀਤ ਸਿੰਘ ਲਾਂਬਾ
ਨਿਊਜਰਸੀ ਯੂ.ਐਸ.ਏ
santsipahi@gmail.com

**ਨਿਕਰ ਫਿਕਰ ਮਾਰ ਘੱਤੇ ਹੈਂ।**
**ਕੁਮਤੀ ਅਸੱਜਨ ਜੋ ਕੁਮੁਦੀ ਜਯੋਂ ਕੁਮਲਾਏ,**
**ਸੱਜਨ ਸਮੁੱਤੀ ਖਿਰੇ ਕਮਲ ਮਹੱਤੇ ਹੈਂ।**
**ਉਦਯੋ ਦਿਨਿੰਦ ਜਯੋਂ ਗੁਬਿੰਦ ਮ੍ਰਿਗਿੰਦ ਗੁਰੁ,**
**ਆਜ ਪੋਸ ਮਾਸ ਕੀ ਅਦੋਸ ਸੇਤ ਸੱਤੇ ਹੈਂ।।੧੨।।**
**(ਅੱਜ ਪੋਹ ਮਹਾਨੇ ਦੀ ਬੇਦਾਗੀ ਚਾਨਣੇ ਪੱਖ ਦੀ ਸਪਤਮੀ ਹੈ। ਸੂਰਜ ਵਾਂਗ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਹੋ ਗਿਆ ਹੈ।**
**ਗਿਆਨ ਸਿੰਘ ਲੌਂਗੋਵਾਲੀਏ, ਪੰਨਾ ੨੧੫**

**ਲਾਹੌਰਾ ਸਿੰਘ ਦੀ ਲਿਖਤ**
**ਪੋਹ ਚੜ੍ਹੇ ਪਟਣੇ ਨਗਰੀ ਵਿਚ ਧਾਮ ਪਵਿੱਤ੍ਰ ਆਏ,**
**ਅਤਿ ਛਬਿ ਪਾਏ।**
**ਤੇਗ ਬਹਾਦਰ ਨੌਮੇ ਗੁਰ ਘਰ ਦਸਮ ਗੁਰੂ ਪ੍ਰਗਟਾਏ**
**ਆਨੰਦ ਪਾਏ।**
**ਮਾਤਾ ਗੂਜਰੀ ਧੰਨ ਜਨਮ ਤੁਹਿ ਜਿਨ੍ਹ,**
**ਇਹ ਬਾਲ ਖਿਡਾਏ, ਗੋਦ ਸੁਹਾਏ।**
**ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ,**
**ਹਿਤ ਭਾਰਤ ਆਏ, ਦੂਖ ਮਿਟਾਏ।।੧।।**
**ਲਾਹੌਰਾ ਸਿੰਘ ੧੯੪੩, ਪੰਨਾ ੨੯੩**

**ਨਵੀਨ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਵਿਚ ਗਵਾਹੀ ਦਿੰਦੇ ਹਨ,**
**ਕਬਿੱਤ: ਸਤ੍ਰਾਂ ਸੌ ਤੇਈ, ਪੋਖ ਸੁਦੀ ਸੱਤੇ ਲੇਈ,**
**ਏਕ ਪਹਿਰ ਰਹੇਈ ਨਿਸ, ਦਿਨ ਰਵ ਆਜ ਹੈਂ।**
**ਸ੍ਰੀ ਗੂਜਰੀ ਜੀ ਮਾਤ ਸਾਹਿਬ ਬਖਯਾਤ, ਆਦਿ**
**ਸ਼ਕਤਿ ਸੁਹਾਤ ਤਾ ਤੈ ਬਿਦਤੇ ਦਰਾਜ ਹੈਂ।**
**ਭਯੋ ਪ੍ਰਕਾਸ਼ ਹੈ ਅਵਾਸ ਮੈਂ ਹੁਲਾਸ ਅਤਿ,**
**ਦੇਵਨਿ ਅਕਾਸ਼ ਮੈਂ ਬਿਲਾਸ ਕੀਨ ਗਾਜ ਹੈਂ।**
**ਮੰਗਲ ਉਚਾਰ ਫੂਲ ਡਾਰ ਆਰਤੀ ਉਤਾਰ,**
**ਗਾਇ ਜੈ ਜੈ ਕਾਰ ਔ ਬਜਾਏ ਬਹੁ ਬਾਜ ਹੈਂ।।੩।।**
**ਸ੍ਰੀ ਗੁਰੂ ਪੰਥ ਪ੍ਰਕਾਸ਼ - (੧੯੮੦) ਗਿ. ਗਿਆਨ ਸਿੰਘ ੬੫੭**

ਕਾਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਦਰਜ ਕਰਦੇ ਹਨ,
**ਦੋਹਰਾ-**
**ਸੋਢੀ ਕੁਲ ਭੂਖਨ ਜਨਮ ਪੂਸ ਮਾਸ ਮਹਿੰ ਲੀਨ।**
**ਹੁਤੀ ਸ਼ੁਦੀ ਥਿਤਿ ਸਪਤਮੀ ਸੁੰਦਰ ਸੁ ਚੀਨ।।੧।।**
**ਚੌਪਈ- ਜਾਮ ਜਾਮਨੀ ਜਬਿਹੂੰ ਜਾਨੀ।**
**ਸੁਰ ਗਨ ਆਨ ਪ੍ਰਸ਼ੰਸ਼ਾ ਠਾਨੀ।**
**ਬਿਥਰੀ ਬਰ ਸੁਗਧਿ ਪੁਰਿ ਸਾਰੇ।**
**ਜਾਗਤਿ ਜੇ ਲਖਿ ਬਿਸਮੈ ਧਾਰੇ।।੨।।**
**ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਔਲਖ,**
**ਜਿਲਦ ੯ ਪੰਨਾ ੪੭੦**

(ਸੋਢੀ ਕੁਲ ਦੇ ਭੂਖਨ ਨੇ ਪੋਹ ਦੇ ਮਹੀਨੇ ਵਿਚ ਅਵਤਾਰ ਧਾਰਨ ਕੀਤਾ। ਉਸ ਦਿਨ ਪੋਹ ਸੁਦੀ ਸੱਤਵੀਂ ਤਿਥੀ ਸੀ, ਜਿਹੜਾ ਸੁੰਦਰ ਸਮਾਂ ਜਾਣਿਆ ਜਾਂਦਾ ਹੈ। ਜਦ ਪਹਿਰ ਰਾਤ ਰਹਿੰਦੀ ਜਾਣੀ, ਤਾਂ ਸਾਰੇ ਦੇਵਤੇ ਆ ਕੇ ਪ੍ਰਸੰਸਾ ਕਰਨ ਲੱਗੇ। ਸਾਰੇ ਨਗਰ ਵਿਚ ਬਹੁਤ ਸੁਗੰਧੀ ਫੈਲ ਗਈ, ਜਿਹੜੇ ਜਾਗਦੇ ਸਨ ਉਹ ਸਮਝ ਕੇ ਬਹੁਤ ਹੈਰਾਨ ਹੋਏ।।)

ਗਿਆਨੀ ਗਰਜਾ ਸਿੰਘ ਰਚਿਤ ਗੁਰੂ ਕੀਆਂ ਸਾਖੀਆਂ ਵਿਚ ਵਰਣਤ ਭੱਟ ਵਹੀ ਪੂਰਬੀ ਦੱਖਣੀ ਦੀ ਲਿਖਤ ਮਹੱਤਵ ਪੂਰਨ ਹੈ,
ਗੁਰੂ ਗੋਬਿੰਦ ਦਾਸ ਬੇਟਾ ਗੁਰੂ ਤੇਗ ਬਹਾਦਰ ਮਹਲ ਨਾਮਾਂ ਕਾ, ਪੋਤਾ ਗੁਰੂ ਹਰਿ ਗੋਬਿੰਦ ਜੀ ਕਾ .....ਸੋਢੀ ਖਤਰੀ ਬਾਸੀ ਪਟਨਾ ਸਹਿਰ ਤਟ ਨਦੀ ਜਮਨਾ ਸੰਮਤ ਸਤਰਾਂ ਸੈ ਅਠਾਰਾਂ ਪੋਖ ਮਾਸੇ ਸੁਦੀ ਸਪਤਮੀ ਬੁਧਵਾਰ ਕੇ ਦਿਹੁੰ ਢਲੀ ਰੈਨ ਜਨਮ ਹੂਆ ਦਿਹੁੰ ਚਢੇ। ਮਾਤਾ ਨਾਨਕੀ ਜੀ ਨੇ ਗਰੀਬ ਗੁਰਬੇ ਕੋ ਦਾਨ ਦੀਆ, ਰੈਣ ਪਈ ਦੀਪਮਾਲਾ ਹੁਈ, ਬੜਾ ਕੰਤੂਹਲ ਹੂਆ। ਕਾਈ ਵਾਰਾ ਪਾਰ ਨਹੀਂ ਸੀ ਆਇ ਰਹਾ, ਗੁਰੂ ਗੁਰੂ ਜਪਣਾ, ਜਨਮ ਸਉਰੇਗਾ ਗੁਰੂ ਹਰ ਥਾਇੰ ਸਹਾਈ ਹੋਗੁ।
[(ਭੱਟ ਵਹੀ ਪੂਰਬੀ ਦੱਖਣੀ)-ਗੁਰੂ ਕੀਆਂ ਸਾਖੀਆਂ, ਗਰਜਾ ਸਿੰਘ ਪੰਨਾ ੧੬]

ਗਿਆਨੀ ਗੁਰਨਾਮ ਸਿੰਘ ਅੰਬਾਲਵੀ ਵੀ ਪੋਹ ਸੁਦੀ ਸਤਮੀ ਦਾ ਹਵਾਲਾ ਦਿੰਦੇ ਹਨ,
**ਸ੍ਵੈਯਾ: ਮ੍ਰਿਦ ਸੀਤ ਸੁਗੰਧਿ ਸਮੀਰ ਚਲੇ,**
**ਸੁਠ ਅਰਧਇੰਦੂ, ਉਡਗਨ ਨਭਿ ਛਾਇ।**
**ਬ੍ਰਿਖ ਫੂਲ ਫਲੇ ਛਿਤ ਸੋਹਿਤ ਭੀ,**
**ਦਿਵ ਕੋਕਿਲ ਮੋਰ ਪਪੀਹਨ ਗਾਇ।**
**ਸਮੰਤ ਸੁਭ ਸੱਤਰਹ ਸੈ ਤੇਈ,**
**ਸੁਦੀ ਪੋਸ਼ ਸਪਤਮੀ ਪਟਨੇ ਮਾਇ।**
**ਗੁਰੂ ਤੇਗ ਬਹਾਦਰ ਗੁਜਰੀ ਕੇ,**
**ਸੁਠ ਧਾਰਿ ਕੇ ਮੂਰਤਿ ਗੋਬਿੰਦ ਆਇ।।੪੫੩।।**
**(ਠੰਡੀ ਤੇ ਮਿੱਠੀ ਸੁਗੰਧੀਆਂ ਭਰੀ ਪੌਣ ਚੱਲ ਰਹੀ ਸੀ ਤੇ ਆਕਾਸ਼ ਵਿੱਚ ਬੜਾ ਸੁੰਦਰ ਅੱਧਾ ਚੰਦ੍ਰਮਾ ਤੇ ਤਾਰਿਆਂ ਦਾ ਸਮੂੰਹ ਛਾਇਆ ਹੋਇਆ ਸੀ। ਸੁੰਦਰ ਬ੍ਰਿਠ ਫਲਾਂ ਤੇ ਫੱਲਾਂ ਨਾਲ ਲੱਦੇ ਹੋਏ, ਧਰਤੀ ਸੋਭਙ ਰਹੀ ਸੀ। ਦੇਵਤੇ, ਕੋਇਲਾਂ, ਮੋਰ ਤੇ ਪਪੀਹਿਆਂ ਨੇ ਖੁਸ਼ੀ ਵਿੱਚ ਗੀਤ ਗਾਏ। ਸੰਮਤ ੧੭੨੩ ਪੋਹ ਸੁਦੀ ਸੱਤਵੀਂ, ਪਟਨਾ ਸਾਹਿਬ ਵਿੱਚ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗ੍ਰਹਿ ਤੇ ਮਾਤਾ ਗੁਜਰੀ ਜੀ ਦੀ ਕੁੱਖੋਂ ਦਰ ਸਰੂਪ ਧਾਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਗਜਤ ਉਧਾਰ ਲਈ) ਇਸ ਸੰਸਾਰ ਵਿੱਚ ਆਏ। ਭਾਵ ਪ੍ਰਗਟ ਹੋਏ...)**
**ਗੁਰ ਇਤਿਹਾਸ ਸਵੱਯੇ - ਗਿ. ਗੁਰਨਾਮ ਸਿੰਘ ਅੰਬਾਲਵੀ, ਪੰਨਾ ੨੧੩**

ਇਹਨਾਂ ਤੋਂ ਇਲਾਵਾ ਹਰ ਹਵਾਲੇ ਵਿਚ ਪੋਹ ਸੁਦੀ ਸਤਮੀ ਦਾ ਹੀ ਜ਼ਿਕਰ ਹੈ। ਸਚਿਖੰਡ ਸ੍ਰੀ ਹਰਿਮੰਦਰਿ ਸਾਹਿਬ ਦਾ ਸੁਨਹਿਰੀ ਇਤਿਹਾਸ ਪੁਸਤਕ ਵਿਚ ਵੀ ਕਲਗੀਧਰ ਪਿਤਾ ਦਾ ਪ੍ਰਕਾਸ਼ ਦਿਵਸ ਪੋਹ ਸੁਦੀ ਸਤਮੀ ਨੂੰ ਹੀ ਮਨਾਏ ਜਾਣ ਦੇ ਹਵਾਲੇ ਨਾਲ ਬਾਕੀ ਪ੍ਰਮੁਖ ਗੁਰਪੁਰਬ ਵੀ ਥਿਤੀ ਮੁਤਾਬਕ ਮਨਾਏ ਜਾਣ ਦਾ ਹਵਾਲਾ ਹੈ।

ਵੱਡੇ ਗੁਰਪੁਰਬ - ਇਸ ਸਮੇਂ ਪੰਜ ਗੁਰਪੁਰਬ ਵਿਸ਼ੇਸ਼ ਕਰ ਕੇ ਵੱਡੇ ਪੱਧਰ ਤੇ ਮਨਾਏ ਜਾਂਦੇ ਹਨ। ਇਹ ਪੰਜ ਗੁਰਪੁਰਬ ਇਹ ਹਨ:
੧. ਕੱਤਕ ਪੁਰਨਮਾਸ਼ੀ, ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ।
੨. ਕੱਤਕ ਵਦੀ ਦੂਜ ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਾਮਦਾਸ ਜੀ।
੩. ਪੋਹ ਸੁਦੀ ਸਪਤਮੀ, ਪ੍ਰਕਾਸ਼ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ
੪. ਜੇਠ ਵਦੀ ਅੱਠਵੀਂ, ਗੁਰ-ਗੱਦੀ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ।
ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ ੨੬੬

ਇਹਨਾਂ ਦੇ ਨਾਲ ਹੀ ਹੋਰ ਪੰਥਕ ਅਤੇ ਧਾਰਮਿਕ ਸਮਾਗਮ ਜਾਂ ਵਿਸ਼ੇਸ਼ ਕਾਰਜ ਪੋਹ ਸੁਦੀ ਸਤਮੀ ਨੂੰ ਹੀ ਕੀਤੇ ਜਾਣ ਦਾ ਉਲੇਖ ਮਿਲਦਾ ਹੈ। ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੦੦ ਸਾਲਾ ਅਤੇ ੩੫੦ ਸਾਲਾ ਪ੍ਰਕਾਸ਼ ਦਿਵਸ ਵੀ ਪੋਹ ਸੁਦੀ ਸਤਮੀ ਨੂੰ ਹੀ ਮਨਾਏ ਗਏ। ਸ੍ਰੀ ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ ਦੀ ਨਵੀਂ ਇਮਾਰਤ ਦਾ ਉਦਘਾਟਨ ਵੀ ਮਹਾਰਾਜਾ ਯਾਦਵਿੰਦਰ ਸਿੰਘ ਵਲੋਂ ਪੋਹ ਸੁਦੀ ਸਤਮੀ, ਸੰਮਤ ੨੦੧੪ ਮੁਤਾਬਕ ੨੯ ਦਿਸੰਬਰ, ੧੯੫੭ ਨੂੰ ਕੀਤਾ ਗਿਆ। ਤਖਤ ਸਾਹਿਬ ਜੀ ਦੀ ਇਮਾਰਤ ਤੇ ਇਹ ਪੜੀ ਹਾਲੇ ਵੀ ਲੱਗੀ ਹੋਈ ਹੈ।

ਇਸ ਤੋਂ ਇਲਾਵਾ ਵੀ ਹਰ ਇਤਿਹਾਸਕ ਹਵਾਲੇ ਭਾਵੇਂ ਪੰਜਾਬੀ, ਹਿੰਦੀ, ਉਰਦੂ, ਫਾਰਸੀ ਜਾਂ ਅੰਗਰੇਜ਼ੀ ਦੇ ਹੋਣ ਹਰ ਇਕ ਵਿਚ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦੀ ਤਾਰੀਖ਼ ਪੋਹ ਸੁਦੀ ਸਤਵੀਂ ਹੀ ਲਿਖੀ ਮਿਲਦੀ ਹੈ। ਇਸ ਨਾਲ ਸਾਰੀ ਕੌਮ ਦੀ ਮਾਨਸਿਕਤਾ ਜੁੜੀ ਹੋਈ ਹੈ।


ਇਸ ਸਾਰੀ ਵਾਰਤਾ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਬਿਕ੍ਰਮੀ ਪੋਹ ਸੁਦੀ ਸਤਮੀ, ੧੭੨੩ ਨੂੰ ਪਟਨਾ ਸਾਹਿਬ ਵਿਚ ਹੋਇਆ। ਕਾਲ ਗਣਨਾ ਦੇ ਵੱਖ ਵੱਖ ਪੈਮਾਨਿਆਂ ਮੁਤਾਬਕ ਇਹ ਪੋਹ ਸੁਦੀ ਸਤਮੀ = ੨੩ ਪੋਹ (ਸੂਰਜੀ) = ੨੨ ਦਿਸੰਬਰ, ੧੬੬੬ (ਜੂਲੀਅਨ) = ੧ ਜਨਵਰੀ, ੧੬੬੭ (ਗ੍ਰੈਗੋਰੀਅਨ), ੬ ਰਜਬ, ੧੦੭੭ (ਅਲ ਹਿਜਰੀ) ਹੈ। ਕਿਸੇ ਇਕ ਪੈਮਾਨੇ ਨੂੰ ਦੂਜੇ ਪੈਮਾਨੇ ਦੇ ਮੇਚ ਦਾ ਨਹੀਂ ਬਣਾਇਆ ਜਾ ਸਕਦਾ। ਜਿਵੇਂ ਮੀਲ ਅਤੇ ਕਿਲੋਮੀਟਰ, ਸੈਂਟੀਗ੍ਰੇਡ ਅਤੇ ਫੈਰਨਹੀਟ, ਗਜ਼ ਅਤੇ ਮੀਟਰ। ਇਸ ਲਈ ਪੋਹ ਸੁਦੀ ਸਤਮੀ ਦੀ ਤਾਰੀਖ਼ ਕਿਸੇ ਹੋਰ ਪੈਮਾਨੇ ਵਿਚ ਜਿਵੇਂ ਜੂਲੀਅਨ, ਗ੍ਰੈਗੋਰੀਅਨ, ਹਿਜਰੀ ਆਦਿ ਵਿਚ ਪੱਕੇ ਤੌਰ 'ਤੇ ਨੀਯਤ ਨਹੀਂ ਕੀਤੀ ਜਾ ਸਕਦੀ। ਇਹ ਕਰਨਾ ਇਸ ਤਰ੍ਹਾਂ ਹੋਵੇਗਾ ਕਿ ਕਿਸੇ ਨੂੰ ਕਹੋ ਕਿ ਕਿਸੇ ਤ੍ਰਿਕੋਣ ਦੀ ਚਾਰ ਭੁਜਾਵਾਂ ਕਿਉਂ ਨਹੀਂ ਹੁੰਦੀਆਂ। ਅੰਗ੍ਰੇਜ਼ੀ ਮਹੀਨੇ ਦੀ ਕਿਸੇ ਵੀ ਤਰੀਕ ਤੇ ਪੋਹ ਸੁਦੀ ਸਤਮੀ ਨਿਸਚਤ ਕਰਨਾ ਇਕ ਅਹਿਮਕਾਨਾ ਅਤੇ ਕੋਝੀ ਸੋਚ ਦਾ ਪ੍ਰਤੀਕ ਹੈ। ਇਸਦਾ ਮਕਸਦ ਸਾਰੇ ਦੇ ਸਾਰੇ ਗੁਰ ਇਤਿਹਾਸ ਅਤੇ ਇਤਿਹਾਸਕ ਹਵਾਲਿਆਂ ਵਿਚ ਖ਼ਲਲ ਪਾਉਣਾ ਹੈ।

ਡਾਕਟਰ ਬਲਬੀਰ ਸਿੰਘ ਜੀ ਦੀ ਟਿੱਪਣੀ ਬਹੁਤ ਹੀ ਮਹੱਤਵ ਪੂਰਨ ਹੈ,
ਇਤਿਹਾਸਕਾਰਾਂ ਨੂੰ ਵੀ ਹੁਣ ਇਹ ਸਮਝ ਪੈ ਰਹੀ ਹੈ ਕਿ ਉਹ ਮਨੌਤਾਂ ਜੋ ਇਕ ਕੌਮ ਦੇ ਰਗ ਰੇਸ਼ੇ ਵਿਚ ਰਚ ਗਈਆਂ ਹਨ ਤੇ ਉਸਦੀ ਜਿੰਦ ਨਾਲ ਰਸ ਰੂਪ ਹੋ ਗਈਆਂ ਹਨ ਉਨ੍ਹਾਂ ਨੂੰ ਪੜਚੋਲ ਦੀ ਨਜ਼ਰ ਬਦਲ ਨਹੀ ਸਕਦੀ। ਉਨ੍ਹਾਂ ਨੂੰ ਬਦਲਣ ਲਈ ਕਿਸੇ ਕ੍ਰਾਂਤੀਕਾਰੀ ਤਾਕਤ ਦੀ ਲੋੜ ਹੈ। ਉਨ੍ਹਾਂ ਨੂੰ ਬਦਲਣ ਲਈ ਕਿਸੇ ਗੁਰੂ ਪੀਰ ਦੀ ਕੁਰਬਾਨੀ ਦੇ ਖ਼ੂਨ ਦੀ ਲੋੜ ਹੁੰਦੀ ਹੈ।

ਪਰ ਹਰ ਸਮੇਂ ਹਰ ਕੌਮ ਵਿਚ ਐਸੀਆਂ ਸ਼ਕਤੀਆਂ ਹੁੰਦੀਆਂ ਹਨ ਜਿਹਨਾਂ ਦੀ ਮਨਸ਼ਾ ਕੇਵਲ ਵਿਖਨ ਪਾਉਣਾ ਹੀ ਹੁੰਦਾ ਹੈ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ,
**ਖੌਰੂ ਪਾਇ ਕੁਬਚ ਕੋ ਭਾਖੈ।**
**ਦੂਖਤਿ ਕਰਨਿ ਗਾਂਦਲੀ ਕਾਖੈਂ।**
**ਸੋ ਝਖ ਮਾਰਤਿ ਰਹੈਂ ਕੁਪੱਤੇ।**
**ਬਗਰਿ ਨਹਿੰ ਕਬਹੂੰ ਰਸ ਅੱਤੇ।।੪੦।।(ਗੁ.ਪ੍ਰ.ਸੂ.ਗ੍ਰੰ. ਰਾਸਿ ੧੨)**

ਸੋ ਇਹੀ ਕਿਹਾ ਜਾ ਸਕਦਾ ਹੈ, ਕਾਂਇ ਰੇ ਬਕਬਾਦੁ ਲਾਇਓ।। (੭੧੯)। ਕੱਤਕ ਪੂੰਨਿਆ ਅਤੇ ਪੋਹ ਸੁਦੀ ਸਤਮੀ ਤੋਂ ਹਮੇਸ਼ਾਂ ਗੁਰੂ ਪੰਥ ਸੇਧ ਲੈਂਦਾ ਰਹੇਗਾ। ੧੧ ਫਰਵਰੀ, ੨੦੨੬

# ਸਾਕਾ ਨਨਕਾਣਾ ਸਾਹਿਬ



ਸ਼ਹੀਦ ਕਿਸੇ ਵੀ ਕੌਮ ਦੇ ਪ੍ਰੇਰਨਾ ਸਰੋਤ ਹੁੰਦੇ ਹਨ ਅਤੇ ਉਹਨਾਂ ਦੇ ਸ਼ਹੀਦੀ ਦਿਨ ਉਸ ਕੌਮ ਨੂੰ ਉਹਨਾਂ ਆਦਰਸ਼ਾਂ ਬਾਰੇ ਯਾਦ ਕਰਵਾਉਂਦੇ ਹਨ, ਜਿਹਨਾਂ ਖਾਤਰ ਉਹਨਾਂ ਆਪਣੀ ਜਾਨ ਦੀ ਅਹੂਤੀ ਦੇ ਦਿੱਤੀ ਸੀ। ਅਸੀਂ ਹਰ ਰੋਜ ਅਰਦਾਸ ਵਿੱਚ ਉਹਨਾਂ ਦਾ ਧਿਆਨ ਧਰਦੇ ਹਾਂ ਜਿਹਨਾਂ ਨੇ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ। ਅਜਿਹੇ ਹੀ ਸ਼ਹੀਦਾਂ ਦੀ ਯਾਦ ਕਰਵਾਉਂਦਾ ਹੈ 20 ਫਰਵਰੀ 1921 ਨੂੰ ਵਾਪਰਿਆ ਸਾਕਾ ਨਨਕਾਣਾ ਸਾਹਿਬ।

ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਜਦੋਂ ਮੁਗਲ ਹਕੂਮਤ ਵੱਲੋਂ ਸਿੱਖ ਪੰਥ ਉੱਤੇ ਜ਼ੁਲਮ ਵਧੇ ਤਾਂ ਗੁਰੂ ਕੇ ਸਿੰਘ ਆਪਣੇ ਘਰ ਘਾਟ ਤਿਆਗ ਕੇ ਪਹਾੜਾਂ ਅਤੇ ਜੰਗਲਾਂ ਵਰਗੀਆਂ ਸੁਰੱਖਿਅਤ ਥਾਵਾਂ ਤੇ ਜਾ ਕੇ ਆਪਣੀ ਦਿਨ ਕਟੀ ਕਰਨ ਲੱਗੇ। ਉਸ ਸਮੇਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਮ ਨਿਰਮਲੇ ਮਹੰਤਾਂ ਅਤੇ ਉਦਾਸੀ ਸੰਪਰਦਾਇ ਦੇ ਮਹੰਤਾਂ ਕੋਲ ਚਲਿਆ ਗਿਆ। ਆਰੰਭ ਵਿਚ ਤਾਂ ਇਹਨਾਂ ਮਹੰਤਾਂ ਨੇ ਬਹੁਤ ਵਧੀਆ ਤਰੀਕੇ ਨਾਲ ਇਹ ਜਿੰਮੇਵਾਰੀ ਨਿਭਾਈ ਪਰ ਵਕਤ ਨਾਲ ਇਸ ਪ੍ਰਬੰਧ ਵਿੱਚ ਬਹੁਤ ਖਾਮੀਆਂ ਪੈਦਾ ਹੋ ਗਈਆਂ। ਇਹਨਾਂ ਨੇ ਗੁਰਦੁਆਰਿਆਂ ਅੰਦਰ ਮੰਦਰਾਂ ਵਾਂਗ ਰਹੁ ਰੀਤੀਆਂ ਚਲਾ ਦਿੱਤੀਆਂ। ਗੁਰਦੁਆਰਿਆਂ ਵਿੱਚ ਮੂਰਤੀਆਂ ਸਥਾਪਿਤ ਕਰ ਦਿੱਤੀਆਂ। ਹੌਲੀ ਹੌਲੀ ਇਹਨਾਂ ਮਹੰਤਾਂ ਦੇ ਕਿਰਦਾਰ ਅੰਦਰ ਵੀ ਗਿਰਾਵਟ ਆਉਂਦੀ ਗਈ ....

ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਿਆਂ ਦੇ ਨਾਮ ਕਾਫੀ ਜਗੀਰਾਂ ਲਵਾ ਦਿੱਤੀਆਂ ਸਨ। ਜਿਸ ਨਾਲ ਗੁਰਦੁਆਰਿਆਂ ਦੀ ਆਮਦਨ ਕਾਫੀ ਵਧ ਗਈ ਸੀ ਅਤੇ ਬਹੁਤ ਸਾਰੀਆਂ ਨਵੀਆਂ ਇਮਾਰਤਾਂ ਵੀ ਬਣਵਾਈਆਂ ਗਈਆਂ ਸਨ। ਪਰ ਸਿੱਖ ਰਾਜ ਦੇ ਪਤਨ ਤੋਂ ਬਾਅਦ ਸਿੱਖ ਸਰਦਾਰਾਂ ਨੇ ਗੁਰਦੁਆਰਿਆਂ ਦੇ ਅੰਦਰੂਨੀ ਪ੍ਰਬੰਧ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਿਸ ਨਾਲ ਗੁਰਮਤਿ ਪ੍ਰਚਾਰ ਅਤੇ ਸਿੱਖ ਕਦਰਾਂ ਕੀਮਤਾਂ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ। ਪੁਜਾਰੀ ਸ਼੍ਰੇਣੀ ਹੌਲੀ ਹੌਲੀ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਣ ਲੱਗ ਗਈ। ਅੰਗਰੇਜਾਂ ਨੇ ਇਹਨਾਂ ਪੁਜਾਰੀਆਂ ਅਤੇ ਮਹੰਤਾਂ ਦੀ ਪਿੱਠ ਠੋਕੀ । ਜਦੋਂ ਮਾਇਆ ਅਤੇ ਸ਼ਕਤੀ ਦਾ ਮੇਲ ਹੋ ਜਾਵੇ, ਤਾਂ ਵਿਕਾਰਾਂ ਤੋਂ ਕੋਈ ਵਿਰਲਾ ਹੀ ਗੁਰੂ ਬਖਸ਼ਿਸ਼ ਨਾਲ ਬਚ ਸਕਦਾ ਹੈ। ਮਹੰਤਾਂ ਕੋਲ ਮਾਇਆ ਵੀ ਆ ਗਈ ਅਤੇ ਸਰਕਾਰੇ ਦਰਬਾਰੇ ਪੁੱਛ ਪ੍ਰਤੀਤ ਵੀ ਹੋ ਗਈ। ਉਸ ਨਾਲ ਇਹ ਮਹੰਤ ਆਪਣੀਆਂ ਮਨ ਆਈਆਂ ਕਰਨ ਲੱਗੇ। ਇਹ ਕਾਫੀ ਅਯਾਸ਼ ਹੋ ਗਏ ਅਤੇ ਗੁਰਦੁਆਰਿਆਂ ਅੰਦਰ ਸਿੱਖ ਵਿਰੋਧੀ ਕੰਮ ਵੀ ਕਰਵਾਉਣ ਲੱਗੇ।

ਗੁਰਦੁਆਰਾ ਨਨਕਾਣਾ ਸਾਹਿਬ ਦੇ ਨਾਮ ਰਾਇ ਬੁਲਾਰ ਭੱਟੀ ਵੱਲੋਂ 19 ਹਜ਼ਾਰ ਏਕੜ ਦੀ ਜਗੀਰ ਤੋਂ ਇੱਕ ਲੱਖ ਰੁਪਏ ਤੋਂ ਵੱਧ ਜਮੀਨ ਦਾ ਠੇਕਾ ਆਉਂਦਾ ਸੀ ਅਤੇ ਲੱਖਾਂ ਰੁਪਏ ਦਾ ਚੜ੍ਹਾਵਾ ਵੀ ਸੀ। ਇਸੇ ਲਈ ਇਥੋਂ ਦਾ ਨਰੈਣੂ ਮਹੰਤ ਜਿਸ ਦਾ ਪੂਰਾ ਨਾਮ ਨਰਾਇਣ ਦਾਸ ਸੀ, ਇੰਨਾ ਡਿਗ ਚੁੱਕਿਆ ਸੀ ਕਿ ਉਸਨੇ ਗੁਰਦੁਆਰੇ ਅੰਦਰ ਸ਼ਰਾਬ ਅਤੇ ਤੰਬਾਕੂ ਵਰਗੇ ਹੋਰ ਨਸ਼ੇ ਵਰਤਣੇ ਵੀ


ਜਸਵਿੰਦਰ ਸਿੰਘ ਰੁਪਾਲ
9814715796





ਸ਼ੁਰੂ ਕਰ ਦਿੱਤੇ ਸਨ। ਉਦੋਂ ਤਾਂ ਹੱਦ ਹੀ ਹੋ ਗਈ ਜਦੋਂ ਉਸ ਨੇ ਦਰਬਾਰ ਸਾਹਿਬ ਅੰਦਰ ਕੰਜਰੀਆਂ ਦਾ ਨਾਚ ਵੀ ਕਰਵਾਇਆ। ਉਸ ਦਾ ਵਿਰੋਧ ਅਖਬਾਰਾਂ ਰਾਹੀਂ ਵੀ ਹੋਇਆ। ਉਸ ਦੇ ਵਿਰੁੱਧ ਸ਼ਿਕਾਇਤਾਂ ਵੀ ਕੀਤੀਆਂ ਗਈਆਂ ਅਤੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਗਈ। 1918 ਈਸਵੀ ਨੂੰ ਸਿੰਧ ਦੇ ਰਹਿਣ ਵਾਲਾ ਇੱਕ ਰਿਟਾਇਰਡ ਅਫਸਰ ਨਨਕਾਣਾ ਸਾਹਿਬ ਆਪਣੇ ਪਰਿਵਾਰ ਨਾਲ ਆਇਆ, ਤਾਂ ਮਹੰਤ ਨੇ ਉਸਦੀ ਬੇਟੀ ਨਾਲ ਦੁਰਵਿਵਹਾਰ ਕੀਤਾ ਜਿਸ ਨਾਲ ਮਹੰਤ ਵਿਰੁੱਧ ਗੁੱਸੇ ਦੀ ਅੱਗ ਹੋਰ ਭੜਕ ਉੱਠੀ। ਅਕਤੂਬਰ 1920 ਵਿੱਚ ਸ਼ੇਖੂਪੁਰਾ ਦੇ ਪਿੰਡ ਧਾਰੋਵਾਲੀ ਵਿਖੇ ਇਕ ਸਜੇ ਦੀਵਾਨ ਵਿਚ ਸੰਗਤ ਦੇ ਇਕੱਠ ਵਿਚ ਨਨਕਾਣਾ ਸਾਹਿਬ ਦੇ ਪ੍ਰਬੰਧ ਦੇ ਸੁਧਾਰ ਦਾ ਮਤਾ ਪੇਸ਼ ਕੀਤਾ ਗਿਆ। ਜਿਸ ਦਾ ਪਤਾ ਉਸਨੂੰ ਲੱਗ ਗਿਆ। ਉਸਨੇ ਆਪਣੀ ਰਖਵਾਲੀ ਲਈ 400-500 ਦੇ ਕਰੀਬ ਭਾੜੇ ਤੇ ਗੁੰਡੇ ਵੀ ਰੱਖ ਲਏ ਅਤੇ ਹਥਿਆਰ ਵੀ ਇੱਕਠੇ ਕਰਨੇ ਸ਼ੁਰੂ ਕਰ ਦਿੱਤੇ।

ਮਹੰਤ ਨਰੈਣੂ ਨੇ ਗੁਰਦੁਆਰੇ ਅੰਦਰ ਕਿਲਬੰਦੀ ਕਰ ਲਈ ਅਤੇ ਛਵੀਆਂ, ਕੁਹਾੜੇ, ਟਕੂਏ ਆਦਿ ਹਥਿਆਰ ਬਣਾਉਣ ਲਈ ਵੀ ਭੱਠੀਆ ਚਾਲੂ ਕਰ ਦਿੱਤੀਆਂ। ਕਿਉਂਕਿ ਸਿੱਖ ਪੰਥ ਹੌਲੀ ਹੌਲੀ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿਚ ਲੈਣਾ ਸ਼ੁਰੂ ਕਰ ਚੁੱਕਾ ਸੀ, ਜਿਸ ਨੂੰ ਵਕਤ ਦੀ ਅੰਗਰੇਜ਼ੀ ਸਰਕਾਰ ਬਗਾਵਤ ਦਾ ਮੁੱਢ ਮੰਨਦੀ ਸੀ। ਲਾਹੌਰ ਡਵੀਜ਼ਨ ਦੇ ਕਮਿਸ਼ਨਰ ਸੀ ਐਮ ਕਿੰਗ ਨੇ ਨਰੈਣੂ ਮਹੰਤ ਨੂੰ ਭਰੋਸਾ ਦਿੱਤਾ ਕਿ ਜੇ ਸਿੰਘਾਂ ਨੇ ਗੁਰਦੁਆਰੇ ਤੇ ਧਾਵਾ ਬੋਲਿਆ, ਤਾਂ ਉਸਦੀ ਮੱਦਦ ਕੀਤੀ ਜਾਵੇਗੀ। ਨਰੈਣੂ ਦੇ ਸਾਥੀ ਮਹੰਤਾਂ ਨੇ ਵੀ ਉਸਨੂੰ ਸਲਾਹ ਦਿੱਤੀ ਕਿ ਜੇ ਸਿੰਘ ਗੁਰਦੁਆਰੇ ਦਾ ਕਬਜਾ ਲੈਣ ਆਉਣ ਤਾਂ ਬਿਨਾ ਝਿਜਕ ਉਹਨਾਂ ਨੂੰ ਮਾਰ ਮੁਕਾਇਆ ਜਾਵੇ।

ਇੱਧਰ ਸਿੰਘਾਂ ਨੇ ਵੀ ਵਿਚਾਰਾਂ ਕੀਤੀਆਂ। ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਮਹੰਤ ਦੇ ਨਾਮ ਉਸਦੇ ਆਚਰਣ ਦੇ ਸੁਧਾਰ ਲਈ ਅਤੇ ਨਨਕਾਣਾ ਸਾਹਿਬ ਗੁਰਦੁਆਰੇ ਦੇ ਪ੍ਰਬੰਧ ਵਿਚ ਸੁਧਾਰ ਲਈ ਚਿੱਠੀ ਵੀ ਲਿਖੀ ਗਈ। ਨਨਕਾਣਾ ਸਾਹਿਬ ਵਿਖੇ ਦੀਵਾਨ ਅਤੇ ਲੰਗਰ ਦੇ ਪ੍ਰਬੰਧ ਲਈ ਭਾਈ ਲਛਮਣ ਸਿੰਘ, ਸ. ਦਲੀਪ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਸ ਕਰਤਾਰ ਸਿੰਘ ਝੱਬਰ ਅਤੇ ਸ. ਬਖਸ਼ਿਸ਼ ਸਿੰਘ ਤੇ ਅਧਾਰਤ ਇੱਕ ਕਮੇਟੀ ਬਣਾ ਦਿੱਤੀ ਗਈ। ਸਿੱਖ ਸੰਗਤ ਦੇ ਮੁਖੀਆਂ ਨੇ ਫੈਸਲਾ ਕੀਤਾ ਕਿ ਕੋਈ ਪੱਕੀ ਤਾਰੀਖ ਨਿਸ਼ਚਿਤ ਕੀਤੇ ਬਿਨਾਂ ਕੋਈ ਜੱਥਾ ਲੈ ਕੇ ਨਨਕਾਣਾ ਸਾਹਿਬ ਨਾ ਜਾਵੇ ਪਰ ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਸ. ਕਰਤਾਰ ਸਿੰਘ ਝੱਬਰ ਆਪਣੇ ਆਪਣੇ ਜੱਥੇ ਲੈ ਕੇ ਨਨਕਾਣਾ ਸਾਹਿਬ ਪੁੱਜਣਾ ਚਾਹੁੰਦੇ ਸਨ। ਦੋਹਾਂ ਜੱਥਿਆ ਨੂੰ ਰੋਕਣ ਦਾ ਯਤਨ ਕੀਤਾ ਗਿਆ। ਸ.ਕਰਤਾਰ ਸਿੰਘ ਝੱਬਰ ਦਾ ਜੱਥਿਆ ਰੋਕ ਲਿਆ ਗਿਆ, ਪਰ ਭਾਈ ਲਛਮਣ ਸਿੰਘ ਧਾਰੋਵਾਲੀ ਦੇ ਜੱਥੇ ਨੂੰ ਨਾ ਰੋਕਿਆ ਜਾ ਸਕਿਆ। ਲਛਮਣ ਸਿੰਘ ਦੇ ਸਾਥੀ ਭਾਈ ਟਹਿਲ ਸਿੰਘ ਜੀ ਨੇ ਕਿਹਾ ਕਿ ਅੱਜ ਗੁਰੂ ਹਰਿਰਾਇ ਜੀਂ ਦਾ ਪ੍ਰਕਾਸ਼ ਦਿਵਸ ਹੈ। ਗੁਰਦੁਆਰਾ ਸਾਹਿਬ ਮੱਥਾ ਟੇਕ ਲੈਂਦੇ ਹਾਂ। ਜਦੋਂ ਅਸੀਂ ਸਾਂਤਮਈ ਰਹਿਣਾ ਹੈ, ਫੇਰ ਕੋਈ ਝਗੜਾ ਨਹੀਂ ਪੈਂਦਾ। ਇਸ ਤਰਾਂ ਇਹ ਜੱਥਾ 20 ਫਰਬਰੀ 1921 ਨੂੰ ਨਨਕਾਣਾ ਸਾਹਿਬ ਪੁੱਜ ਗਿਆ।

ਮਹੰਤ ਨਰੈਣੂ ਨੇ ਹਮਲੇ ਦੀ ਪਹਿਲਾਂ ਹੀ ਤਿਆਰੀ ਕਰ ਰੱਖੀ ਸੀ। ਜਿਉਂ ਹੀ ਭਾਈ ਲਛਮਣ ਸਿੰਘ ਜੀ ਜੱਥੇ ਸਮੇਤ ਗੁਰਦੁਆਰਾ ਸਾਹਿਬ ਵਿਚ ਦਾਖਿਲ ਹੋਏ, ਮਹੰਤ ਨੇ ਬਾਹਰਲੇ ਦਰਵਾਜੇ ਬੰਦ ਕਰਵਾ ਦਿੱਤੇ ਅਤੇ ਉਸਦੇ ਗੁੰਡਿਆਂ ਨੇ ਸਿੰਘਾਂ ਉੱਪਰ ਵਾਰ ਕਰ ਦਿੱਤਾ। ਛਤ ਤੋਂ ਗੋਲੀਆਂ ਚਲਾਈਆਂ ਗਈਆਂ। ਵਿਹੜੇ ਵਿਚ 25-26 ਸਿੰਘ ਸ਼ਹੀਦ ਹੋ ਗਏ। ਭਾਈ ਲਛਮਣ ਸਿੰਘ ਗੋਲੀਆਂ ਨਾਲ ਜ਼ਖਮੀ ਹੋ ਗਏ। ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਵੀ ਗੋਲੀਆਂ ਲੱਗੀਆਂ। ਕੋਈ 60 ਕੁ ਸਿੰਘ ਦਰਬਾਰ ਸਾਹਿਬ ਦੇ ਅੰਦਰ ਸ਼ਹੀਦ ਹੋ ਗਏ। ਜਿਹੜਾ ਵੀ ਫ਼ੱਟੜ ਜਿਉਂਦਾ ਨਜਰ ਆਇਆ, ਉਸਨੂੰ ਛਵੀਆਂ ਨਾਲ ਮਾਰ ਦਿੱਤਾ ਗਿਆ। ਜ਼ਖ਼ਮੀ ਭਾਈ ਲਛਮਣ ਸਿੰਘ ਨੂੰ ਜੰਡ ਦੇ ਦਰੱਖਤ ਨਾਲ ਪੁੱਠਾ ਬੰਨ੍ਹ ਕੇ ਥੱਲੇ ਅੱਗ ਲਾ ਕੇ ਸਾੜ ਦਿੱਤਾ ਗਿਆ। ਕੁਝ ਸਿੰਘਾਂ ਨੂੰ ਜਿਊਂਦਿਆਂ ਹੀ ਭੱਠੀਆ ਵਿਚ ਸੁੱਟ ਕੇ ਸਾੜ ਦਿੱਤਾ ਗਿਆ। ਨੌਂ ਸਾਲ ਦੇ ਦਰਬਾਰਾ ਸਿੰਘ ਨੂੰ ਪਹਿਲਾਂ ਅਲਮਾਰੀ ਵਿਚ ਬੰਦ ਕਰ ਦਿੱਤਾ, ਇਹ ਉਥੋਂ ਹੀ ਵੰਗਾਰਦਾ ਰਿਹਾ। ਫੇਰ ਇਸਨੂੰ ਬਲਦੀ ਚਿਖਾ ਵਿਚ ਸੁੱਟ ਦਿੱਤਾ ਗਿਆ।

ਕਰਤਾਰ ਸਿੰਘ ਝੱਬਰ ਜੋ 2200 ਸਿੰਘਾਂ ਦਾ ਜੱਥਾ ਲੈ ਕੇ ਆ ਰਿਹਾ ਸੀ, ਉਸਨੂੰ 21 ਫਰਬਰੀ ਨੂੰ ਪਿੰਡ ਖਿਪਵਾੜਾ ਕੋਲ ਡਿਪਟੀ ਕਮਿਸ਼ਨਰ ਨੇ ਰੋਕ ਲਿਆ ਅਤੇ ਸਲਾਹ ਮਸ਼ਵਰੇ ਪਿੱਛੋਂ ਝੱਬਰ ਨੂੰ ਨਨਕਾਣਾ ਸਾਹਿਬ ਦੀਆਂ ਚਾਬੀਆ ਇਸ ਸ਼ਰਤ ਤੇ ਦਿੱਤੀਆਂ ਕਿ ਪ੍ਰਬੰਧ ਲਈ ਇਕ ਕਮੇਟੀ ਬਣਾ ਦਿੱਤੀ ਜਾਵੇ। ਸ ਹਰਬੰਸ ਸਿੰਘ ਅਟਾਰੀ ਨੂੰ ਪ੍ਰਧਾਨ ਬਣਾ ਕੇ ਇਕ ਕਮੇਟੀ ਬਣਾ ਦਿੱਤੀ ਗਈ। ਅਤੇ ਅੱਧੀ ਦਰਜਨ ਤੋਂ ਵੱਧ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤਾ ਗਿਆ। ਮਹੰਤ ਨਰੈਣੂ ਤੇ ਸਾਥੀਆਂ ਖਿਲਾਫ ਮੁੱਕਦਮਾ ਦਾਇਰ ਹੋਇਆ। ਅਦਾਲਤ ਨੇ 12 ਅਕਤੂਬਰ 1921 ਨੂੰ ਨਰੈਣੂ ਤੇ 7 ਹੋਰ ਨੂੰ ਫਾਂਸੀ, 8 ਨੂੰ ਉਮਰ ਕੈਦ, 16 ਨੂੰ 7 ਸਾਲ ਦੀ ਕੈਦ ਅਤੇ ਬਾਕੀਆਂ ਨੂੰ ਰਿਹਾ ਕਰ ਦਿੱਤਾ। ਲਾਹੌਰ ਹੈ ਕੋਰਟ ਵਿਚ ਅਪੀਲ ਕਰਨ ਤੇ ਫਾਂਸੀ ਦੀ ਸਜਾ ਉਮਰ ਕੈਦ ਵਿਚ ਬਦਲ ਦਿੱਤੀ ਗਈ। ਸਿਰਫ 3 ਨੂੰ 7 ਸਾਲ ਦੀ ਸਜਾ ਹੋਈ ਤੇ ਬਾਕੀ ਸਭ ਬਰੀ ਕਰ ਦਿੱਤੇ ਗਏ। ਸਿੱਖ ਪੰਥ ਨੇ ਇਹਨਾਂ ਸ਼ਹੀਦਾਂ ਨੂੰ ਮਾਣ ਸਤਿਕਾਰ ਦਿੱਤਾ। ਇਹਨਾਂ ਦਾ ਜ਼ਿਕਰ ਅਰਦਾਸ ਵਿੱਚ ਸ਼ਾਮਲ ਕੀਤਾ। ਨਨਕਾਣਾ ਸਾਹਿਬ ਗੁਰਦੁਆਰਾ ਸਾਜਿਬ ਵਿਚ ਅੱਜ ਵੀ ਇਸ ਸਾਕੇ ਦੀਆਂ ਯਾਦਾਂ ਸੁਰੱਖਿਅਤ ਹਨ ਜਿਹੜੀਆਂ ਕੌਮ ਨੂੰ ਆਪਣੇ ਗੁਰਦੁਆਰਿਆਂ ਦੀ ਰਾਖੀ ਦੀ ਪ੍ਰੇਰਨਾ ਦਿੰਦੀਆਂ ਹਨ। ਪਾਤਸ਼ਾਹ ਬਖਸ਼ਿਸ਼ ਕਰਨ ਉਹਨਾਂ ਸ਼ਹੀਦਾਂ ਦਾ ਸਿਦਕ, ਉਹਨਾਂ ਦਾ ਗੁਰੂ ਪ੍ਰੇਮ ਅਤੇ ਉਹਨਾਂ ਦੀ ਗੁਰਦੁਆਰਿਆਂ ਵਿੱਚ ਨਿਰੋਲ ਗੁਰਮਤਿ ਦੇਖਣ ਦੀ ਇੱਛਾ ਨੂੰ ਪੂਰੀ ਕਰਨ। ਅਜੋਕੇ ਸਿੱਖ ਆਪਣੇ ਤਕਰਾਰ ਛੱਡ ਕੇ, ਗੁਰੂ ਗਿਆਨ ਤੋਂ ਸੋਝੀ ਲੈ ਕਰ ਆਪਣੇ ਜੀਵਨ ਨੂੰ ਗੁਰਮਤਿ ਰੰਗ ਵਿਚ ਰੰਗ ਸਕਣ ਅਤੇ ਸਾਡੇ ਗੁਰਦੁਆਰਿਆਂ ਵਿੱਚੋਂ ਸਿਰਫ ਅਤੇ ਸਿਰਫ ਗੁਰਮਤਿ ਦਾ ਹੀ ਪ੍ਰਚਾਰ ਹੋਵੇ।



# ਫਰੀਮਾਂਟ ਕੈਲੀਫੋਰਨੀਆ 'ਚ ਫਾਈਵ ਸਟਾਰ 'Royal Sakoon Palace' ਦਾ ਸ਼ਾਹੀ ਆਗਾਜ਼

## ਅਮਰੀਕਾ ਦੀਆਂ ਦਿੱਗਜ਼ ਸਿਆਸੀ ਅਤੇ ਸਮਾਜਿਕ ਸ਼ਖ਼ਸੀਅਤਾਂ ਦੀ ਹਾਜ਼ਰੀ 'ਚ ਹੋਇਆ ਆਲੀਸ਼ਾਨ ਉਦਘਾਟਨ; ਮਿਸ ਪੂਜਾ ਅਤੇ ਮਿਸ ਪ੍ਰੀਤੋ ਦੇ ਫਿਲਮੀ ਅੰਦਾਜ਼ ਨੇ ਲਾਈਆਂ ਰੌਣਕਾਂ




















ਫਰੀਮਾਂਟ (ਸਾਡੇ ਲੋਕ): ਕੈਲੀਫੋਰਨੀਆ ਦੇ ਕਾਰੋਬਾਰੀ ਹਲਕਿਆਂ ਵਿੱਚ ਉਸ ਵੇਲੇ ਇੱਕ ਨਵਾਂ ਇਤਿਹਾਸ ਸਿਰਜਿਆ ਗਿਆ, ਜਦੋਂ ਫਰੀਮਾਂਟ ਸਿਟੀ ਵਿੱਚ ਰਾਜੇ-ਮਹਾਰਾਜਿਆਂ ਦੇ ਸ਼ਾਹੀ ਮਹਿਲਾਂ ਦੀ ਯਾਦ ਦਿਵਾਉਂਦੇ 'Royal Sakoon Palace' ਦਾ ਉਦਘਾਟਨ ਹੋਇਆ। ਸ. ਬਲਕਾਰ ਸਿੰਘ ਤਾਂਬਰ ਅਤੇ ਸ. ਦਿਦਾਰ ਸਿੰਘ ਤਾਂਬਰ ਵੱਲੋਂ ਤਿਆਰ ਕੀਤਾ ਗਿਆ ਇਹ ਆਲੀਸ਼ਾਨ ਬੈਂਕੁਏਟ ਹਾਲ ਨਾ ਸਿਰਫ਼ ਕਾਰੋਬਾਰੀ ਸਫ਼ਲਤਾ ਦੀ ਮਿਸਾਲ ਹੈ, ਸਗੋਂ ਇਹ ਤਾਂਬਰ ਪਰਿਵਾਰ ਦੀ ਦਹਾਕਿਆਂ ਦੀ ਸਖ਼ਤ ਮਿਹਨਤ ਅਤੇ ਸੇਵਾ ਭਾਵਨਾ ਦਾ ਸਿਖ਼ਰ ਹੈ।

**ਸਿਆਸੀ ਗਲਿਆਰਿਆਂ ਦੀਆਂ ਵੱਡੀਆਂ ਹਸਤੀਆਂ ਨੇ ਭਰੀ ਹਾਜ਼ਰੀ :** ਇਸ ਸ਼ਾਹੀ ਸਮਾਗਮ ਦੀ ਮਹੱਤਤਾ ਦਾ ਅੰਦਾਜ਼ਾ ਇੱਥੋਂ ਲਗਾਇਆ ਜਾ ਸਕਦਾ ਹੈ ਕਿ ਅਮਰੀਕੀ ਪ੍ਰਸ਼ਾਸਨ ਅਤੇ ਸਥਾਨਕ ਸਰਕਾਰ ਦੇ ਉੱਚ ਅਧਿਕਾਰੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਫਰੀਮਾਂਟ ਦੇ ਮੇਅਰ ਮਿਸਟਰ ਰਾਜ ਸਲਵਾਨ, ਸਾਬਕਾ ਮੇਅਰ ਬਿੱਲ ਹੈਰੀਸਨ, ਸਾਬਕਾ ਸਿਟੀ ਕੌਂਸਲ ਮੈਂਬਰ ਰਿਕ ਜੋਨਸ ਅਤੇ ਅਲਾਮੇਡਾ ਕਾਊਂਟੀ ਦੀ ਡਿਸਟ੍ਰਿਕਟ ਅਟਾਰਨੀ ਉਰਸੁਲਾ ਜੋਨਸ ਡਿਕਸਨ (Ursula Jones Dickson) ਨੇ ਰੀਬਨ ਕੱਟਣ ਦੀ ਰਸਮ ਮੌਕੇ ਸ਼ਿਰਕਤ ਕਰਦਿਆਂ ਤਾਂਬਰ ਪਰਿਵਾਰ ਦੇ ਇਸ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ।

**ਸੱਭਿਆਚਾਰਕ ਮੇਲਾ: ਮਿਸ ਪੂਜਾ ਦੀ ਗਾਇਕੀ ਅਤੇ ਮਿਸ ਪ੍ਰੀਤੋ ਦਾ ਜਲਵਾ :** ਸੋਨੇ ਅਤੇ ਚਾਂਦੀ ਦੀ ਨੱਕਾਸ਼ੀ ਵਾਲੇ ਦਰਵਾਜ਼ਿਆਂ ਦੇ ਅੰਦਰ ਜਦੋਂ ਪ੍ਰਸਿੱਧ ਗਾਇਕਾ ਮਿਸ ਪੂਜਾ ਨੇ ਮਾਈਕ ਸੰਭਾਲਿਆ, ਤਾਂ ਪੂਰਾ ਹਾਲ 'ਸਿਟੀ ਮਾਰ ਕੇ' ਨੱਚਣ ਲਈ ਮਜਬੂਰ ਹੋ ਗਿਆ। ਸਟੇਜ ਦੀ ਕਮਾਂਡ ਫਿਲਮੀ ਅਦਾਕਾਰਾ ਮਿਸ ਪ੍ਰੀਤੋ ਨੇ ਅਜਿਹੇ ਪੇਸ਼ੇਵਰ ਅਤੇ ਰੋਮਾਂਟਿਕ ਅੰਦਾਜ਼ ਵਿੱਚ ਸੰਭਾਲੀ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਮਹਿਮਾਨ ਮੰਤਰ-ਮੁਗਧ ਹੋ ਗਏ।

**ਬਾਬਾ ਲਸ਼ਕਰ ਸਿੰਘ ਜੀ ਦੀ ਵਿਰਾਸਤ ਅਤੇ ਪਰਿਵਾਰਕ ਮਿਹਨਤ :** ਸਮਾਗਮ ਦੌਰਾਨ ਸਵਰਗਵਾਸੀ ਬਾਬਾ ਲਸ਼ਕਰ ਸਿੰਘ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਯਾਦ ਕੀਤਾ ਗਿਆ,













# ਫਰੀਮਾਂਟ ਕੈਲੀਫੋਰਨੀਆ ’ਚ ਫਾਈਵ ਸਟਾਰ ‘Royal Sakoon Palace’ ਦਾ ਸ਼ਾਹੀ ਆਗਾਜ਼

## ਅਮਰੀਕਾ ਦੀਆਂ ਦਿੱਗਜ਼ ਸਿਆਸੀ ਅਤੇ ਸਮਾਜਿਕ ਸ਼ਖ਼ਸੀਅਤਾਂ ਦੀ ਹਾਜ਼ਰੀ ’ਚ ਹੋਇਆ ਆਲੀਸ਼ਾਨ ਉਦਘਾਟਨ; ਮਿਸ ਪੂਜਾ ਅਤੇ ਮਿਸ ਪ੍ਰੀਤੋ ਦੇ ਫਿਲਮੀ ਅੰਦਾਜ਼ ਨੇ ਲਾਈਆਂ ਰੌਣਕਾਂ












ਜਿਨ੍ਹਾਂ ਨੇ ਪਰਿਵਾਰ ਨੂੰ ਸਿੱਖੀ ਅਤੇ ਕਿਰਤ ਨਾਲ ਜੋੜਿਆ ਸੀ। ਸ. ਬਲਕਾਰ ਸਿੰਘ ਤਾਂਬਰ ਨੇ ਭਾਵੁਕ ਹੁੰਦਿਆਂ ਬਹੁਤ ਮਾਣ ਨਾਲ ਦੱਸਿਆ ਕਿ ਇਹ ਪ੍ਰੋਜੈਕਟ ਉਨ੍ਹਾਂ ਦੇ ਪੁੱਤਰ ਦੀ ਦਿਨ-ਰਾਤ ਦੀ ਮਿਹਨਤ, ਭਰਾਵਾਂ ਵਰਗੇ ਸਾਥੀ ਸਰਦਾਰ ਰਵੀ ਸਿੰਘ ਪਰਮਾਰ ਦੇ ਸਹਿਯੋਗ ਅਤੇ ਸਮੁੱਚੇ ਤਾਂਬਰ ਪਰਿਵਾਰ ਦੀ ਇਕਜੁੱਟਤਾ ਦਾ ਨਤੀਜਾ ਹੈ।

**ਸਨਮਾਨਿਤ ਸ਼ਖ਼ਸੀਅਤਾਂ :** ਇਸ ਮੌਕੇ ਕਮਿਊਨਿਟੀ ਦੇ ਮੋਹਰੀ ਆਗੂ ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ ਸਿੱਖ ਕਾਕਸ ਕਮੇਟੀ, ਸ. ਜੌਅ ਜੌਹਲ (ਬਿਜਨਿਸ ਕਾਈਕੂੰਨ), ਅਮਰੀਕਾ ਦੇ ਉਘੇ ਸਿੱਖ ਆਗੂ ਸ. ਜਸਵੰਤ ਸਿੰਘ ਹੋਠੀ, ਸ. ਭੁਪਿੰਦਰ ਸਿੰਘ ਔਲਖ (ਭਾਊ), ਸ. ਪ੍ਰਿਤਪਾਲ ਸਿੰਘ ਹਨੀ, ਸ. ਇੰਦਰਜੀਤ ਸਿੰਘ ਬਾਗੜੀ, ਸ. ਉਮਰਜੋਤ ਸਿੰਘ ਸੰਧੂ, ਸ. ਸੁਰਿੰਦਰ ਸਿੰਘ ਧਨੋਆ (ਫਿਲਮ ਡਾਇਰੈਕਟਰ), ਸ. ਕਸ਼ਮੀਰ ਸਿੰਘ ਸ਼ਾਹੀ, ਸ. ਐਚ.ਪੀ. ਸਿੰਘ, ਸ. ਰਾਜਿੰਦਰ ਸਿੰਘ ਰਾਜਾ, ਸ. ਨਿਰਪਾਲ ਸਿੰਘ ਮੂਸੇਆਣਾ, ਸ. ਕਰਨੈਲ ਸਿੰਘ ਸੈਕਰਾਮੈਂਟੋ, ਸ. ਬਲਬੀਰ ਸਿੰਘ ਸੀਂਮਾਰ ਸਾਬਕਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ, ਸ. ਸੁੱਚਾ ਸਿੰਘ ਭਾਟਰਾ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਯੂ.ਐਸ.ਏ. (ਅੰਤਰਰਾਸ਼ਟਰੀ ਕਬੱਡੀ ਖਿਡਾਰੀ), ਸ. ਕੇਵਲ ਸਿੰਘ ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ, ਸ. ਬੰਟੀ ਥਿੰਦਾ, ਸ. ਜਸਵਿੰਦਰ ਸਿੰਘ ਜੰਡੀ, ਸਾਡੇ ਲੋਕ, ਸ. ਤੇਜਿੰਦਰ ਧਾਮੀ, ਸ. ਗੁਰਦੀਪ ਸਿੰਘ ਡਡਵਾਲ, ਸ. ਗੁਰਜੀਤ ਸਿੰਘ ਧਾਮੀ (ਟਰੇਸੀ) ਅਤੇ ਡਾਇਮੰਡ ਕਲੱਬ ਬੇਅ-ਏਰੀਆ ਦੀ ਸਮੁੱਚੀ ਟੀਮ ਨੇ ਤਾਂਬਰ ਪਰਿਵਾਰ ਨੂੰ ਮੁਬਾਰਕਬਾਦ ਦਿੱਤੀ।

**ਖਾਸ ਖਿੱਚ ਦੇ ਕੇਂਦਰ:**

ਡਿਜ਼ਾਈਨ: ਫਿਲਮੀ ਸ਼ੂਟਿੰਗ ਦੇ ਸੈੱਟ ਵਰਗੀ ਸ਼ਾਨਦਾਰ ਸਟੇਜ ਅਤੇ ਮਨਮੋਹਕ ਝੂਮਰ।

ਸਮਰੱਥਾ: 600 ਤੋਂ 800 ਮਹਿਮਾਨਾਂ ਦੇ ਬੈਠਣ ਲਈ ਵੱਖ-ਵੱਖ ਆਲੀਸ਼ਾਨ ਹਾਲ।

ਮਾਨਤਾ: ਅਮਰੀਕੀ ਅਧਿਕਾਰੀਆਂ ਵੱਲੋਂ ਤਾਂਬਰ ਪਰਿਵਾਰ ਨੂੰ ਵਿਸ਼ੇਸ਼ ਪਲੈਕ (Plaque) ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਉਦਘਾਟਨ ਸਿਰਫ਼ ਇੱਕ ਰੈਸਟੋਰੈਂਟ ਦੀ (ਦੇਖੋ ਸਫ਼ਾ 32-33)










# ਅਮਰੀਕੀ ਅਧਿਕਾਰੀਆਂ ਵੱਲੋਂ ਤਾਂਬਰ ਪਰਿਵਾਰ ਨੂੰ ਵਿਸ਼ੇਸ਼ ਪਲੈਕ (Plaque) ਦੇ ਕੇ ਕੀਤਾ ਸਨਮਾਨਿਤ

## 'ਬੰਬੇ ਗਾਰਡਨ' ਤੋਂ ਸ਼ੁਰੂ ਹੋ ਕੇ ਅੱਜ 'Royal Sakoon Palace' ਵਰਗੇ ਵਿਸ਼ਾਲ ਬੋਹੜ ਤੱਕ ਦਾ ਸਫ਼ਰ













ਸ਼ੁਰੂਆਤ ਨਹੀਂ, ਸਗੋਂ ਕੈਲੀਫੋਰਨੀਆ ਵਿੱਚ ਪੰਜਾਬੀ ਸ਼ਾਨ ਅਤੇ ਕਾਰੋਬਾਰੀ ਦਲੇਰੀ ਦਾ ਨਵਾਂ ਪ੍ਰਤੀਕ ਹੈ। ਕਿਸੇ ਵੀ ਜਾਣਕਾਰੀ ਜਾਂ ਬੁਕਿੰਗ ਲਈ 510-676-5641 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਾਦਕੀ ਨੋਟ:** ਮਿਹਨਤ, ਵਿਰਾਸਤ ਅਤੇ ਸਫ਼ਲਤਾ ਦਾ ਸੁਮੇਲ

ਅਮਰੀਕਾ ਵਰਗੇ ਮੁਕਾਬਲੇਬਾਜ਼ੀ ਵਾਲੇ ਦੇਸ਼ ਵਿੱਚ, ਜਿੱਥੇ ਹਰ ਰੋਜ਼ ਹਜ਼ਾਰਾਂ ਕਾਰੋਬਾਰ ਸ਼ੁਰੂ ਹੁੰਦੇ ਹਨ, ਉੱਥੇ ਸ. ਬਲਕਾਰ ਸਿੰਘ ਤਾਂਬਰ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਸਿਰਜਿਆ ਗਿਆ ਇਹ 'ਸਕੂਨ' ਦਾ ਸਾਮਰਾਜ ਇੱਕ ਵੱਡੀ ਮਿਸਾਲ ਹੈ। ਇਹ ਸਿਰਫ਼ ਇੱਟਾਂ-ਪੱਥਰਾਂ ਜਾਂ ਸਜਾਵਟ ਦਾ ਕੋਈ ਹਾਲ ਨਹੀਂ ਹੈ, ਸਗੋਂ ਇਹ ਉਸ ਸਿੱਖੀ ਜਜ਼ਬੇ ਦੀ ਜਿੱਤ ਹੈ ਜੋ 'ਕਿਰਤ ਕਰੋ' ਦੇ ਸਿਧਾਂਤ ਨੂੰ ਪਰਦੇਸਾਂ ਵਿੱਚ ਵੀ ਬੁਲੰਦ ਰੱਖਦੀ ਹੈ।



















# ਅਮਰੀਕੀ ਅਧਿਕਾਰੀਆਂ ਵੱਲੋਂ ਤਾਂਬਰ ਪਰਿਵਾਰ ਨੂੰ ਵਿਸ਼ੇਸ਼ ਪਲੈਕ (Plaque) ਦੇ ਕੇ ਕੀਤਾ ਸਨਮਾਨਿਤ

## ‘ਬੰਬੇ ਗਾਰਡਨ’ ਤੋਂ ਸ਼ੁਰੂ ਹੋ ਕੇ ਅੱਜ ‘Royal Sakoon Palace’ ਵਰਗੇ ਵਿਸ਼ਾਲ ਬੋਹੜ ਤੱਕ ਦਾ ਸ.ਫਰ







1996 ਵਿੱਚ ਇੱਕ ਛੋਟੇ ਜਿਹੇ ਬੀਜ ‘ਬੰਬੇ ਗਾਰਡਨ’ ਤੋਂ ਸ਼ੁਰੂ ਹੋ ਕੇ ਅੱਜ ‘Royal Sakoon Palace’ ਵਰਗੇ ਵਿਸ਼ਾਲ ਬੋਹੜ ਤੱਕ ਦਾ ਸਫ਼ਰ ਇਹ ਸਾਬਤ ਕਰਦਾ ਹੈ ਕਿ ਜੇਕਰ ਨੀਅਤ ਸਾਫ਼ ਹੋਵੇ ਅਤੇ ਪਰਿਵਾਰਕ ਏਕਤਾ ਹੋਵੇ, ਤਾਂ ਪ੍ਰਮਾਤਮਾ ਖ਼ੁਦ ਸਹਾਈ ਹੁੰਦਾ ਹੈ। ਤਾਂਬਰ ਪਰਿਵਾਰ ਨੇ ਨਾ ਸਿਰਫ਼ ਪੰਜਾਬੀ ਪਕਵਾਨਾਂ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਮਾਣ ਦਿਵਾਇਆ ਹੈ, ਸਗੋਂ ਅਮਰੀਕੀ ਸਿਆਸਤਦਾਨਾਂ ਦੀ ਹਾਜ਼ਰੀ ਰਾਹੀਂ ਇਹ ਵੀ ਦਿਖਾ ਦਿੱਤਾ ਹੈ ਕਿ ਕੈਲੀਫੋਰਨੀਆ ਦੇ ਵਿਕਾਸ ਵਿੱਚ ਸਾਡੇ ਭਾਈਚਾਰੇ ਦਾ ਕਿੰਨਾ ਵੱਡਾ ਯੋਗਦਾਨ ਹੈ। ਇਹ ‘Palace’ ਆਉਣ ਵਾਲੇ ਸਮੇਂ ਵਿੱਚ ਸਾਡੇ ਸੱਭਿਆਚਾਰਕ ਸਮਾਗਮਾਂ ਲਈ ਸਿਰਫ਼ ਇੱਕ ਸਥਾਨ ਹੀ ਨਹੀਂ, ਸਗੋਂ ਸਾਡੀ ਪਛਾਣ ਅਤੇ ਸ਼ਾਨ ਦਾ ਪ੍ਰਤੀਕ ਬਣੇਗਾ।







# ਅਮਰੀਕੀ ਸਿੱਖ ਕਾਕਸ ਅਤੇ ਵਰਲਡ ਸਿੱਖ ਪਾਰਲੀਮੈਂਟ ਦੀ ਅਮਰੀਕਨ ਸਰਕਾਰ ਤੋਂ ਮੰਗ

## ਅਮਰੀਕੀ ਧਰਤੀ ’ਤੇ ਸਿੱਖਾਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ

ਵਾਸ਼ਿੰਗਟਨ ਡੀ.ਸੀ. : ਅਮਰੀਕੀ ਧਰਤੀ ’ਤੇ ਸਿੱਖਾਂ ਦੀ ਸੁਰੱਖਿਆ ਨੂੰ ਲੈ ਕੇ ਸਿੱਖ ਜਥੇਬੰਦੀਆਂ ਨੇ ਆਰ-ਪਾਰ ਦੀ ਲੜਾਈ ਦਾ ਐਲਾਨ ਕਰ ਦਿੱਤਾ ਹੈ। ਅਮਰੀਕੀ ਸਿੱਖ ਕਾਕਸ ਕਮੇਟੀ ਅਤੇ ਵਰਲਡ ਸਿੱਖ ਪਾਰਲੀਆਮੈਂਟ ਨੇ ਇੱਕ ਸਾਂਝੇ ਬਿਆਨ ਵਿੱਚ ਸਪੱਸ਼ਟ ਕੀਤਾ ਹੈ ਕਿ ਅਮਰੀਕੀ ਨਾਗਰਿਕਾਂ ਦੀ ਜਾਨ ਨਾਲ ਕਿਸੇ ਵੀ ਵਿਦੇਸ਼ੀ ਤਾਕਤ ਨੂੰ ਖੇਡਣ ਦੀ ਇਜਾਜ਼ਤ ਨਾ ਦਿੱਤੀ ਜਾਵੇ।

ਨਿਖਿਲ ਗੁਪਤਾ ਦੇ ਕਬੂਲਨਾਮੇ ਤੋਂ ਬਾਅਦ ਇਹ ਸਾਬਤ ਹੋ ਚੁੱਕਾ ਹੈ ਕਿ ਪੰਜਾਬ ਤੋਂ ਲੈ ਕੇ ਕੈਨੇਡਾ, ਯੂਕੇ ਅਤੇ ਅਮਰੀਕਾ ਤੱਕ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਸਾਜ਼ਿਸ਼ਾਂ ਦੇ ਤਾਰ ਕਿੱਥੇ ਜੁੜੇ ਹੋਏ ਹਨ।

ਮੁੱਖ ਮੰਗਾਂ ਅਤੇ ਸਖ਼ਤ ਰੁਖ

ਸਿੱਖ ਕਮੇਟੀ ਨੇ FBI, NSA ਅਤੇ ਨਿਆਂ ਵਿਭਾਗ (DOJ) ਦੀ ਕਾਰਵਾਈ ’ਤੇ ਭਰੋਸਾ ਜਤਾਉਂਦੇ ਹੋਏ ਰਾਸ਼ਟਰਪਤੀ ਟਰੰਪ ਅਤੇ ਮੌਜੂਦਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਭਾਰਤ ਨਾਲ ਸਬੰਧਾਂ ਦੀ ਕੀਮਤ ’ਤੇ ਸਿੱਖਾਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ।

‘ਅਮਰੀਕਾ ਸਾਡਾ ਘਰ ਹੈ। ਇੱਥੇ ਕਿਸੇ ਵੀ ਵਿਦੇਸ਼ੀ ਏਜੰਟ ਨੂੰ ਅਮਰੀਕੀ ਨਾਗਰਿਕਾਂ ਨੂੰ ਡਰਾਉਣ ਜਾਂ ਕਤਲ ਕਰਨ ਦੀ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ। ਸਿਆਸੀ ਅਸਹਿਮਤੀ ਸਾਡਾ ਸੰਵਿਧਾਨਕ ਹੱਕ ਹੈ।’

**ਭਾਰਤੀ ਖੁਫੀਆ ਤੰਤਰ ਦੇ ਵੱਡੇ ਚਿਹਰਿਆਂ ਦੀ ਜਵਾਬਦੇਹੀ ਦੀ ਮੰਗ**

ਸਿੱਖ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਇਹ ਜਾਂਚ ਸਿਰਫ਼ ਨਿਖਿਲ ਗੁਪਤਾ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ, ਸਗੋਂ ਸਾਜ਼ਿਸ਼ ਘੜਨ ਵਾਲੇ ਅਸਲ ‘ਮਾਸਟਰਮਾਈਂਡ’ ਸਾਹਮਣੇ ਲਿਆਂਦੇ ਜਾਣ:

ਨਾਮ : ਵਿਕਾਸ ਯਾਦਵ, ਅਹੁਦਾ : ਭਾਰਤੀਆ ਖੁਫ਼ੀਆ ਅਧਿਕਾਰੀ, ਮੰਗ : ਅਮਰੀਕਾ ਕਾਨੂੰਨ ਅੱਗੇ ਪੇਸ਼ ਕੀਤਾ ਜਾਵੇ।

ਨਾਮ : ਸਾਮੰਤ ਗੋਇਲ, ਅਹੁਦਾ : ਸਾਬਕਾ ਮੁਖੀ RAW ਮੰਗ : ਵਿਦੇਸ਼ੀ ਦਮਨ ਦੀਆਂ ਸਾਜ਼ਿਸ਼ਾਂ ਲਈ ਜਵਾਬਦੇਹੀ ਤੈਅ ਹੋਵੇ

**ਸੰਘਰਸ਼ ਦਾ ਅਹਿਦ**

ਕਮੇਟੀ ਨੇ ਕਿਹਾ ਕਿ ਜਦੋਂ ਤੱਕ ਹਰ ਜ਼ਿੰਮੇਵਾਰ ਵਿਅਕਤੀ ਨੂੰ ਸਖ਼ਤ ਸਜ਼ਾ ਨਹੀਂ ਮਿਲ ਜਾਂਦੀ, ਸਿੱਖ ਕੌਮ ਚੈਨ ਨਾਲ ਨਹੀਂ ਬੈਠੇਗੀ। ਅਸੀਂ ਆਪਣੀ ਪ੍ਰਭੂਸੱਤਾ ਅਤੇ ਕੌਮ ਦੀ ਸੁਰੱਖਿਆ ਲਈ ਅਮਰੀਕੀ ਸਰਕਾਰ ’ਤੇ ਦਬਾਅ ਬਣਾਉਣਾ ਜਾਰੀ ਰੱਖਾਂਗੇ।




# ਭਾਰਤ ਸਿਰ.ਫ ਏਆਈ ਕ੍ਰਾਂਤੀ ਦਾ ਹਿੱਸਾ ਨਹੀਂ, ਸਗੋਂ ਇਸ ਦੀ ਅਗਵਾਈ ਕਰ ਰਿਹਾ ਹੈ: ਮੋਦੀ

## AI Impact Summit: ਪ੍ਰਧਾਨ ਮੰਤਰੀ ਨੇ ਖਾਸ ਤੌਰ ’ਤੇ ਬੱਚਿਆਂ ਲਈ ਮਜ਼ਬੂਤ ਸੁਰੱਖਿਆ ਉਪਾਵਾਂ ਦੀ ਲੋੜ ’ਤੇ ਜ਼ੋਰ ਦਿੱਤਾ

ਨਵੀਂ ਦਿੱਲੀ : AI Impact Summit: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਲੋਕਤੰਤਰੀਕਰਨ ਹੋਣਾ ਚਾਹੀਦਾ ਹੈ ਅਤੇ ਖਾਸ ਕਰਕੇ ਗਲੋਬਲ ਸਾਊਥ ਲਈ ਇਹ ਸਮਾਵੇਸ਼ ਅਤੇ ਸ਼ਕਤੀਕਰਨ ਦਾ ਇੱਕ ਸਾਧਨ ਬਣਨਾ ਚਾਹੀਦਾ ਹੈ। ਇੰਡੀਆ ਏਆਈ ਇਮਪੈਕਟ ਸਮਿਟ (India AI Impact Summit) ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਇਹ ਐਕਸਪੋ ਭਾਰਤ ਵਿੱਚ ਹੋ ਰਿਹਾ ਹੈ, ਜੋ ਮਨੁੱਖਤਾ ਦੇ ਛੇਵੇਂ ਹਿੱਸੇ ਦੀ ਪ੍ਰਤੀਨਿਧਤਾ ਕਰਦਾ ਹੈ, ਇੱਕ ਅਜਿਹਾ ਦੇਸ਼ ਜਿਸ ਵਿੱਚ ਦੁਨੀਆ ਦੀ ਸਭ ਤੋਂ ਵੱਡੀ ਨੌਜਵਾਨ ਆਬਾਦੀ ਹੈ ਅਤੇ ਜੋ ਸਭ ਤੋਂ ਵੱਡੀ ਟੈਕਨਾਲੋਜੀ ਪ੍ਰਤਿਭਾ ਦਾ ਕੇਂਦਰ ਹੈ।

ਸੰਮੇਲਨ ਵਿੱਚ ਵਿਸ਼ਵ ਨੇਤਾਵਾਂ ਅਤੇ ਪ੍ਰਮੁੱਖ ਕੰਪਨੀਆਂ ਦੇ ਸੀਈਓਜ਼ ਦੀ ਮੌਜੂਦਗੀ ਵਿੱਚ ਉਨ੍ਹਾਂ ਕਿਹਾ, ‘ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖੀ ਇਤਿਹਾਸ ਵਿੱਚ ਇੱਕ ਪਰਿਵਰਤਨਸ਼ੀਲ ਅਧਿਆਏ ਦੀ ਨਿਸ਼ਾਨਦੇਹੀ ਕਰਦੀ ਹੈ। ਭਾਰਤ ਸਿਰਫ਼ ਏਆਈ ਕ੍ਰਾਂਤੀ ਦਾ ਹਿੱਸਾ ਨਹੀਂ ਹੈ, ਸਗੋਂ ਇਸਦੀ ਅਗਵਾਈ ਕਰ ਰਿਹਾ ਹੈ ਅਤੇ ਇਸਨੂੰ ਰੂਪ ਦੇ ਰਿਹਾ ਹੈ।’

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨਾ ਸਿਰਫ਼ ਤਕਨਾਲੋਜੀ ਦਾ ਨਿਰਮਾਣ ਕਰਦਾ ਹੈ ਬਲਕਿ ਇਸ ਨੂੰ ਬੇਮਿਸਾਲ ਰਫ਼ਤਾਰ ਨਾਲ ਅਪਣਾਉਂਦਾ ਵੀ ਹੈ। ਉਨ੍ਹਾਂ ਕਿਹਾ, ‘ਕੁਝ ਲੋਕਾਂ ਨੂੰ ਨਵੀਂ ਤਕਨਾਲੋਜੀ ਬਾਰੇ ਸ਼ੰਕੇ ਹਨ। ਪਰ ਜਿਸ ਤਰ੍ਹਾਂ ਨੌਜਵਾਨ ਪੀੜ੍ਹੀ ਏਆਈ ਨੂੰ ਅਪਣਾ ਰਹੀ ਹੈ, ਉਹ ਬੇਮਿਸਾਲ ਹੈ। ਇੱਥੇ ਏਆਈ ਸਮਿਟ ਪ੍ਰਦਰਸ਼ਨੀ ਨੂੰ ਲੈ ਕੇ ਵੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਹੈ। ਮਨੁੱਖੀ ਇਤਿਹਾਸ ਦੇ ਦੌਰਾਨ, ਕੁਝ ਅਜਿਹੇ ਮੋੜ ਆਏ ਹਨ ਜਿਨ੍ਹਾਂ ਨੇ ਪੂਰੀਆਂ ਸਦੀਆਂ ਨੂੰ ਰੂਪ ਦਿੱਤਾ ਹੈ। ਇਹ ਮੋੜ ਸਭਿਅਤਾ ਦੀ ਦਿਸ਼ਾ ਤੈਅ ਕਰਦੇ ਹਨ ਅਤੇ ਵਿਕਾਸ ਦੀ ਰਫ਼ਤਾਰ ਨੂੰ ਬਦਲ ਦਿੰਦੇ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਇਤਿਹਾਸ ਵਿੱਚ ਅਜਿਹਾ ਹੀ ਇੱਕ ਪਰਿਵਰਤਨ ਹੈ।’

ਭਾਰਤ ਮੰਡਪਮ ਵਿਖੇ ਹੋ ਰਹੇ ਇਸ ਸੰਮੇਲਨ ਵਿੱਚ ਸ਼ਾਮਲ ਹੋਣ ਵਾਲੇ ਵਿਸ਼ਵ ਨੇਤਾਵਾਂ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ, ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡਾ ਸਿਲਵਾ, ਸ਼੍ਰੀਲੰਕਾ ਦੇ ਰਾਸ਼ਟਰਪਤੀ ਅਨੁਰਾ ਕੁਮਾਰਾ ਦਿਸਾਨਾਇਕਾ, ਭੂਟਾਨ ਦੇ ਪ੍ਰਧਾਨ ਮੰਤਰੀ ਛੇਰਿੰਗ ਟੋਬਗੇ, ਮਾਰੀਸ਼ਸ ਦੇ ਪ੍ਰਧਾਨ ਮੰਤਰੀ ਨਵੀਨਚੰਦਰ ਰਾਮਗੂਲਮ, ਕਰੋਸ਼ੀਆ ਦੇ ਪ੍ਰਧਾਨ ਮੰਤਰੀ ਆਂਦਰੇਜ ਪਲੇਨਕੋਵਿਕ, ਸਰਬੀਆ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਵੂਕਿਕ, ਸੇਸ਼ੇਲਸ ਦੇ ਉਪ ਰਾਸ਼ਟਰਪਤੀ ਸੇਬੇਸਟੀਅਨ ਪਿਲੇ, ਐਸਟੋਨੀਆ ਦੇ ਰਾਸ਼ਟਰਪਤੀ ਅਲਾਰ ਕਾਰਿਸ ਅਤੇ ਫਿਨਲੈਂਡ ਦੇ ਪ੍ਰਧਾਨ ਮੰਤਰੀ ਪੇਟੇਰੀ ਓਰਪੋ ਸ਼ਾਮਲ ਹਨ।

ਕੌਮੀ ਰਾਜਧਾਨੀ ਵਿੱਚ ਸੰਮੇਲਨ ਵਿੱਚ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ, “ਅੱਜ ਨਵੀਂ ਦਿੱਲੀ ਏਆਈ ਇਮਪੈਕਟ ਸਮਿਟ ਵਿੱਚ, ਮੈਂ ਏਆਈ ਲਈ ‘ਮਾਨਵ ਵਿਜ਼ਨ’ ਪੇਸ਼ ਕਰਦਾ ਹਾਂ। ਮਾਨਵ ਦਾ ਅਰਥ ਹੈ ਮਨੁੱਖ। ” ਪ੍ਰਧਾਨ ਮੰਤਰੀ ਮੋਦੀ ਨੇ ਦਾਅਵਾ ਕੀਤਾ ਕਿ ’ਮਾਨਵ ਵਿਜ਼ਨ’ ਗਲੋਬਲ



ਏਆਈ ਈਕੋਸਿਸਟਮ ਲਈ ਇੱਕ ਮਾਰਗਦਰਸ਼ਕ ਢਾਂਚੇ ਵਜੋਂ ਕੰਮ ਕਰੇਗਾ। ਉਨ੍ਹਾਂ ਕਿਹਾ, ‘ਭਾਰਤ ਦਾ ਇਹ ‘ਮਾਨਵ ਵਿਜ਼ਨ’ 21ਵੀਂ ਸਦੀ ਦੇ ਏਆਈ-ਅਧਾਰਿਤ ਸੰਸਾਰ ਵਿੱਚ ਮਨੁੱਖਤਾ ਦੀ ਭਲਾਈ ਲਈ ਇੱਕ ਮਹੱਤਵਪੂਰਨ ਕੜੀ ਬਣੇਗਾ।’

ਉੱਭਰ ਰਹੇ ਖ਼ਤਰਿਆਂ ਬਾਰੇ ਚਿੰਤਾਵਾਂ ਨੂੰ ਉਜਾਗਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਖਾਸ ਤੌਰ ’ਤੇ ਬੱਚਿਆਂ ਲਈ ਮਜ਼ਬੂਤ ਸੁਰੱਖਿਆ ਉਪਾਵਾਂ ਦੀ ਲੋੜ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, ‘ਸਾਨੂੰ ਬੱਚਿਆਂ ਦੀ ਸੁਰੱਖਿਆ ਦੇ ਸਬੰਧ ਵਿੱਚ ਵਧੇਰੇ ਸਾਵਧਾਨ ਰਹਿਣਾ ਹੋਵੇਗਾ। ਏਆਈ ਸਪੇਸ ਵੀ ਬੱਚਿਆਂ ਲਈ ਸੁਰੱਖਿਅਤ ਅਤੇ ਪਰਿਵਾਰਕ ਮਾਰਗਦਰਸ਼ਨ ਵਾਲੀ ਹੋਣੀ ਚਾਹੀਦੀ ਹੈ।’




ਨੀਦਰਲੈਂਡ ਦੇ ਪ੍ਰਧਾਨ ਮੰਤਰੀ ਡਿਕ ਸਕੋਫ, ਮਾਰੀਸ਼ਸ ਦੇ ਪ੍ਰਧਾਨ ਮੰਤਰੀ ਨਵੀਨਚੰਦਰ ਰਾਮਗੁਲਮ, ਕਜ਼ਾਕਿਸਤਾਨ ਦੇ ਪ੍ਰਧਾਨ ਮੰਤਰੀ ਓਲਜ਼ਾਸ ਬੇਕਟੇਨੋਵ, ਗ੍ਰੀਸ ਦੇ ਪ੍ਰਧਾਨ ਮੰਤਰੀ ਕਿਰੀਆਕੋਸ ਮਿਤਸੋਟਾਕਿਸ, ਫਿਨਲੈਂਡ ਦੇ ਪ੍ਰਧਾਨ ਮੰਤਰੀ ਪੇਟੇਰੀ ਓਰਪੋ, ਕ੍ਰੋਏਸ਼ੀਆ ਦੇ ਪ੍ਰਧਾਨ ਮੰਤਰੀ ਆਂਦਰੇਜ ਪਲੇਨਕੋਵਿਕ, ਅਤੇ ਭੂਟਾਨ ਦੇ ਪ੍ਰਧਾਨ ਮੰਤਰੀ ਸ਼ੇਰਿੰਗ ਟੋਬਗੇ ਵੀਰਵਾਰ ਨੂੰ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਏਆਈ ਇਮਪੈਕਟ ਸਮਿਟ 2026 ਵਿੱਚ।




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀਰਵਾਰ ਨੂੰ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਏਆਈ ਇਮਪੈਕਟ ਸਮਿਟ 2026 ਵਿੱਚ ਗੂਗਲ ਦੇ ਸੀਈਓ ਸੁੰਦਰ ਪਿਚਾਈ, ਓਪਨਏਆਈ ਦੇ ਸੀਈਓ ਸੈਮ ਆਲਟਮੈਨ, ਮੇਟਾ ਦੇ ਮੁੱਖ ਏਆਈ ਅਧਿਕਾਰੀ ਅਲੈਗਜ਼ੈਂਡਰ ਵਾਂਗ ਅਤੇ ਹੋਰ ਪਤਵੰਤਿਆਂ ਨਾਲ।



# SAKA

## Remembering the Martyrs of Nankana Sahib

## 18th RAAG DARBAR Saturday, 21st February

# Gurdwara Bangla Sahib



**Programme (Evening)**

| | | | | | |
|---|---|---|---|---|---|
| 5:15 | to | 6:15 | Kirtan | - | Bhai Amritpal Singh Ji Noor Delhi Wale |
| 6:15 | to | 7:00 | Path | - | Sri Rehraas Sahib |
| 7:00 | to | 8:00 | Kirtan | - | Bhai Pardeep Singh Ji Hazuri Kirtaniye, Shahida Sahib, Sri Amritsar Sahib |
| 8:00 | to | 9:00 | Kirtan | - | Singh Sahib Giani Ranjit Singh Ji Head Granthi, G. Bangla Sahib |
| 9:00 | to | 10:00 | Kirtan | - | Bhai Kamaljeet Singh Ji Shant Hazuri Kirtaniye, Sri Harmandir Sahib |
| 10:00 | to | 11:00 | Kirtan | - | Bhai Kamaljeet Singh Ji Hazuri Kirtaniye, Sri Harmandir Sahib |

**Smapti, Ardaas & Guru ka Langer**

Live telecast on website www.dsgmc.in, Youtube Channel & Facebook page of DSGMC, Unmute, Kesari Connect, Chardikla TIME TV, GSPS Live and Akaal Sahai Gurbani Channel

Sangat Is requested to attend along with their families and seek the blessings of Guru Sahib

Guru Panth De Daas

Harmeet Singh Kalka
President

Harvinder Singh KP
Senior Vice President

Atma Singh Lubana Vice President

Jaspreet Singh Karamsar
Chairman, Dharam Prachar Committee

Jagdip Singh Kahlon
General Secretary

Jasmain Singh Noni Joint Secretary

**Delhi Sikh Gurdwara Management Committee**

**Spl. Support : S. Trilochan Singh**

# ਬੇਗਮਪੁਰਾ ਕੋਈ ਕਵਿਤਾ ਨਹੀਂ - ਇਹ ਇੱਕ ਰਾਜਨੀਤਿਕ ਐਲਾਨਨਾਮਾ ਹੈ: ਗੁਰੂ ਰਵਿਦਾਸ ਤੋਂ ਖਾਲਸਾ ਰਾਜ ਤੱਕ ਦੀ ਕ੍ਰਾਂਤੀ

ਜਦੋਂ ਦੁਨੀਆ ਭਰ ਦੇ ਸਿੱਖ ਇਨਕਲਾਬੀ ਸੰਤ ਰਵਿਦਾਸ ਸਾਹਿਬ ਜੀ ਦਾ ਜਨਮ ਦਿਨ ਮਨਾ ਰਹੇ ਹਨ, ਸਾਨੂੰ ਇਹ ਸਮਝਣਾ ਪਵੇਗਾ ਕਿ ਅਸੀਂ ਸਿਰਫ਼ ਇੱਕ ਯਾਦ ਨਹੀਂ ਮਨਾ ਰਹੇ । ਅਸੀਂ ਇੱਕ ਅਜਿਹੀ ਰਾਜਨੀਤਿਕ ਪਰੰਪਰਾ ਨੂੰ ਮੁੜ ਸੁਰਜੀਤ ਕਰ ਰਹੇ ਹਾਂ ਜੋ ਸਦੀਆਂ ਤੋਂ ਦੱਬੇ-ਕੁਚਲੇ ਲੋਕਾਂ ਦੀ ਮੁਕਤੀ ਦਾ ਮਾਰਗ ਰਹੀ ਹੈ ।

+1

ਇਨਕਲਾਬੀ ਰਵਿਦਾਸ ਪਾਤਸਾਹ: ਕਿਰਤ ਅਤੇ ਸੱਚ ਦਾ ਮਾਰਗ

ਭਗਤ ਰਵਿਦਾਸ ਜੀ ਕਿਸੇ ਮਹਿਲ ਜਾਂ ਉੱਚ ਜਾਤੀ ਪਰਿਵਾਰ ਵਿੱਚ ਪੈਦਾ ਨਹੀਂ ਹੋਏ ਸਨ। ਉਹ ਜੁੱਤੀਆਂ ਬਣਾਉਣ ਵਾਲੇ (ਮੋਚੀ) ਪਰਿਵਾਰ ਵਿੱਚ ਪੈਦਾ ਹੋਏ, ਜੋ ਦੁਨੀਆ ਦੇ ਸਭ ਤੋਂ ਪੁਰਾਣੇ ਇੰਜੀਨੀਅਰਿੰਗ ਭਾਈਚਾਰਿਆਂ ਵਿੱਚੋਂ ਇੱਕ ਸੀ। ਉਨ੍ਹਾਂ ਨੇ ਆਪਣੀ ਕਿਰਤ ਨਾਲ ਜੀਵਨ ਬਤੀਤ ਕੀਤਾ ਅਤੇ ਕਦੇ ਵੀ ਮੰਦਰਾਂ ਵਿੱਚ ਭੀਖ ਨਹੀਂ ਮੰਗੀ।

+3

ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਬ੍ਰਾਹਮਣਵਾਦ ਕੋਈ ਧਰਮ ਨਹੀਂ, ਬਲਕਿ ਇੱਕ ਸਮਾਜਿਕ ਅਤੇ ਆਰਥਿਕ ਜ਼ੁਲਮ ਹੈ, ਜਿੱਥੇ ਜਾਤ ਇੱਕ ਅਜਿਹੀ ਰਾਜਨੀਤਿਕ ਪ੍ਰਣਾਲੀ ਹੈ ਜੋ ਬਿਨਾਂ ਜ਼ਮੀਰ ਦੇ ਕਿਰਤ ਦਾ ਸ਼ੋਸ਼ਣ ਕਰਦੀ ਹੈ।

ਬੇਗਮਪੁਰਾ: ਇੱਕ ਆਦਰਸ਼ ਰਾਜਨੀਤਿਕ ਸੰਵਿਧਾਨ

ਰਵਿਦਾਸ ਪਾਤਸਾਹ ਜੀ ਦੀ ਜਿੱਤ ਤੋਂ 'ਬੇਗਮਪੁਰਾ' ਦਾ ਦਰਸ਼ਨ ਉਭਰਿਆ। ਇਹ ਕੋਈ ਮਹਿਜ਼ ਕਲਪਨਾਤਮਕ ਕਵਿਤਾ ਨਹੀਂ, ਬਲਕਿ ਇੱਕ ਰਾਜਨੀਤਿਕ ਐਲਾਨ ਅਤੇ ਸੰਵਿਧਾਨ ਹੈ । ਬੇਗਮਪੁਰਾ ਦਾ ਅਰਥ ਹੈ:

+1

ਜਾਤ-ਪਾਤ ਦਾ ਖਾਤਮਾ: ਜਿੱਥੇ ਕੋਈ ਜਾਤ ਨਹੀਂ ਅਤੇ ਕੋਈ ਸਮਾਜਿਕ ਅਲਹਿਦਗੀ ਨਹੀਂ।

+1

ਆਰਥਿਕ ਨਿਆਂ: ਕੋਈ ਅਪਮਾਨਜਨਕ ਟੈਕਸ ਨਹੀਂ ਅਤੇ ਹਰ ਇੱਕ ਲਈ ਭੋਜਨ ਦੀ ਗਰੰਟੀ।

+1

ਮਨੁੱਖੀ ਮਾਣ: ਕੋਈ ਪੇਸ਼ਾ ਨੀਵਾਂ ਨਹੀਂ ਅਤੇ ਮਨੁੱਖੀ ਮਾਣ-ਸਨਮਾਨ ਦੀ ਰੱਖਿਆ।

+1

ਸਿੱਧੀ ਚੁਣੌਤੀ: ਇਹ ਜਾਤ-ਅਧਾਰਤ ਪੂੰਜੀਵਾਦ ਲਈ ਇੱਕ ਸਿੱਧੀ ਵੰਗਾਰ ਹੈ।




**ਵਿਚਾਰਧਾਰਕ ਸਾਂਝ: ਕਬੀਰ, ਮੀਰਾ ਅਤੇ ਸਿੱਖੀ ਦਾ ਹਥਿਆਰਬੰਦ ਸੰਘਰਸ਼**

ਰਵਿਦਾਸ ਪਾਤਸਾਹ ਦੇ ਨਾਲ ਭਗਤ ਕਬੀਰ ਜੀ ਮਜ਼ਬੂਤੀ ਨਾਲ ਖੜ੍ਹੇ ਸਨ, ਜਿਨ੍ਹਾਂ ਨੇ ਪਿਆਰ ਨੂੰ ਹੀ ਰਾਜਨੀਤੀ ਮੰਨਿਆ। ਇਸੇ ਤਰ੍ਹਾਂ, ਸ਼ਾਹੀ ਪਰਿਵਾਰ ਦੀ ਮੀਰਾ ਬਾਈ ਨੇ ਰਵਿਦਾਸ ਜੀ ਨੂੰ ਆਪਣਾ ਗੁਰੂ ਧਾਰ ਕੇ ਬ੍ਰਾਹਮਣਵਾਦੀ ਤਾਕਤਾਂ ਨੂੰ ਕੰਬਣੀ ਛੇੜ ਦਿੱਤੀ ।

+1

ਇਸ ਸੱਚ ਨੂੰ ਗੁਰੂ ਨਾਨਕ ਪਾਤਸਾਹ ਜੀ ਨੇ ਅਪਣਾਇਆ ਅਤੇ ਗੁਰੂ ਗੋਬਿੰਦ ਸਿੰਘ ਪਾਤਸਾਹ ਜੀ ਨੇ ਇਸ ਨੂੰ 'ਖਾਲਸਾ' ਰਾਹੀਂ ਹਥਿਆਰਬੰਦ ਕੀਤਾ। ਜਦੋਂ ਅਸੀਂ ਕਹਿੰਦੇ ਹਾਂ 'ਰਾਜ ਕਰੇਗਾ ਖਾਲਸਾ' ਤਾਂ ਇਸ ਦਾ ਮਤਲਬ ਬੇਗਮਪੁਰਾ ਵਾਲਾ ਨਿਆਂ ਦਾ ਰਾਜ ਹੀ ਹੈ।

+2

**ਆਧੁਨਿਕ ਲਹਿਰ: ਪੇਰੀਆਰ ਤੋਂ ਕਾਂਸ਼ੀ ਰਾਮ ਤੱਕ**

ਤਾਮਿਲਨਾਡੂ ਵਿੱਚ ਪੇਰੀਆਰ ਨੇ ਇਸੇ ਸੱਚ ਨੂੰ ਦੁਹਰਾਇਆ ਕਿ ਜਾਤ ਰੱਬ ਨੇ ਨਹੀਂ, ਬਲਕਿ ਕੁਝ ਲੋਕਾਂ ਨੇ ਆਪਣੇ ਫਾਇਦੇ ਲਈ ਬਣਾਈ ਹੈ। ਬਾਅਦ ਵਿੱਚ, ਮਨਯੋਗ ਕਾਂਸ਼ੀ ਰਾਮ ਜੀ ਨੇ ਐਲਾਨ ਕੀਤਾ ਕਿ ਰਾਜਨੀਤਿਕ ਸ਼ਕਤੀ ਤੋਂ ਬਿਨਾਂ ਮੁਕਤੀ ਅਸੰਭਵ ਹੈ । ਉਨ੍ਹਾਂ ਨੇ 7,000 ਜਾਤਾਂ ਨੂੰ ਰਾਜਨੀਤਿਕ ਤੌਰ 'ਤੇ ਜਗਾਇਆ।

+2

**ਸਾਡਾ ਅੱਜ ਦਾ ਪ੍ਰਣ**

ਬਹੁਜਨ-ਦ੍ਰਾਵਿੜ ਲੋਕ ਇਸ ਧਰਤੀ ਦੇ ਅਸਲ ਮਾਲਕ ਅਤੇ ਬਹੁਗਿਣਤੀ ਹਨ। ਅੱਜ ਸਾਡੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਅਸੀਂ ਰਵਿਦਾਸ ਪਾਤਸਾਹ ਦੀਆਂ ਸਿੱਖਿਆਵਾਂ ਨੂੰ ਭੁੱਲ ਕੇ ਮੂਰਤੀ ਪੂਜਾ ਅਤੇ ਰਸਮਾਂ ਵਿੱਚ ਉਲਝ ਗਏ ਹਾਂ।

+3

**ਆਓ, ਅੱਜ ਇਹ ਪ੍ਰਣ ਕਰੀਏ:**

1. ਜਾਤ-ਪਾਤ ਨੂੰ ਇੱਕ ਆਰਥਿਕ ਪ੍ਰਣਾਲੀ ਵਜੋਂ ਖਤਮ ਕਰਨਾ ।
2. ਬੇਗਮਪੁਰਾ ਖਾਲਸਾ ਦੇ ਸਿਧਾਂਤਾਂ ਦਾ ਪ੍ਰਚਾਰ ਕਰਨਾ ।
3. ਬਹੁਜਨ-ਦ੍ਰਾਵਿੜ ਲੋਕਾਂ ਨੂੰ ਸ਼ਾਸਕਾਂ ਦੇ ਅਹੁਦੇ ਤੱਕ ਪਹੁੰਚਾਉਣਾ।

ਬੇਗਮਪੁਰਾ ਖਾਲਸਾ ਸਾਡਾ ਭਵਿੱਖ ਹੈ! ਬਹੁਜਨ-ਦ੍ਰਾਵਿੜ ਸ਼ਾਸਨ ਸਾਡਾ ਹੱਕ ਹੈ!



**ਸਰਦਾਰ ਜੀਵਨ ਸਿੰਘ ਰਾਸ਼ਟਰੀ ਪ੍ਰਧਾਨ, ਬਹੁਜਨ ਦ੍ਰਾਵਿੜ ਪਾਰਟੀ ਨਵੀਂ ਦਿੱਲੀ**

# ਛਤਰਪਤੀ ਸ਼ਿਵਾਜੀ ਮਹਾਰਾਜ ਦੀ ਜਯੰਤੀ ਦੇ ਮੌਕੇ 'ਤੇ ਕਲਾਕਾਰ ਜਲੂਸ ਲਿਆ ਭਾਗ





ਨਾਗਪੁਰ, : ਵੀਰਵਾਰ ਨੂੰ ਨਾਗਪੁਰ ਦੇ ਮਹਿਲ ਸਥਿਤ ਸ਼ਿਵਾਜੀ ਚੌਂਕ ਵਿਖੇ ਛਤਰਪਤੀ ਸ਼ਿਵਾਜੀ ਮਹਾਰਾਜ ਦੀ ਜਯੰਤੀ ਦੇ ਮੌਕੇ 'ਤੇ ਕਲਾਕਾਰ ਜਲੂਸ ਭਾਗ ਲਿਆ। 19 ਫਰਵਰੀ 1630, ਇਹ ਉਹ ਤਾਰੀਖ਼ ਹੈ, ਜਦੋਂ ਇਕ ਅਜਿਹੇ ਬੱਚੇ ਨੇ ਜਨਮ ਲਿਆ, ਜਿਸ ਨੇ ਅੱਗੇ ਚੱਲ ਦੇ ਭਾਰਤ 'ਚ ਮਰਾਠਾ ਸਾਮਰਾਜ ਦੀ ਨੀਂਹ ਰੱਖੀ। ਨਾਮ ਸੀ ਸ਼ਿਵਾਜੀ..ਛਤਰਪਤੀ ਸ਼ਿਵਾਜੀ। ਛਤਰਪਤੀ ਸ਼ਿਵਾਜੀ ਦਾ ਜਨਮ ਮਹਾਰਾਸ਼ਟਰ ਸਥਿਤ ਸ਼ਿਵਨੇਰੀ ਦੁਰਗ 'ਚ ਹੋਇਆ ਸੀ। ਸਾਲ 1674 'ਚ ਰਾਏਗੜ੍ਹ ਦੀ ਗੱਦੀ 'ਤੇ ਬੈਠਣ ਦੇ ਨਾਲ ਹੀ ਸ਼ਿਵਾਜੀ ਨੇ ਪੱਛਮੀ ਭਾਰਤ 'ਚ ਮਰਾਠਾ ਸਾਮਰਾਜ ਦੀ ਨੀਂਹ ਰੱਖੀ ਸੀ। ਸ਼ਿਵਾਜੀ ਨੇ ਮੁਗਲੀਆਂ ਭਾਸ਼ਾਵਾਂ ਦੀ ਥਾਂ ਭਾਰਤ 'ਚ ਮਰਾਠੀ ਅਤੇ ਸੰਸਕ੍ਰਿਤ ਨੂੰ ਜ਼ਿਆਦਾ ਤਰਜ਼ੀਹ ਦਿੱਤੀ। ਹਿੰਦੂ ਸਿਧਾਂਤ ਅਤੇ ਪ੍ਰੰਪਰਾਵਾ ਸ਼ਿਵਾਜੀ ਦੇ ਯੁੱਗ 'ਚ ਕਾਫੀ ਵਧੀਆਂ-ਫੁੱਲੀਆਂ। ਛਤਰਪਤੀ ਸ਼ਿਵਾਜੀ ਅਜਿਹੇ ਮਹਾਨ ਮਰਾਠਾ ਯੋਧਾ ਸਨ, ਜਿਸ ਨਾਲ ਟਕਰਾਉਣ ਲਈ ਮੁਗਲ ਹਮਲਾਵਰਾਂ ਨੂੰ ਕਈ ਗੁਣਾਂ ਵੱਡੀ ਸੈਨਾ ਆਪਣੇ ਕੋਲ ਰੱਖਣੀ ਪੈਂਦੀ ਸੀ। ਸ਼ਿਵਾਜੀ ਦੀ ਸੈਨਾ ਦਾ ਇਕ-ਇਕ ਮਰਾਠਾ ਕਈ ਮੁਗਲਾਂ 'ਤੇ ਭਾਰੀ ਪੈਂਦਾ ਸੀ। ਸ਼ਿਵਾਜੀ ਉਹ ਸ਼ਾਸਕ ਸਨ, ਜਿਨਾਂ ਨੇ ਆਪਣੇ ਪਿਤਾ ਵਲੋਂ ਵਿਰਾਸਤ 'ਚ ਮਿਲੀ 2-3 ਹਜ਼ਾਰ ਦੀ ਸੈਨਾ ਨੂੰ 1 ਲੱਖ ਤੋਂ ਜ਼ਿਆਦਾ ਸੈਨਿਕਾ ਵਾਲੀ ਸੈਨਾ ਬਣਾਇਆ। ਛਤਰਪਤੀ ਸ਼ਿਵਾਜੀ ਗੁਰਿਲਾ ਯੁੱਧ ਪ੍ਰਣਾਲੀ 'ਚ ਕਾਫੀ ਮਹਾਰਤ ਰੱਖਦੇ ਸਨ ਅਤੇ ਇਸੇ ਗੁਰਿਲਾ ਯੁੱਧ ਪ੍ਰਣਾਲੀ ਨੂੰ ਅਸੀਂ ਸ਼ਿਵਸੂਤਰ ਦੇ ਨਾਂ ਨਾਲ ਵੀ ਜਾਣਦੇ ਹਾਂ। ਮੁਗਲ ਤੇ ਬੀਜਾਪੁਰ ਦੇ ਸੁਲਤਾਨ ਦੋਵੇਂ ਸ਼ਿਵਾਜੀ ਦੇ ਵਿਰੋਧੀ ਸਨ। ਨਵੰਬਰ 1656 ਨੂੰ ਬੀਜਾਪੁਰ ਦੇ ਸੁਲਤਾਨ ਮੁਹੰਮਦ ਆਦਿਲ ਸ਼ਾਹ ਦੀ ਮੌਤ ਮਗਰੋਂ ਔਰੰਗਜੇਬ ਨੇ ਬੀਜਾਪੁਰ 'ਤੇ ਹਮਲਾ ਕੀਤਾ ਅਤੇ ਲੁੱਟ-ਮਾਰ ਕੀਤੀ। ਵਿਰੋਧ 'ਚ ਸ਼ਿਵਾਜੀ ਨੇ ਜੁੰਨਾਰ 'ਤੇ ਹਮਲਾ ਕਰਕੇ ਮੁਗਲਾਂ ਦੇ ਸੈਂਕੜੇ ਘੋੜੇ ਅਤੇ ਸੰਪਤੀ 'ਤੇ ਕਬਜ਼ਾ ਕਰ ਲਿਆ। ਇਸ ਤੋਂ ਬਾਅਦ ਸ਼ਿਵਾਜੀ ਤੇ ਮੁਗਲਾਂ 'ਚ ਵਿਰੋਧੀ ਝੜਪਾਂ ਸ਼ੁਰੂ ਹੋ ਗਈਆਂ। ਛਤਰਪਤੀ ਸ਼ਿਵਾਜੀ ਦੀ ਮੁਗਲਾਂ ਨਾਲ ਪਹਿਲੀ ਲੜਾਈ 1656-57 'ਚ ਹੋਈ ਸੀ।



**ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥**
**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥**

## ਪੰਜਾਬ ਦੇ ਉੱਘੇ ਸਿੱਖ ਆਗੂ ਅਤੇ ਪੱਤਰਕਾਰ ਡਾ. ਦਲਜੀਤ ਸਿੰਘ ਅਜਨੋਹਾ ਨੂੰ ਭਾਰੀ ਸਦਮਾ

# ਧਰਮ ਪਤਨੀ ਬੀਬੀ ਕਿਰਨਪ੍ਰੀਤ ਕੌਰ ਜੀ ਅਕਾਲ ਚਲਾਣਾ ਕਰ ਗਏ



ਸਵ. ਬੀਬੀ ਕਿਰਨਪ੍ਰੀਤ ਕੌਰ

ਹੁਸ਼ਿਆਰਪੁਰ/ਪੰਜਾਬ (ਸਾਡੇ ਲੋਕ ਬਿਊਰੋ): ਪੰਜਾਬ ਦੇ ਉੱਘੇ ਸਿੱਖ ਆਗੂ ਅਤੇ ਪ੍ਰਸਿੱਧ ਪੱਤਰਕਾਰ ਡਾ. ਦਲਜੀਤ ਸਿੰਘ ਅਜਨੋਹਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਧਰਮ ਪਤਨੀ ਬੀਬੀ ਕਿਰਨਪ੍ਰੀਤ ਕੌਰ ਜੀ ਦਿਲ ਦੀ ਧੜਕਣ ਰੁਕ ਜਾਣ ਕਾਰਨ ਅਚਾਨਕ ਸਦੀਵੀ ਵਿਛੋੜਾ ਦੇ ਗਏ।

ਬੀਬੀ ਜੀ ਬਹੁਤ ਹੀ ਨੇਕ, ਹਸਮੁੱਖ ਅਤੇ ਸ਼ਾਂਤ ਸੁਭਾਅ ਦੇ ਮਾਲਕ ਸਨ। ਉਹ ਨਿਤਨੇਮੀ ਸਨ ਅਤੇ ਹਮੇਸ਼ਾ ਗੁਰਬਾਣੀ ਦੇ ਲੜ ਲੱਗੇ ਰਹਿੰਦੇ ਸਨ। ਉਨ੍ਹਾਂ ਨੇ ਆਪਣਾ ਜੀਵਨ ਸੇਵਾ ਅਤੇ ਸਿਮਰਨ ਵਿੱਚ ਗੁਜ਼ਾਰਿਆ ਅਤੇ ਹਮੇਸ਼ਾ ਲੋੜਵੰਦਾਂ ਦੀ ਮਦਦ ਲਈ ਤਤਪਰ ਰਹਿੰਦੇ ਸਨ। ਉਨ੍ਹਾਂ ਦੇ ਅਚਾਨਕ ਚਲੇ ਜਾਣ ਨਾਲ ਜਿੱਥੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਹੀ ਸਮੁੱਚੀ ਕਮਿਊਨਿਟੀ ਵਿੱਚ ਸੋਗ ਦੀ ਲਹਿਰ ਹੈ।

ਅੰਤਿਮ ਸੰਸਕਾਰ ਦੇ ਸਮੇਂ ਵੱਡੀ ਗਿਣਤੀ ਵਿੱਚ ਸੰਗਤਾਂ, ਰਾਜਸੀ ਅਤੇ ਧਾਰਮਿਕ ਸ਼ਖ਼ਸੀਅਤਾਂ ਨੇ ਨਮ ਅੱਖਾਂ ਨਾਲ ਬੀਬੀ ਜੀ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ। ਭਾਵੇਂ ਬੀਬੀ ਜੀ ਅੱਜ ਸਰੀਰਕ ਤੌਰ 'ਤੇ ਸਾਡੇ ਵਿੱਚ ਨਹੀਂ ਰਹੇ, ਪਰ ਉਨ੍ਹਾਂ ਦੀਆਂ ਮਿੱਠੀਆਂ ਯਾਦਾਂ ਅਤੇ ਗੁਰਸਿੱਖੀ ਜੀਵਨ ਦੀਆਂ ਸਿੱਖਿਆਵਾਂ ਹਮੇਸ਼ਾ ਮਾਰਗਦਰਸ਼ਨ ਕਰਦੀਆਂ ਰਹਿਣਗੀਆਂ।

'ਸਾਡੇ ਲੋਕ' ਅਦਾਰੇ ਦਾ ਸਮੂਹ ਪਰਿਵਾਰ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

# ਅਜੋਕੇ ਕੀਰਤਨੀਏ ਅਤੇ ਮਨਮਰਜ਼ੀ ਦੀਆਂ ਕੀਰਤਨ-ਸ਼ੈਲੀਆਂ !



ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ





ਬੜੇ ਹੀ ਸੰਵੇਦਨਸ਼ੀਲ ਵਿਸ਼ੇ ਬਾਰੇ ਲਿਖਣ ਤੋਂ ਪਹਿਲਾਂ ਬੇਨਤੀ ਕਰਦਿਆਂ ਕਿ ਮੈਨੂੰ ਗੁਰਮਤਿ ਸੰਗੀਤ ਜਾਂ ਰਾਗ ਵਿੱਦਿਆ ਬਾਰੇ ਬੇਸ਼ੱਕ ਬਹੁਤੀ ਜਾਣਕਾਰੀ ਨਹੀਂ ਪਰ ਗੁਰਬਾਣੀ ਕੀਰਤਨ ਦਾ ਕਦਰਦਾਨ ਸ੍ਰੋਤਾ ਜਾਂ ਪ੍ਰਸੰਸਕ ਜ਼ਰੂਰ ਹਾਂ। ਆਪਣੇ ਨਿੱਜ ਬਾਰੇ ਵੀ ਥੋੜਾ ਜਿਹਾ ਦੱਸਦਾ ਜਾਵਾਂ ਕਿ ਮੇਰੇ ਦਾਦਾ ਜੀ ਗੁਰਬਾਣੀ ਕੀਰਤਨ ਅਤੇ ਕਥਾ-ਵਿਆਖਿਆ ਦੇ ਤਾਂ ਰਸੀਆ ਸਨ ਪਰ ਉਹ ਢਾਡੀ-ਰਾਗ ਨੂੰ ਪਸੰਦ ਨਹੀਂ ਸੀ ਕਰਦੇ। ਇਸਦੇ ਉਲਟ ਮੇਰੇ ਪਿਤਾ ਜੀ ਕੇਵਲ ਢਾਡੀ-ਰਾਗ ਦੇ ਹੀ ਬੇਹੱਦ ਫੈਨ ਸਨ। ਮੇਰੀ 'ਨੇਚਰ' ਵਿਚ ਦੋਹਾਂ ਖਾਨਦਾਨੀ ਬਜ਼ੁਰਗਾਂ ਦੀਆਂ ਪਸੰਦਾਂ ਦਾ ਸੁਭਾਗਾ ਸੁਮੇਲ ਹੋ ਗਿਆ! ਭਾਵ ਕਿ ਗੁਰਬਾਣੀ ਕੀਰਤਨ, ਕਥਾ ਅਤੇ ਢਾਡੀ-ਰਾਗ ਤਿੰਨਾਂ ਪ੍ਰਤੀ ਮੇਰਾ ਇੱਕੋ ਜਿੰਨਾਂ ਮੋਹ ਪਿਆਰ ਸਤਿਕਾਰ ਬਣਿਆਂ ਹੋਇਆ ਹੈ।

ਇਲਾਕੇ ਭਰ ਵਿਚ 'ਗਿਆਨੀ ਜੀ' ਕਰਕੇ ਜਾਣੇ ਸਤਿਕਾਰੇ ਜਾਂਦੇ ਸਾਡੇ ਭਾਈਆ ਜੀ ਸਾਈਕਲ 'ਤੇ ਦੂਰ ਦਰਾਜ ਤੱਕ ਦੀਵਾਨ ਸੁਣਨ ਚਲੇ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਨੰਗਲ ਕਲਾਂ (ਮਾਹਲਪੁਰ) ਵਾਲੇ ਪ੍ਰੋਫੈਸਰ ਦਰਸ਼ਨ ਸਿੰਘ 'ਕੋਮਲ' ਧਾਰਮਿਕ ਦੀਵਾਨਾ ਵਿਚ ਸਿਰਮੌਰ ਰਾਗੀ ਵਲੋਂ ਬੁਲਾਏ ਜਾਂਦੇ ਸਨ। ਅੱਖਾਂ ਤੋਂ ਹੀਣ (ਸੂਰਮਾਂ ਸਿੰਘ) ਹੋਣ ਦੇ ਬਾਵਜੂਦ ਰਾਗੀਆਂ ਦੀ ਜਮਾਤ ਵਿਚ ਕੋਮਲ ਜੀ ਲਿਖਾਰੀ ਹੋਣ ਦੇ ਨਾਲ-ਨਾਲ ਕੀਰਤਨਕਾਰ, ਭਾਸ਼ਨਕਰਤਾ, ਢਾਡੀ ਕਵੀ, ਸਾਜਿੰਦਾ ਸਰਬਗੁਣ ਭਰਪੂਰ ਸ਼ਖਸੀਅਤ ਵਜੋਂ ਸਤਿਕਾਰੇ ਜਾਂਦੇ ਸਨ। ਜਿਸ ਕਰਕੇ ਰਾਗੀਆਂ ਪ੍ਰਚਾਰਕਾਂ ਵਲੋਂ ਉਨ੍ਹਾਂ ਲਈ 'ਉਸਤਾਦ ਜੀ' ਦਾ ਆਦਰਯੋਗ ਤਖੱਲਸ ਵਰਤਿਆ ਜਾਂਦਾ ਸੀ।

ਇਹ ਗੱਲ ਸੰਨ 57-58 ਵੇਲਿਆਂ ਦੀ ਹੈ। ਇਕ ਵਾਰ ਸਾਡੇ ਲਾਗਲੇ ਪ੍ਰਾਚੀਨ ਕਸਬੇ ਰਾਹੋਂ (ਜਿੱਥੇ ਕਿਸੇ ਵੇਲੇ ਹਰਿਵੱਲਭ ਸੰਗੀਤ ਸਮੇਲਨ ਆਯੋਜਿਤ ਹੁੰਦਾ ਵੀ ਸੁਣਿਆਂ ਹੈ) ਦੇ ਲਹਿੰਦੇ ਪਾਸੇ ਵਾਕਿਆ ਮੰਦਰ ਵਿਚ 'ਰਾਗ ਦਰਬਾਰ' ਆਯੋਜਿਤ ਹੋਇਆ। ਮੇਲਿਆਂ ਮਸ਼ਹਾਵਿਆਂ ਨਾਲ ਬੇਹੱਦ ਲਗਾਉ ਰੱਖਦੇ ਭਾਈਆ ਜੀ ਨੇ ਸੋਚਿਆ ਕਿ ਉੱਥੇ ਕੋਈ ਆਮ ਗਾਇਕਾਂ ਦਾ ਅਖਾੜਾ ਹੋਵੇਗਾ ਪਰ ਰਾਹੋਂ ਦੇ ਸਨਾਤਨੀ ਪ੍ਰਬੰਧਕਾਂ ਨੇ ਸ਼ਾਸਤਰੀ ਰਾਗ ਗਾਇਨ ਕਰਨ ਵਾਲੇ ਉੱਚ ਕੋਟੀ ਦੇ ਸੰਗੀਤਕਾਰ ਇਲਾਹਾਬਾਦ ਆਦਿ ਦੂਰ ਦੁਰਾਡੇ ਦੇ ਸ਼ਹਿਰਾਂ ਤੋਂ ਬੁਲਾਏ ਹੋਏ ਸਨ! ਆਪਣੇ ਕੁੱਝ ਬੇਲੀਆਂ ਨਾਲ ਰਾਹੋਂ ਦੇ ਉਸ ਸੰਗੀਤ ਸਮੇਲਨ ਵਿਚ ਸ਼ਾਮਲ ਹੋਏ ਭਾਈਆ ਜੀ ਹੱਸਦਿਆਂ ਹੋਇਆਂ ਦੱਸਦੇ ਹੁੰਦੇ ਸਨ ਕਿ ਗਈ ਰਾਤ ਤੱਕ ਜਿਹੜਾ ਵੀ ਸੰਗੀਤਕਾਰ ਤਾਨਪੂਰਾ, ਸਿਤਾਰ ਜਾਂ ਸਾਰੰਗੀ ਆਦਿ ਤੰਤੀ ਸਾਜ਼ਾਂ ਨਾਲ ਸਟੇਜ 'ਤੇ ਗਾਇਨ ਕਰਨ ਬੈਠੇ, ਉਹ ਅੱਧਾ ਪੌਣਾ ਘੰਟਾ ਲੰਮੀਆਂ ਹੇਕਾਂ ਨਾਲ 'ਸਾ....ਰੇ....ਗਾ...ਧਾ...ਨੀ....ਪਾ' ਦੇ ਸੁਰ ਅਲਾਪਦਾ ਹੋਇਆ ਭਜਨ ਵਰਗੀ ਕੋਈ ਚੀਜ ਗਾ ਕੇ ਸਮਾਪਤੀ ਕਰਦਿਆਂ ਕਰੇ। ਪੰਡਾਲ ਵਿਚ ਬੈਠੇ ਬਹੁਤੇ ਸ਼ਹਿਰੀ ਪੰਡਤ ਸ੍ਰੋਤੇ-ਜਨ ਤਾਂ ਸਿਰ ਹਿਲਾ ਹਿਲਾ ਕੇ ਝੂਮਦੇ ਰਹੇ ਪਰ ਸਾਡੀ ਪੇਂਡੂ ਮਿੱਤਰ-ਮੰਡਲੀ ਦੇ ਕੁੱਝ ਪੱਲੇ ਨਾ ਪਿਆ!

ਇਸ ਤੋਂ ਬਾਅਦ ਕਿਤੇ ਭਾਈਆ ਜੀ ਨੇ ਆਪਣੇ ਘਰੇ ਭੋਗ ਵੇਲੇ ਉਸਤਾਦ ਕੋਮਲ ਜੀ ਨੂੰ ਬੁਲਾਇਆ। ਨਾਲੇ ਉਹ ਰਾਹੋਂ ਵਾਲੇ ਸਨਾਤਨੀ ਸੱਜਣਾ ਨੂੰ ਵੀ ਸੱਦਾ ਦੇ ਆਏ ਅਖੇ 'ਸਾਡੇ ਰਾਗੀ' ਦਾ ਵੀ ਰਾਗ ਸੁਣਿਓਂ ਆ ਕੇ! ਕਹਿੰਦੇ ਸਾਡੇ ਘਰ ਵਾਲੇ ਸਮਾਗਮ ਵਿਚ ਕੀਰਤਨ ਸਮਾਪਤੀ ਉਪਰੰਤ ਸੰਗਤ ਵਿਚ ਬੈਠੇ ਰਾਹੋਂ ਵਾਲੇ ਸਨਾਤਨੀ ਵੀਰਾਂ ਨੂੰ ਭਾਈਆ ਜੀ ਨੇ ਕੋਮਲ ਜੀ ਦੀ ਗਾਇਕੀ ਬਾਰੇ ਪੁੱਛਿਆ ਤਾਂ ਉਹ ਮਾਯੂਸ ਜਿਹੇ ਹੋ ਕੇ ਕਹਿੰਦੇ-'ਗਿਆਨੀ ਜੀ ਰਾਗੀ ਤਾਂ ਇਹ ਸੁਰੀਲਾ ਐ ਪਰ 'ਉਹ ਗੱਲ' ਹੈ ਨਹੀਂ ਇਹਦੇ ਕੋਲ!'

ਭਾਈਆ ਜੀ ਫੁਰਤੀ ਨਾਲ ਉੱਠੇ ਤੇ ਹਾਰਮੋਨੀਅਮ ਬੰਨ੍ਹ ਰਹੇ ਅੱਖਾਂ ਤੋਂ ਹੀਣ (ਸੂਰਮੇ) ਕੋਮਲ ਸਾਹਿਬ ਦੇ ਕੰਨ ਵਿਚ ਜਾ ਕੇ ਦੱਸਿਆ ਕਿ ਉਸਤਾਦ ਜੀ ਸੰਗਤ ਵਿੱਚ ਬੈਠੇ ਕੁੱਝ ਸਨਾਤਨੀ ਸੱਜਣ ਤਾਂ ਆਹ ਗੱਲ ਕਹਿ ਰਹੇ ਨੇ!

ਉਸੇ ਵੇਲੇ ਕੋਮਲ ਸਾਹਬ ਨੇ ਦੁਬਾਰਾ ਵਾਜਾ ਖੋਲ੍ਹ ਲਿਆਤਬਲੇ ਵਾਲੇ ਤੋਂ ਹਥੌੜੀ ਲੈ ਕੇ ਤਬਲਾ ਖੁਦ ਕੱਸਿਆ। ਤਬਲੇ ਵਾਲੇ ਸੱਜਣ ਤੋਂ ਓਸ ਵੇਲੇ ਦਾ ਵਕਤ ਪੁੱਛਿਆ। ਅੱਧਾ ਕੁ ਘੰਟਾ ਉਨ੍ਹਾਂ 'ਸਮੇਂ ਦੇ ਰਾਗ' ਅਨੁਸਾਰ ਗਾਇਨ ਕੀਤਾ ਤਾਂ ਕਹਿੰਦੇ ਸਨਾਤਨੀ ਸੱਜਣ ਇਉਂ ਝੂਮਣ ਲੱਗੇ ਜਿਵੇਂ ਵੱਜਦੀ ਬੀਨ 'ਤੇ ਨਾਗ ਮੇਲ੍ਹਦਾ ਹੁੰਦਾ ਐ!

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦੀ ਮਹੱਤਤਾ ਬਾਰੇ ਗਿਆਨੀ ਮਸਕੀਨ ਜੀ ਕਿਹਾ ਕਰਦੇ ਸਨ ਕਿ ਗੁਰੂ ਸਾਹਿਬ ਨੇ ਇਕੱਤੀ ਰਾਗਾਂ ਵਿਚ ਲਿਖੀ ਹੋਈ ਬਾਣੀ ਦੇ ਇੱਕ ਇੱਕ ਸ਼ਬਦ ਅੱਗੇ ਪਹਿਲਾਂ ਰਾਗ ਦਾ ਨਾਮ ਲਿਖਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਸਮੇਂ ਹਰ ਨਵੇਂ ਰਾਗ ਦੇ ਅਰੰਭ ਵਿਚ ਇੱਕੋ ਵਾਰੀ ਰਾਗ ਦਾ ਨਾਮ ਲਿਖ ਕੇ ਵੀ ਇਹ ਹਦਾਇਤ ਲਿਖੀ ਜਾ ਸਕਦੀ ਸੀ ਕਿ ਅਗਲੇ ਸਾਰੇ ਸ਼ਬਦ 'ਏਸ ਰਾਗ' ਵਿਚ ਗਾਉਣੇ ਹਨ! ਗੁਰਮਤਿ ਸੰਗੀਤ ਦੇ ਜਾਣਕਾਰਾਂ ਅਨੁਸਾਰ ਗੁਰੂ ਪਾਤਸ਼ਾਹ ਨੇ ਅਜਿਹਾ ਇਸ ਲਈ ਨਹੀਂ ਕੀਤਾ ਹੋਵੇ ਗਾ ਮਤਾਂ ਸ਼ਬਦ ਗਾਇਨ ਕਰਨ ਵਾਲੇ ਰਾਗੀ ਜਨ, ਕਿਤੇ ਨਿਰਧਾਰਤ ਰਾਗਾਂ ਨੂੰ ਵਿਸਾਰ ਹੀ ਨਾ ਦੇਣ!

'ਕੀਰਤਨ ਵਿਚ ਰਾਗ ਦੀ ਥਾਂ ਸ਼ਬਦ ਪ੍ਰਧਾਨ ਰਹਿਣਾ ਚਾਹੀਦਾ ਹੈ। ਕੁੱਝ ਸ਼ਾਸਤਰੀ ਸੰਗੀਤ ਦੇ ਰਾਗੀ, ਜੋ ਰਾਗ, ਅਲਾਪ ਅਤੇ ਤਾਨਾਂ (ਸਰਗਮ) ਦਾ ਬਹੁਤ ਪ੍ਰਯੋਗ ਕਰਦੇ ਹਨ, ਸੰਗਤ ਵਿਚ ਬਹੁਤੇ ਪ੍ਰਵਾਨਿਤ ਨਹੀਂ ਹੁੰਦੇ...ਇਉਂ ਲਗਦਾ ਹੈ ਕਿ ਸਿੱਖ, ਵਾਜੇ ਤੇ ਢੋਲਕੀ ਛੈਣੇ ਵਜਾਉਣ ਵਾਲੇ ਹੀ ਬਣਨ ਵਿਚ ਰੁਚੀ ਲੈ ਰਹੇ ਹਨ। ਹਜ਼ਾਰਾਂ ਨੌਜਵਾਨ ਕੀਰਤਨ ਨੂੰ ਸੌਖਾ ਰੋਜ਼ਗਾਰ ਮੰਨ ਕੇ, ਚਾਰ ਕੁ ਤਰਜਾਂ ਤੇ ਚਾਰ ਕੁ ਮਨਘੜਤ ਸਾਖੀਆਂ ਸੁਣਾ-ਸੁਣਾ ਕੇ ਕੌਮ ਦੇ ਜੇਬ ਖਾਲੀ ਕਰਵਾਉਣ ਦੇ ਨਾਲ- ਨਾਲ ਕੌਮ ਦਾ ਦਿਮਾਗੀ ਦਿਵਾਲਾ ਕਢਾਉਣ ਦੇ ਰਾਹ ਵੀ ਤੁਰ ਪਏ ਹਨ।'-(ਗੁਰਮਤ ਨਿਰਣਯ-ਕੋਸ਼ ਸਫਾ-164 ਡਾ.ਗੁਰਸ਼ਰਨ ਸਿੰਘ)

ਖਿਮਾਂ ਸਹਿਤ ਹੁਣ ਗੱਲ ਕਰੀਏ ਅਜੋਕੇ ਕੀਰਤਨੀਏ ਰਾਗੀ ਸਿੰਘਾਂ ਦੀ ਜੋ ਕਿ ਪੁਰਾਤਨ ਕੀਰਤਨਸ਼ੈਲੀ ਨੂੰ ਪਿੱਠ ਦੇ ਕੇ ਮਨਮਰਜ਼ੀ ਦੀਆਂ 'ਸ਼ੈਲੀਆਂ' ਅਪਨਾ ਰਹੇ ਹਨ। ਗਿਣਤੀ ਦੇ ਕੁੱਝ ਕੁ ਰਾਗੀ ਸਿੰਘਾਂ ਨੂੰ ਛੱਡ ਕੇ ਬਹੁਤਾਤ ਜਥੇ ਇਸੇ ਰਾਹ ਪੈ ਗਏ ਹੋਏ ਹਨ। ਬੀਤੇ ਵਰ੍ਹੇ 2025 ਦੇ ਨੌਂ ਮਹੀਨੇ ਅਮਰੀਕਾ ਤੋਂ ਆਪਣੇ ਪਿੰਡ ਰਹਿਣ ਦੌਰਾਨ ਮੈਨੂੰ ਅਨੇਕਾਂ ਕੀਰਤਨ ਦਰਬਾਰ ਸਮਾਗਮਾਂ ਵਿਚ ਇਹ ਕੁੱਝ ਦੇਖ ਕੇ ਬੜੀ ਹੈਰਾਨੀ ਹੋਈ:-

-ਰਾਗੀ ਸਿੰਘਾਂ ਵਲੋਂ ਅਰੰਭਕ ਮੰਗਲਾਚਰਨ ਵਜੋਂ ਡੰਡਉਤ ਬੰਦਨਾਂ ਕਰਨ ਜਾਂ ਗਾਇਨ ਕੀਤੇ ਜਾਣ ਵਾਲੇ ਰਾਗ ਦੀ 'ਸ਼ਾਨ ਵਜਾਉਣ' ਦੀ ਥਾਂਹ ਕਿਸੇ ਲੋਕ-ਧੁਨ 'ਤੇ 'ਵਾਹਿਗੁਰੂ....ਵਾਹਿਗੁਰੂ' ਦਾ ਜਾਪ ਸ਼ੁਰੂ ਹੋ ਜਾਂਦਾ ਐ।



ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com

-ਅਰੰਭ ਵਿਚ ਪਹਿਲਾ ਸ਼ਬਦ ਨਿਰਧਾਰਤ ਰਾਗ ਵਿਚ ਗਾਉਣਾ ਤਕਰੀਬਨ ਬੰਦ ਹੀ ਹੋ ਗਿਆ!

-ਹਾਰਮੋਨੀਅਮ ਦੀਆਂ ਦੋ ਕੁ ਸੁਰਾਂ ਵਜਾ ਕੇ ਰਾਗੀ, ਸਾਊਂਡ ਵਾਲੇ ਸੱਜਣ ਨੂੰ 'ਤਾਂਹ 'ਠਾਂਹ ਹੱਥ ਕਰਦੇ ਹੋਏ ਇਸ਼ਾਰੇ 'ਤੇ ਇਸ਼ਾਰੇ ਹੀ ਕਰੀ ਜਾਂਦੇ ਹਨ।

-ਜਿਵੇਂ ਅਜੋਕੇ ਗਾਇਕ ਕਲਾਕਾਰ ਆਪਣੇ ਮਸ਼ਹੂਰ ਹੋਏ ਕਿਸੇ ਇਕ ਗੀਤ ਨੂੰ ਆਪਣੇ ਨਾਮ ਨਾਲ 'ਫੇਮ' ਵਜੋਂ ਜੋੜ ਲੈਂਦੇ ਹਨ, ਤਿਵੇਂ ਹੀ ਹੁਣ ਕਈ ਰਾਗੀ ਸਿੰਘ ਵੀ ਕਿਸੇ ਇਕ ਸ਼ਬਦ ਨੂੰ ਹਰ ਥਾਂਹ ਉਚੇਚਾ ਗਾਇਨ ਕਰਦੇ ਹਨ। ਹੋਰ ਤਾਂ ਹੋਰ ਹੁਣ ਸ੍ਰੀ ਦਰਬਾਰ ਸਾਹਿਬ ਦੇ ਕੁੱਝ ਰਾਗੀ ਸਿੰਘ ਵੀ ਉੱਥੇ ਹਰੇਕ ਡਿਊਟੀ ਵਿਚ ਅਜਿਹੇ ਇਕ ਸ਼ਬਦ ਦਾ ਗਾਇਨ ਜ਼ਰੂਰ ਕਰਦੇ ਹਨ।

-ਆਪਣੀ ਵਾਰੀ ਦੀ ਸਮਾਪਤੀ ਵੇਲੇ ਹਰੇਕ ਰਾਗੀ ਸਿੰਘ, ਸਮਾਗਮ ਆਯੋਜਿਤ ਕਰਤਾ ਕਮੇਟੀ ਦੇ ਪ੍ਰਧਾਨ/ਸਕੱਤਰਾਂ ਦੇ ਨਾਂ ਲੈ ਲੈ ਕੇ ਬੇਲੋੜੀਆਂ ਮਿਸਾਲਾਂ ਦਿੰਦਿਆਂ ਉਨ੍ਹਾਂ ਦੀ ਉਸਤਤਿ ਕਰਨ ਲੱਗ ਪੈਂਦੇ ਹਨ।

-ਨੀਲੇ, ਪੀਲੇ ਜਾਂ ਕਾਲੇ ਵਿਰਾਸਤੀ ਰੰਗਾਂ ਦੀ ਥਾਂਹ ਹੁਣ ਰਾਗੀ ਸਿੰਘਾਂ ਨੇ ਮਨਮਰਜ਼ੀ ਦੇ ਹੋਰ ਹੋਰ ਰੰਗਾਂ ਵਾਲੀਆਂ ਦਸਤਾਰਾਂ ਸਜਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਗੁਰਬਾਣੀ ਗਾਇਨ ਦਾ ਪ੍ਰਮੁੱਖ ਤੇ ਪ੍ਰਮਾਣੀਕ ਸੋਮਾਂ ਹੈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਹੁੰਦਾ ਗੁਰਬਾਣੀ ਕੀਰਤਨ। ਪਰ ਵਰਤਮਾਨ ਸਮੇਂ ਖੇਦ ਹੈ ਕਿ ਉੱਥੇ ਵੀ ਹਲਕੀਆਂ ਫੁਲਕੀਆਂ ਤਰਜਾਂ ਦਾ ਬੋਲ ਬਾਲਾ ਹੋ ਗਿਆ ਹੈ। ਬੇਸ਼ੱਕ ਉੱਥੇ ਵੱਖ-ਵੱਖ ਰਾਗਾਂ ਦੇ ਨਾਵਾਂ ਹੇਠ ਕੀਰਤਨ ਚੌਕੀਆਂ ਪ੍ਰਚੱਲਤ ਹਨ ਪਰ ਹੁਣ ਬਹੁਤੇ ਰਾਗੀ 'ਫਰਜ਼ ਪੂਰਾ' ਕਰਨ ਵਾਂਗ ਸਿਰਫ ਦੋ ਸਤਰਾਂ ਵਾਲੇ ਸਲੋਕ ਦਾ ਨਿਰਧਾਰਤ ਰਾਗ ਵਿਚ ਗਾਇਨ ਕਰਦੇ ਹਨ! ਸਨ ਸਤਵੰਜਾ 'ਚ ਜਨਮੇ ਇਨ੍ਹਾਂ ਸਤਰਾਂ ਦੇ ਲੇਖਕ ਨੇ ਉਹ ਸੁਨਹਿਰੀ ਸਮਾਂ ਵੀ ਦੇਖਿਆ ਹੋਇਆ ਹੈ ਜਦ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਸਿੰਘ ਜਦ ਕਿਤੇ ਬਾਹਰ ਪਿੰਡਾਂ ਸ਼ਹਿਰਾਂ ਵਿਚ ਕੀਰਤਨ ਕਰਨ ਜਾਂਦੇ ਹੁੰਦੇ ਸਨ ਤਾਂ ਉੱਥੇ ਵੀ ਇਸ ਪਾਵਨ ਅਸਥਾਨ ਦੀ ਵਿਲੱਖਣ ਕੀਰਤਨਸ਼ੈਲੀ ਅਨੁਸਾਰ ਸ਼ਬਦ ਗਾਇਨ ਕਰਕੇ ਸ੍ਰੀ ਦਰਬਾਰ ਸਾਹਿਬ ਵਰਗਾ ਮਾਹੌਲ ਹੀ ਸਿਰਜ ਦਿਆ ਕਰਦੇ ਸਨ। ਮੰਤਰ-ਮੁਗਧ ਹੋਏ ਸ੍ਰੋਤੇ ਉੱਥੇ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਹਾਜ਼ਰੀ ਭਰ ਰਹੇ ਮਹਿਸੂਸ ਕਰਦੇ ਹੁੰਦੇ ਸਨ।

ਉਸ ਦੌਰ ਵਿਚ ਸ੍ਰੋਤੀ ਸੰਗਤ, ਗਾਇਨ ਕੀਤੇ ਜਾ ਰਹੇ ਸ਼ਬਦ ਵਿਚ ਲੀਨ ਹੋਈ ਰਹਿੰਦੀ ਸੀ। ਕੋਈ ਵੀ ਕੀਰਤਨੀਆਂ, ਮੋਹਰੇ ਬੈਠੇ ਸ੍ਰੋਤਿਆਂ ਨੂੰ ਆਪਣੇ ਨਾਲ ਨਾਲ ਬੋਲਣ ਲਈ ਨਹੀਂ ਸੀ ਕਹਿੰਦਾ ਹੁੰਦਾ। ਪਰ ਹੁਣ ਲਗਭਗ ਸਾਰੇ ਰਾਗੀ, ਸ਼ਬਦ ਗਾਇਨ ਸ਼ੁਰੂ ਕਰਕੇ ਸੰਗਤ ਨੂੰ ਹੱਥ ਉਠਾ ਉਠਾ ਕੇ ਵਾਰ ਵਾਰ ਕਹੀ ਜਾਂਦੇ ਨੇ-

'ਗਾਉ ਜੀ.....ਹੋਰ ਉੱਚੀ ਬੋਲੋ...ਸੰਗਤ ਦੀ ਅਵਾਜ਼ ਨੀ ਆਈ!' ਅਜਿਹਾ ਕਰਦਿਆਂ ਕਈ ਵਾਰ ਉਹ ਗਾਏ ਜਾ ਰਹੇ ਸ਼ਬਦ ਵਿਚ ਹੀ 'ਜਪ ਲਉ ਜੀ.... ਗਾ ਲਉ ਜੀ!' ਇੰਜ ਗਾਉਂਦੇ ਹਨ ਜਿਵੇਂ ਕਿਤੇ ਇਹ 'ਜਪ ਲਉ-ਗਾ ਲਉ ਜੀ' ਵਾਲੀ 'ਹਦਾਇਤ' ਵੀ ਸ਼ਬਦ (ਗੁਰਬਾਣੀ)ਦਾ ਹੀ ਹਿੱਸਾ ਹੋਵੇ!

ਕਈ ਰਾਗੀ ਸਿੰਘ ਸ਼ਬਦ ਗਾਇਨ ਕਰਦਿਆਂ ਅੱਧੀ ਤੁਕ ਬੋਲ ਕੇ ਚੁੱਪ ਕਰ ਜਾਂਦੇ ਵੀ ਦੇਖੇ ਤਾਂ ਕਿ ਬਾਕੀ ਦੀ ਤੁਕ ਉਨ੍ਹਾਂ ਦੇ ਮਗਰ ਸੰਗਤ ਬੋਲੇ!

ਇਵੇਂ ਕਈ ਅਜੋਕੇ ਕੀਰਤਨੀਏਂ ਸ਼ਬਦ ਗਾਇਨ ਵਿਚਕਾਰ ਕਥਾ-ਵਿਆਖਿਆ ਦੇ ਨਾਂ 'ਤੇ ਲੰਮੀਆਂ ਸਾਖੀਆਂ ਸੁਣਾਈ ਜਾਂਦੇ ਹਨ! ਉਨ੍ਹਾਂ ਦੇ ਮਗਰੋਂ ਕਿਸੇ ਕਥਾ-ਵਾਚਕ ਨੇ ਸ਼ਬਦ-ਵੀਚਾਰ ਵੀ ਕਰਨੀ ਹੁੰਦੀ ਹੈ ਪਰ ਇਹ ਕੀਰਤਨੀਏਂ ਵੀਰ ਵਿਆਖਿਆ ਕਰਕੇ ਸ਼ਾਇਦ 'ਵਿਦਵਾਨ ਬੁਲਾਰੇ' ਹੋਣ ਦਾ ਸਵੈ-ਪ੍ਰਗਟਾਵਾ ਕਰਨ ਲੱਗ ਪੈਂਦੇ ਹਨ! ਭਾਵੇਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਬੰਗਲਾ ਸਾਹਿਬ ਦੇ ਵਿਦਵਾਨ ਹੈੱਡ ਗ੍ਰੰਥੀ ਭਾਈ ਰਣਜੀਤ ਸਿੰਘ ਜੀ ਦੀ ਹਦਾਇਤ ਅਨੁਸਾਰ ਗੁਰਬਾਣੀ ਕੀਰਤਨੀਏਂ ਰਾਗੀ ਸਿੰਘਾਂ ਉੱਤੇ ਸ਼ਬਦ ਕੀਰਤਨ ਦੌਰਾਨ 'ਵਾਹਿਗੁਰੂ.... ਵਾਹਿਗੁਰੂ' ਦਾ ਜਾਪ ਕਰਨ/ਕਰਾਉਣ ਉੱਤੇ ਰੋਕ ਲਾਈ ਹੋਈ ਹੈ ਪਰ ਹੁਣ ਕੁੱਝ ਕੁ ਵਿਰਲੇ ਰਾਗੀਆਂ ਨੂੰ ਛੱਡ ਕੇ ਬਹੁਤੇ ਰਾਗੀ ਇਸ ਹਦਾਇਤ ਨੂੰ ਅਣਡਿੱਠ ਕਰਕੇ ਸ਼ਬਦ ਦੇ ਵਿਚਕਾਰ ਹੀ ਕਿਸੇ ਪਾਪੂਲਰ ਜਿਹੇ ਫਿਲਮੀ ਗੀਤ ਦੀ ਤਰਜ਼ 'ਤੇ 'ਵਾਹਿਗੁਰੂ....ਵਾਹਿਗੁਰੂ' ਦੀ ਲੰਬੀ ਧੁਨ ਅਲਾਪੀ ਜਾਂਦੇ ਹਨ!

ਰਾਗੀ ਸਿੰਘਾਂ ਵਲੋਂ ਆਪੇ ਬਣਾਈ ਇਸ ਨਵੀਂ ਰੀਤ ਤੋਂ ਦੁਖੀ ਹੁੰਦਿਆਂ ਪ੍ਰਸਿੱਧ ਕੀਰਤਨੀਏਂ ਭਾਈ ਜਸਵੀਰ ਸਿੰਘ ਪਾਉਂਟਾ ਸਾਹਿਬ ਨੇ ਵੀ ਇਕ ਦਿਨ ਸੋਸ਼ਲ ਮੀਡੀਆ 'ਤੇ ਪੋਸਟ ਵਿੱਚ ਲਿਖਿਆ ਸੀ-

'ਹੁਣ ਇੱਥੇ ਇਸ ਤਰ੍ਹਾਂ ਦੇ ਕੀਰਤਨੀਏ, ਸਿਫਾਰਸ਼ੀ ਅਤੇ ਰਿਸ਼ਵਤਾਂ ਵਾਲੇ ਬਹੁਤੇ......... ਰਹਿ ਗਏ, ਜਿਨ੍ਹਾਂ ਨੂੰ ਡੰਡਉਤ ਅਤੇ ਮੰਗਲਾਚਰਨ ਵੀ ਕਰਨ ਦਾ ਟਾਈਮ ਨਹੀਂ ਦਿੰਦੀ ਸੰਗਤ..... ਰਾਗੀ ਤੋਂ ਪਹਿਲਾਂ 'ਵਾਹਿਗੁਰੂ ਵਾਹਿਗੁਰੂ' ਸ਼ੁਰੂ ਹੋ ਜਾਂਦਾ ਹੈ..... ਬੇੜੀ ਹੀ ਡੁਬੋ ਦਿਤੀ ਕੀਰਤਨ ਅਤੇ ਗੁਰਮਤਿ ਸੰਗੀਤ ਦੀ !'

ਗੁਰਬਾਣੀ ਕੀਰਤਨ ਨੂੰ ਸ਼ਾਂਤ-ਰਸ ਪ੍ਰਧਾਨ ਮੰਨਿਆਂ ਜਾਂਦਾ ਹੈ ਪਰ ਕਈ ਰਾਗੀ ਵੀਰ ਹੁਣ ਢਾਡੀ ਸਿੰਘਾਂ ਵਾਂਗ ਏਨੀਂ ਉੱਚੀ ਅਵਾਜ਼ ਵਿਚ 'ਗਰਜਦੇ' ਹਨ ਕਿ ਕੀਰਤਨ 'ਚੋਂ ਸ਼ਾਂਤ-ਰਸ ਗਾਇਬ ਹੀ ਹੋ ਜਾਂਦਾ ਹੈ। ਇਕ ਰਾਗੀ ਵੀਰ ਐਸਾ ਵੀ ਸੁਣਿਆਂ ਜਿਸਨੇ ਆਪਣਾ ਤਖੱਲਸ ਤਾਂ ਰੱਖਿਆ ਹੋਇਆ ਹੈ ਅੰਮ੍ਰਿਤ ਵੇਲੇ ਮਿੱਠਾ ਬੋਲਣ ਵਾਲੇ ਇਕ ਮਧੁਰ-ਕੰਠ ਪੰਛੀ ਦੇ ਨਾਂ ਵਾਲਾ ਪਰ ਉਹ ਉੱਚੀ ਗਾਇਨ ਕਰਨ ਵੇਲੇ ਸ੍ਰੋਤਿਆਂ ਦੇ 'ਕੰਨਾਂ ਦੇ ਕੀੜੇ' ਕੱਢ ਦਿੰਦਾ ਹੈ! ਉਸਦੀ ਬੇਹੱਦ ਉੱਚੀ ਅਵਾਜ਼ ਉੱਤੋਂ ਵੱਡੀਆਂ ਅਲਮਾਰੀਆਂ ਜਿੱਡੇ ਜਿੱਡੇ ਸਪੀਕਰਾਂ ਦੇ ਬਕਸੇ! ਹੇ ਵਾਹਿਗੁਰੂ...!!

ਅੰਤਿਕਾ:-ਸ਼੍ਰੋਮਣੀ ਕਮੇਟੀ ਲਈ ਸ਼ਲਾਘਾ ਅਤੇ ਸਵਾਲ !

ਪੰਜਾਬ ਵਿਖੇ ਕੀਰਤਨ ਦਰਬਾਰਾਂ ਵਿਚ ਹਾਜਰੀ ਭਰਦਿਆਂ ਜਾਂ ਕਿਤੇ ਹੋਰ ਦੂਰ ਨੇੜੇ ਹੋ ਰਹੇ 'ਲਾਈਵ' ਸਮਾਗਮ ਦੇਖਦਿਆਂ ਭਾਵੇਂ ਵਿਰਾਸਤ ਤੋਂ ਉਲਟ ਵਰਤਾਰਾ ਦੇਖ ਦੇਖ ਕੇ ਮੈਂ ਹੈਰਾਨ ਤਾਂ ਬਹੁਤ ਹੁੰਦਾ ਰਿਹਾ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੇਰੇ ਉਪਰੋਕਤ ਸਾਰੇ ਉਲਾਂਭੇ ਲਾਹ ਸੁੱਟੇ! ਹੋਇਆ ਇੰਜ ਕਿ ਮੇਰੀ ਅਮਰੀਕਾ ਦੀ ਵਾਪਸੀ ਨੇੜੇ ਅਕਤੂਬਰ 2025 ਵਿਚ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਤਿੰਨ ਕੀਰਤਨ ਦਰਬਾਰ ਆਯੋਜਿਤ ਹੋਏ! ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਆਯੋਜਿਤ ਹੋਏ ਇਨ੍ਹਾਂ ਸਮਾਗਮਾਂ ਵਿਖੇ ਵੱਖ ਵੱਖ ਕੀਰਤਨੀ ਜਥਿਆਂ ਨੇ ਇਕੱਤੀ ਰਾਗਾਂ ਵਿਚ ਸ਼ਬਦ ਕੀਰਤਨ ਦੀ ਛਹਿਬਰ ਲਾਈ! ਜਿਸ ਵਿਚ ਹਜ਼ੂਰੀ ਰਾਗੀ ਜਥਿਆਂ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਨਿਪੁੰਨ ਹੋਰ ਕਈ ਰਾਗੀ ਸਿੰਘਾਂ ਨੇ ਨਿਰਧਾਰਤ ਰਾਗਾਂ ਵਿਚ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਸ਼ਰਸ਼ਾਰ ਕੀਤਾ। ਨਾ ਕਿਸੇ ਰਾਗੀ ਨੇ ਸ਼ਬਦ ਗਾਇਨ ਵਿਚਕਾਰ 'ਕਥਾ ਕੀਤੀ' ਅਤੇ ਨਾ ਹੀ 'ਵਾਹਿਗੁਰੂ... ਵਾਹਿਗੁਰੂ' ਦਾ ਜਾਪ ਕਰਾਇਆ! ਇੱਥੇ ਤੰਤੀ ਸਾਜਾਂ ਦੀ ਵੀ ਭਰਪੂਰ ਵਰਤੋਂ ਹੋਈ! ਗਈ ਰਾਤ ਤੱਕ ਇਹ ਤਿੰਨੋਂ ਕੀਰਤਨ ਦਰਬਾਰ ਸ਼ਰਧਾ ਸਤਿਕਾਰ ਨਾਲ 'ਲਾਈਵ ਟੈਲੀਕਾਸਟ' ਸਰਵਣ ਕਰਦਿਆਂ ਮੇਰੇ ਮਨ ਵਿਚ ਸ਼੍ਰੋਮਣੀ ਕਮੇਟੀ ਲਈ ਭਰਵੀਂ ਸ਼ਲਾਘਾ ਦੇ ਨਾਲ ਨਾਲ ਇਹ ਸਵਾਲ ਵੀ ਪੈਦਾ ਹੋਇਆ ਕਿ ਮੰਜੀ ਸਾਹਿਬ ਦੇ ਇਨ੍ਹਾਂ ਕੀਰਤਨ ਸਮਾਗਮਾਂ ਵਾਂਗ ਹੀ ਕੀਰਤਨ ਕਰਨ ਵਾਸਤੇ ਉਹ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀਆਂ ਸਮੇਤ ਸਾਰੇ ਗੁਰਬਾਣੀ ਕੀਰਤਨੀਆਂ ਨੂੰ ਆਦੇਸ਼ ਕਿਉਂ ਨਹੀਂ ਕਰਦੇ ਕਿ ਭਾਈ ਸਿੱਖੋ ਸਥਾਪਤ ਰਵਾਇਤਾਂ ਨੂੰ ਪਿੱਠ ਦੇ ਕੇ ਮਨਮਰਜ਼ੀਆਂ ਨਾ ਕਰੋ!

# ਮਹਾਰਾਜਾ ਰਣਜੀਤ ਸਿੰਘ ਦੇ ਕੁਨਬੇ ਦਾ ਫ਼ਰਜ਼ੰਦ ਕੰਵਰ ਸ਼ਾਹਦੇਵ ਸਿੰਘ

ਮਹਾਰਾਜਾ ਸ਼ੇਰ ਸਿੰਘ ਨੇ ਰਾਜਗੱਦੀ 'ਤੇ ਬੈਠਣ ਪਿੱਛੋਂ 1842 ਵਿਚ ਕਾਂਗੜਾ ਜ਼ਿਲ੍ਹੇ ਦੇ ਲੰਬਾਗਰਾਉਂ ਨੇੜਲੇ ਇਕ ਪਹਾੜੀ ਰਾਜਪੂਤ ਪਰਿਵਾਰ ਵਿਚ ਵਿਆਹ ਕਰਵਾਇਆ। ਉਸ ਦੀ ਇਸ ਪਤਨੀ ਨੂੰ ਰਾਣੀ ਦੱਖਨੋਂ ਕਿਹਾ ਜਾਂਦਾ ਸੀ। ਰਾਣੀ ਦੱਖਨੋਂ ਨੇ 14 ਮਈ 1843 ਨੂੰ ਇਕ ਲੜਕੇ ਨੂੰ ਜਨਮ ਦਿੱਤਾ, ਜਿਸ ਦਾ ਨਾਂਅ ਸ਼ਾਹਦੇਵ ਸਿੰਘ ਰੱਖਿਆ ਗਿਆ। ਜਦੋਂ 15 ਸਤੰਬਰ ਨੂੰ ਮਹਾਰਾਜਾ ਸ਼ੇਰ ਸਿੰਘ ਦਾ ਕਤਲ ਹੋਇਆ, ਉਦੋਂ ਸ਼ਾਹਦੇਵ ਸਿੰਘ ਦੀ ਉਮਰ ਕੇਵਲ ਚਾਰ ਮਹੀਨੇ ਸੀ।

ਇਸ ਪਿੱਛੋਂ ਸਿੱਖਾਂ ਤੇ ਅੰਗਰੇਜ਼ਾਂ ਦਰਮਿਆਨ ਦੋ ਯੁੱਧ ਹੋਏ, ਦੋਵਾਂ ਵਿਚ ਜਿੱਤ ਅੰਗਰੇਜ਼ ਦੀ ਹੋਈ। 1845-46 ਵਿਚ ਹੋਏ ਪਹਿਲੇ ਯੁੱਧ ਦੇ ਨਤੀਜੇ ਵਜੋਂ ਮਹਾਰਾਜਾ ਦਲੀਪ ਸਿੰਘ ਦੇ ਸਿਰ 'ਤੇ ਅੰਗਰੇਜ਼ ਰੈਜ਼ੀਡੈਂਟ ਬੈਠ ਗਿਆ ਤੇ 1849 ਵਿਚ ਹੋਏ ਦੂਜੇ ਯੁੱਧ ਪਿੱਛੋਂ ਕੰਪਨੀ ਨੇ ਪੰਜਾਬ ਰਾਜ ਨੂੰ ਆਪਣੀ ਸਲਤਨਤ ਦਾ ਹਿੱਸਾ ਬਣਾ ਲਿਆ। ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਪੰਜਾਬੀਆਂ ਨੂੰ ਆਪਣੇ ਰਾਜ ਦੀ ਯਾਦ ਦੁਆਉਣ ਵਾਲੇ ਖ਼ਾਲਸਾ ਰਾਜ ਦੇ ਆਖ਼ਰੀ ਮਹਾਰਾਜੇ, ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਤੋਂ ਬਾਹਰ ਭੇਜਣ ਦੀ ਯੋਜਨਾ ਬਣਾਈ। ਸ਼ਾਹੀ ਕੁਰਸੀਨਾਮੇ ਅਨੁਸਾਰ ਮਹਾਰਾਜਾ ਦਲੀਪ ਸਿੰਘ ਪਿੱਛੋਂ ਲਾਹੌਰ ਦੀ ਰਾਜਗੱਦੀ ਦਾ ਦਾਅਵੇਦਾਰ ਮਹਾਰਾਜਾ ਸ਼ੇਰ ਸਿੰਘ ਦਾ ਬਾਲ ਪੁੱਤਰ ਸ਼ਾਹਦੇਵ ਸਿੰਘ ਬਣਦਾ ਸੀ। ਗਵਰਨਰ ਜਨਰਲ ਲਾਰਡ ਡਲਹੌਜ਼ੀ ਨਹੀਂ ਸੀ ਚਾਹੁੰਦਾ ਕਿ ਸਿੱਖ ਰਾਜ ਦਾ ਕੋਈ ਦਾਅਵੇਦਾਰ ਪੰਜਾਬ ਵਿਚ ਰਹੇ। ਸੋ ਕੰਪਨੀ ਸਰਕਾਰ ਵਿਚ ਸਕੱਤਰ ਮਿਸਟਰ ਹੈਨਰੀ ਇਲੀਅਟ ਨੇ ਪੰਜਾਬ ਦੇ ਪ੍ਰਬੰਧਕੀ ਬੋਰਡ ਨੂੰ ਗਵਰਨਰ ਜਨਰਲ ਦੀ ਇੱਛਾ ਦੱਸੀ ਤੇ ਹੁਕਮ ਦਿੱਤਾ ਕਿ ਦਲੀਪ ਸਿੰਘ ਦੇ ਨਾਲ ਹੀ ਸ਼ਾਹਦੇਵ ਸਿੰਘ ਨੂੰ ਪੰਜਾਬ ਤੋਂ ਬਾਹਰ ਭੇਜਿਆ ਜਾਵੇ। ਉਸ ਨੇ ਸਪੱਸ਼ਟ ਕੀਤਾ ਕਿ ਸ਼ਾਹਦੇਵ ਸਿੰਘ ਨੂੰ ਦਲੀਪ ਸਿੰਘ ਦਾ ਸਾਥੀ ਪਰ ਉਸ ਤੋਂ ਨੀਵੀਂ ਹੈਸੀਅਤ ਵਾਲਾ ਮੰਨਿਆ ਜਾਵੇ। ਇਸ ਮੁਤਾਬਿਕ ਮਹਾਰਾਜਾ ਦਲੀਪ ਸਿੰਘ ਦੇ ਨਾਲ ਬਾਲ ਕੰਵਰ ਸ਼ਾਹਦੇਵ ਸਿੰਘ ਨੂੰ ਵੀ ਪੰਜਾਬ ਤੋਂ ਦੂਰ ਉੱਤਰ-ਪੱਛਮੀ ਪ੍ਰਾਂਤ ਦੇ ਸ਼ਹਿਰ ਫ਼ਤਹਿਗੜ੍ਹ ਭੇਜ ਦਿੱਤਾ, ਜਿੱਥੇ ਉਹ 21 ਦਸੰਬਰ 1849 ਨੂੰ ਪਹੁੰਚੇ। ਲਾਰਡ ਡਲਹੌਜ਼ੀ ਦੀ ਸਪੱਸ਼ਟ ਹਦਾਇਤ ਸੀ ਕਿ ਉਨ੍ਹਾਂ ਨੂੰ ਆਪਣੇ ਨਾਲ ਕੋਈ ਨੌਕਰ ਲਿਜਾਣ ਦੀ ਆਗਿਆ ਦੇਣ ਦਾ ਕੋਈ ਕਾਰਨ ਨਹੀਂ ਬਣਦਾ। ਅੰਗਰੇਜ਼ ਸਰਕਾਰ ਨੇ ਉਨ੍ਹਾਂ ਨਾਲ ਸਰਕਾਰ ਦੇ ਵਫ਼ਾਦਾਰ ਨੌਕਰ ਭੇਜੇ, ਜਿਨ੍ਹਾਂ ਤੋਂ ਬਿਨਾਂ ਉਹ ਹੋਰ ਕਿਸੇ ਨੂੰ ਨਹੀਂ ਮਿਲ ਸਕਦੇ ਸਨ। ਗਵਰਨਰ ਜਨਰਲ ਦੀ ਸਪੱਸ਼ਟ ਹਦਾਇਤ ਦੇ ਬਾਵਜੂਦ ਸ਼ਾਹਦੇਵ ਸਿੰਘ ਦੀ ਮਾਤਾ ਰਾਣੀ ਦੱਖਨੋਂ ਉਨ੍ਹਾਂ ਦੇ ਨਾਲ ਸੀ। ਡਾ. ਲੌਗਿਨ ਜਿਸ ਨੇ ਆਪਣੀ ਨਿਗਰਾਨੀ ਹੇਠ ਇਨ੍ਹਾਂ ਨੂੰ ਰੱਖਣਾ ਸੀ, ਨੇ ਇਸ ਬਾਰੇ ਸਪੱਸ਼ਟੀਕਰਨ ਦਿੰਦਿਆਂ 6 ਫਰਵਰੀ 1850 ਨੂੰ ਗਵਰਨਰ ਜਨਰਲ ਨੂੰ ਲਿਖਿਆ ਕਿ ਸ਼ਾਹਜ਼ਾਦੇ ਦੀ ਨਿਆਣੀ ਉਮਰ ਤੇ ਉਸ ਨੂੰ ਪੰਜਾਬ ਤੋਂ ਬਾਹਰ ਭੇਜਣ ਦੇ ਅਚਨਚੇਤੀ ਹੁਕਮ ਕਾਰਨ ਉਸ ਨੂੰ ਹੋਣ ਵਾਲੀ ਨਾਮੁਨਾਸਬ ਦਿੱਕਤ ਤੋਂ ਬਚਾਉਣ ਲਈ ਬਾਲ ਸ਼ਾਹਜ਼ਾਦੇ ਨਾਲ ਉਸ ਦੀ ਮਾਤਾ ਨੂੰ ਲਿਜਾਣਾ ਮੁਨਾਸਬ ਸਮਝਿਆ ਹੈ, ਥੋੜ੍ਹੇ ਸਮੇਂ ਪਿੱਛੋਂ ਜਦ ਬਾਲ ਨਾਰੀ-ਸਹਾਇਕ ਤੋਂ ਬਿਨਾਂ ਰਹਿਣ ਦੇ ਯੋਗ ਹੋ ਗਿਆ ਤਾਂ ਰਾਣੀ ਨੂੰ ਇਸ ਗੱਲ ਨਾਲ ਸਹਿਮਤ ਕਰਨਾ ਸੌਖਾ ਹੋ ਜਾਵੇਗਾ ਕਿ ਉਹ ਬਾਲ ਨੂੰ ਮੇਰੀ ਸਪੁਰਦਗੀ ਵਿਚ ਛੱਡ ਕੇ ਆਪ ਕਾਂਗੜੇ ਆਪਣੇ ਪੇਕੇ ਪਰਿਵਾਰ ਕੋਲ ਚਲੀ ਜਾਵੇ।

ਮਹਾਰਾਜਾ ਦਲੀਪ ਸਿੰਘ ਨੂੰ ਮਈ 1854 ਵਿਚ ਇੰਗਲੈਂਡ ਭੇਜਣ ਤੋਂ ਪਹਿਲਾਂ ਮਹਾਰਾਜਾ ਦਲੀਪ ਸਿੰਘ ਤੇ ਕੰਵਰ ਸ਼ਾਹਦੇਵ ਸਿੰਘ ਲਗਭਗ ਸਾਢੇ ਚਾਰ ਸਾਲ ਇਕੱਠੇ ਰਹੇ। ਫ਼ਤਿਹਗੜ੍ਹ ਆਉਣ ਤੋਂ ਪਹਿਲਾਂ ਦੋਵੇਂ ਕਦੇ ਇਕੱਠੇ ਨਹੀਂ ਸਨ ਰਹੇ। ਇਸ ਲਈ ਫਤਿਗੜ੍ਹ ਵਿਚ ਸ਼ੁਰੂ ਵਿਚ ਦੋਵਾਂ ਵਿਚਾਲੇ ਝਿਜਕ ਰਹੀ ਪਰ ਫਿਰ ਉਹ ਖੁੱਲ੍ਹ ਗਏ। ਇਕੱਠੇ ਰਹਿਣ ਕਰਕੇ ਮਹਾਰਾਜਾ ਦਲੀਪ ਸਿੰਘ ਦੇ ਮਨ ਵਿਚ ਸ਼ਾਹਦੇਵ ਸਿੰਘ ਬਾਰੇ ਡੂੰਘਾ ਸਨੇਹ ਸੀ। ਬਾਲ ਸ਼ਾਹਦੇਵ ਸਿੰਘ ਵੀ ਦਲੀਪ ਸਿੰਘ ਨੂੰ ਦਿਲੋਂ ਪਿਆਰ ਕਰਦਾ ਸੀ। ਜਦ ਦਲੀਪ ਸਿੰਘ ਨੂੰ ਵਲੈਤ ਭੇਜਣ ਦੀ ਗੱਲ ਸ਼ੁਰੂ ਹੋਈ ਤਾਂ ਡਾ. ਲੌਗਿਨ ਜਿਸ ਦੀ ਸਪੁਰਦਗੀ ਵਿਚ ਦਲੀਪ ਸਿੰਘ ਨੂੰ ਛੱਡਿਆ ਹੋਇਆ ਸੀ, ਦੀ ਰਾਇ ਸੀ ਕਿ ਸ਼ਾਹਦੇਵ ਸਿੰਘ ਨੂੰ ਦਲੀਪ ਸਿੰਘ ਦੇ ਨਾਲ ਵਲੈਤ ਭੇਜ ਦਿੱਤਾ ਜਾਵੇ। ਉਸ ਨੇ ਗਵਰਨਰ ਜਨਰਲ ਨੂੰ ਦੋਵਾਂ ਦੇ ਆਪਸੀ ਸਨੇਹ ਬਾਰੇ ਦੱਸਦਿਆਂ ਲਿਖਿਆ ਕਿ ਜੇਕਰ ਗਵਰਨਰ ਜਨਰਲ ਦਲੀਪ ਸਿੰਘ ਦੇ ਨਾਲ ਸ਼ਾਹਦੇਵ ਸਿੰਘ ਨੂੰ ਵੀ ਵਲੈਤ ਭੇਜਿਆ ਜਾਣਾ ਉਚਿਤ ਸਮਝਣ ਤਾਂ ਉਹ ਸ਼ਾਹਦੇਵ ਸਿੰਘ ਦੀ ਮਾਤਾ ਤੋਂ ਇਸ ਬਾਰੇ ਸਹਿਮਤੀ ਲੈਣ ਦਾ ਯਤਨ ਕਰ ਸਕਦਾ ਹੈ। ਗਵਰਨਰ ਜਨਰਲ ਨੇ 31 ਅਗਸਤ 1853 ਨੂੰ ਜਵਾਬ ਦਿੱਤਾ ਕਿ ਅਜਿਹਾ ਦਲੀਪ ਸਿੰਘ 'ਤੇ ਨਿਰਭਰ ਕਰਦਾ ਹੈ ਪਰ ਨਿਆਣੀ ਉਮਰ ਕਾਰਨ ਉਹ ਅਜਿਹਾ ਕੀਤੇ ਜਾਣ ਦਾ ਕੋਈ ਲਾਭ ਲੈ ਸਕੇਗਾ, ਇਸ ਬਾਰੇ ਸ਼ੱਕ ਹੈ। ਉਸ ਨੇ ਆਪਣੀ ਰਾਇ ਸ਼ਾਹਦੇਵ ਸਿੰਘ ਨੂੰ ਵਲੈਤ ਨਾ ਭੇਜਣ ਵਿਚ ਦੱਸੀ ਪਰ ਦੋਵਾਂ ਨੂੰ ਇਕ-ਦੂਜੇ ਤੋਂ ਵੱਖ ਕਦੋਂ ਕੀਤਾ ਜਾਵੇ, ਇਸ ਬਾਰੇ ਫ਼ੈਸਲਾ ਨਾ ਲਏ



ਜਾਣ ਕਾਰਨ ਸ਼ਾਹਦੇਵ ਸਿੰਘ ਨੂੰ ਦਲੀਪ ਸਿੰਘ ਦੇ ਨਾਲ ਹੀ ਕਲਕੱਤੇ, ਜਿੱਥੋਂ ਦਲੀਪ ਸਿੰਘ ਨੂੰ ਵਲੈਤ ਜਾਣ ਲਈ ਸਮੁੰਦਰੀ ਜਹਾਜ਼ 'ਤੇ ਬਿਠਾਇਆ ਜਾਣਾ ਸੀ, ਲਿਜਾਇਆ ਗਿਆ। ਪੇਕੇ ਘਰ ਰਹਿ ਰਹੀ ਰਾਣੀ ਦੱਖਨੋਂ ਨੂੰ ਪਤਾ

**ਡਾ. ਗੁਰਦੇਵ ਸਿੰਘ ਸਿੱਧੂ**

ਲੱਗਾ ਤਾਂ ਉਸ ਨੇ ਸ਼ਾਹਦੇਵ ਸਿੰਘ ਨੂੰ ਵਲੈਤ ਲੈ ਕੇ ਜਾਣ ਦਾ ਵਿਰੋਧ ਕੀਤਾ। ਇਸ ਨਾਲ ਲਾਰਡ ਡਲਹੌਜ਼ੀ ਦੀ ਇੱਛਾ ਪੂਰੀ ਹੋ ਗਈ। ਸ਼ਾਹਦੇਵ ਸਿੰਘ ਦਾ ਮਾਮਾ ਉਸ ਨੂੰ ਕਲਕੱਤੇ ਤੋਂ ਵਾਪਸ ਕਾਂਗੜੇ ਨੇੜੇ ਆਪਣੇ ਟਿਕਾਣੇ ਲੈ ਗਿਆ। ਰਾਣੀ ਦੱਖਨੋਂ ਨੇ ਅੰਗਰੇਜ਼ ਸਰਕਾਰ ਤੋਂ ਆਪਣੇ ਪੁੱਤਰ ਸਮੇਤ ਪੰਜਾਬ ਵਿਚ ਰਹਿਣ ਦੀ ਆਗਿਆ ਮੰਗੀ ਤਾਂ ਪੰਜਾਬ ਸਰਕਾਰ ਨੇ ਸ਼ਰਤ ਲਾਈ ਕਿ ਰਾਣੀ ਆਪਣੇ ਪੁੱਤਰ ਵਲੋਂ ਪੰਜਾਬ ਦੀ ਰਾਜਗੱਦੀ 'ਤੇ ਦਾਅਵਾ ਨਾ ਕਰਨ ਬਾਰੇ ਲਿਖ ਕੇ ਦੇਵੇ ਪਰ ਰਾਣੀ ਨੇ ਇਹ ਸ਼ਰਤ ਪ੍ਰਵਾਨ ਨਾ ਕੀਤੀ।

ਫਤਿਹਗੜ੍ਹ ਰਹਿੰਦਿਆਂ ਸ਼ਾਹਦੇਵ ਸਿੰਘ ਨੂੰ ਆਪਣੇ ਪਿਛੋਕੜ ਬਾਰੇ ਓਨੀ ਕੁ ਜਾਣਕਾਰੀ ਮਿਲੀ ਜਿੰਨੀ ਕੁ ਦਲੀਪ ਸਿੰਘ ਉਸ ਨੂੰ ਦੇ ਸਕਦਾ ਸੀ। ਨਾਨਕੇ ਘਰ ਆਪਣੀ ਮਾਂ ਨਾਲ ਰਹਿੰਦਿਆਂ ਉਸ ਨੂੰ ਆਪਣੇ ਵਿਰਸੇ ਦੀ ਸੋਝੀ ਹੋਈ ਤਾਂ ਉਸ ਨੂੰ ਆਪਣੇ ਨਾਲ ਹੋਇਆ ਧੱਕਾ ਰੜਕਣ ਲੱਗਾ। ਉਸ ਨੇ ਮੁਕੇਰੀਆਂ ਤੇ ਬਟਾਲਾ ਇਲਾਕੇ ਵਿਚ ਆਪਣੇ ਪਿਤਾ ਦੀ ਨਿੱਜੀ ਜਾਇਦਾਦ ਜੋ ਸਰਕਾਰ ਨੇ ਜ਼ਬਤ ਕਰ ਲਈ ਸੀ, ਉਸ ਨੂੰ ਵਾਪਸ ਦੇਣ ਲਈ ਲਿਖਣਾ ਸ਼ੁਰੂ ਕੀਤਾ। 1859 ਵਿਚ ਬਰਤਾਨਵੀ ਸਰਕਾਰ ਨੇ ਉਸ ਨੂੰ ਜੱਦੀ ਜਾਇਦਾਦ ਦੇ ਇਵਜ਼ ਵਿਚ ਉੱਤਰ-ਪੱਛਮੀ ਪ੍ਰਾਂਤ ਦੀ ਰਾਇ ਬਰੇਲੀ ਡਿਵੀਜ਼ਨ ਵਿਚ ਰਾਇ ਬਰੇਲੀ ਸ਼ਹਿਰ ਦੀਆਂ ਤਿੰਨ ਪੱਤੀਆਂ ਅਤੇ ਪੰਡਰੀ, ਗਨੇਸ਼ਪੁਰ, ਗੋਕਲਪੁਰ ਆਦਿ 18 ਪਿੰਡਾਂ 'ਤੇ ਆਧਾਰਿਤ ਮਿਲਖ ਜਿਸ ਦੀ ਸਾਲਾਨਾ ਆਮਦਨੀ 8,000 ਰੁਪਏ ਸੀ, ਦੇ ਦਿੱਤੀ। ਆਪਣੀ ਮਿਲਖ ਦੇ ਨੇੜੇ ਆਉਣ ਲਈ ਉਸ ਨੇ ਆਪਣੀ ਰਿਹਾਇਸ਼ ਰਾਇ ਬਰੇਲੀ ਸ਼ਹਿਰ ਵਿਚ ਕੀਤੀ। ਅਪ੍ਰੈਲ 1860 ਵਿਚ ਉਸ ਦਾ ਵਿਆਹ ਸਤਲੁਜ ਤੋਂ ਪੂਰਬ ਵੱਲ ਦੇ ਸਿੱਖ ਸਰਦਾਰਾਂ 'ਚੋਂ ਇਕ ਸ਼ਾਮਗੜ੍ਹ ਦੇ ਜਾਗੀਰਦਾਰ ਪਰਿਵਾਰ ਸ. ਫਤਿਹ ਸਿੰਘ ਦੀ ਧੀ ਸੂਰਜ ਕੌਰ ਨਾਲ ਹੋਇਆ। ਸ਼ਾਮਗੜ੍ਹੀਆਂ ਨੇ ਸੂਰਜ ਕੌਰ ਨੂੰ ਦਾਜ ਵਿਚ ਤਿੰਨ ਪਿੰਡ ਸਾਗਾ, ਕੁਰਕ ਤੇ ਜਟਪੁਰਾ ਦਿੱਤੇ। ਵਿਆਹ ਪਿੱਛੋਂ ਸ਼ਾਹਦੇਵ ਸਿੰਘ ਨੇ ਰਾਇ ਬਰੇਲੀ ਦੀ ਥਾਂ ਆਪਣੀ ਮਿਲਖ 'ਤੇ ਰਹਿਣਾ ਚਾਹਿਆ ਤਾਂ ਸਰਕਾਰ ਨੇ 1861 ਵਿਚ ਉਸ ਨੂੰ ਅਜਿਹਾ ਕਰਨ ਦੀ ਆਗਿਆ ਦੇ ਦਿੱਤੀ ਪਰ ਸ਼ਰਤ ਲਾਈ ਕਿ ਉਹ ਡਿਵੀਜ਼ਨ ਤੋਂ ਬਾਹਰ ਡਿਵੀਜ਼ਨਲ ਕਮਿਸ਼ਨਰ ਦੀ ਆਗਿਆ ਲੈ ਕੇ ਹੀ ਜਾਵੇਗਾ। 1861 ਵਿਚ ਆਪਣੀ ਮਾਤਾ ਨੂੰ ਆਪਣੇ ਨਾਲ ਵਲੈਤ ਲਿਜਾਣ ਵਾਸਤੇ ਹਿੰਦੁਸਤਾਨ ਆਇਆ ਮਹਾਰਾਜਾ ਦਲੀਪ ਸਿੰਘ ਕਲਕੱਤੇ ਰੁਕਿਆ ਹੋਇਆ ਸੀ। ਇਨ੍ਹੀਂ ਦਿਨੀਂ ਸ਼ਾਹਦੇਵ ਸਿੰਘ ਵੀ ਸੈਰ-ਸਪਾਟੇ ਲਈ ਕਲਕੱਤੇ 'ਚ ਹੀ ਸੀ। ਚਾਚੇ-ਭਤੀਜੇ ਦੀ ਇੱਥੇ ਫਿਰ ਮੁਲਾਕਾਤ ਹੋਈ। ਦਲੀਪ ਸਿੰਘ ਨੂੰ ਉਹ ਗੱਲ ਦੀ ਪਕੜ ਕਰਨ ਵਾਲਾ ਸੂਝਵਾਨ ਪਰ ਦੇਸੀ ਚੱਜ-ਆਚਾਰ ਵਾਲਾ ਨੌਜਵਾਨ ਜਾਪਿਆ।


ਸ਼ਾਹਦੇਵ ਸਿੰਘ ਨੂੰ ਆਪਣੀ ਮਿਲਖ ਤੋਂ ਹੋਣ ਵਾਲੀ ਆਮਦਨ ਨਾਲ ਗੁਜ਼ਾਰਾ ਕਰਨਾ ਔਖਾ ਹੋ ਗਿਆ ਤਾਂ ਉਸ ਨੇ ਕਰਜ਼ ਲੈਣਾ ਸ਼ੁਰੂ ਕੀਤਾ। ਉਹ ਆਪਣੀ ਜੱਦੀ ਜਾਇਦਾਦ ਦੀ ਬਹਾਲੀ ਬਾਰੇ ਸਰਕਾਰ ਨਾਲ ਲਗਾਤਾਰ ਲਿਖਾ-ਪੜ੍ਹੀ ਕਰ ਰਿਹਾ ਸੀ। ਨਤੀਜੇ ਵਜੋਂ ਲੰਦਨ ਸਥਿਤ ਵਜ਼ੀਰ-ਹਿੰਦ ਨੇ 1865 ਵਿਚ ਉਸ ਨੂੰ ਤਾਉਮਰ 10 ਹਜ਼ਾਰ ਰੁਪਏ ਸਾਲਾਨਾ ਪੈਨਸ਼ਨ ਮਨਜ਼ੂਰ ਕੀਤੀ।

ਇਨ੍ਹੀਂ ਦਿਨੀਂ ਸ਼ਾਹਦੇਵ ਸਿੰਘ ਦਾ ਫੇਰਾ-ਤੋਰਾ ਅਸਧਾਰਨ ਨਾਲੋਂ ਵੱਧ ਸੀ। ਉਹ ਅਕਸਰ ਹੀ ਲਖਨਊ ਜਾਂਦਾ ਸੀ। ਭਾਵੇਂ ਉਹ ਆਪਣੇ 'ਤੇ ਲੱਗੀ ਸ਼ਰਤ ਦੀ ਪਾਲਣਾ ਕਰ ਰਿਹਾ ਸੀ ਪਰ ਉਸ ਦੇ ਅਕਸਰ ਹੀ ਆਪਣੇ ਸ਼ਹਿਰ ਤੋਂ ਬਾਹਰ ਰਹਿਣ ਨੇ ਡਿਵੀਜ਼ਨਲ ਕਮਿਸ਼ਨਰ ਦੇ ਮਨ 'ਚ ਕਈ ਪ੍ਰਕਾਰ ਦੇ ਸ਼ੰਕੇ ਪੈਦਾ ਕਰ ਦਿੱਤੇ। ਉਸ ਨੇ ਸ਼ਾਹਦੇਵ ਸਿੰਘ ਦੇ ਹਵਾਲੇ ਨਾਲ ਆਪਣੇ ਪੱਤਰ ਨੰ: 1412 ਮਿਤੀ 9 ਜੂਨ 1876 ਦੁਆਰਾ ਉੱਤਰ-ਪੱਛਮੀ ਪ੍ਰਾਂਤਾਂ ਅਤੇ ਅਵਧ ਦੇ ਮਾਲੀਆ ਸਕੱਤਰ ਨੂੰ ਦੋ ਪੁੱਛਾਂ ਕੀਤੀਆਂ। ਪਹਿਲੀ ਪੁੱਛ ਇਹ ਸੀ ਕਿ ਸ਼ਾਹਦੇਵ ਸਿੰਘ ਦੇ ਪ੍ਰਾਂਤ ਦੇ ਅੰਦਰ ਤੇ ਬਾਹਰ ਜਾਣ ਮੌਕੇ ਸਥਾਨਕ ਅਧਿਕਾਰੀਆਂ ਦੁਆਰਾ ਉਸ 'ਤੇ ਕਿੰਨੀ ਨਿਗਰਾਨੀ ਰੱਖੀ ਜਾਵੇ? ਦੂਜੀ, ਉਸ ਦੇ ਸਿਰ ਸਰਕਾਰ ਦੇ ਕਰਜ਼ੇ ਦੀ ਸਥਿਤੀ ਕੀ ਹੈ ਤੇ ਇਸ ਬਾਰੇ ਹੁਕਮ ਜਾਰੀ ਕੀਤੇ ਜਾਣ। ਹਿੰਦੁਸਤਾਨ ਸਰਕਾਰ ਨੇ ਸ਼ਾਹਦੇਵ ਸਿੰਘ ਨੂੰ ਕਰਜ਼ ਉਤਾਰਨ ਵਾਸਤੇ ਸਾਢੇ ਤਿੰਨ ਲੱਖ ਰੁਪਏ ਦੀ ਰਾਸ਼ੀ ਦਿੱਤੀ ਤੇ ਇਸ ਦੇ ਇਵਜ਼ ਵਿਚ ਉਸ ਦੀ ਮਿਲਖ ਦਾ ਪ੍ਰਬੰਧ 'ਕੋਰਟ ਆਫ ਵਾਰਡਜ਼' ਦੇ ਹਵਾਲੇ ਕਰ ਦਿੱਤਾ ਪਰ ਪਹਿਲੀ ਪੁੱਛ ਦਾ ਕੋਈ ਉੱਤਰ ਨਾ ਦਿੱਤਾ। 10 ਅਕਤੂਬਰ 1876 ਨੂੰ ਸ਼ਾਹਦੇਵ ਸਿੰਘ ਵਲੋਂ ਡਿਵੀਜ਼ਨਲ ਕਮਿਸ਼ਨਰ ਤੋਂ ਲਖਨਊ ਜਾਣ ਦੀ ਆਗਿਆ ਮੰਗਣ 'ਤੇ ਉਸ ਨੇ ਆਨਾਕਾਨੀ ਕੀਤੀ ਜਿਸ ਦੇ ਪ੍ਰਤਿਕਰਮ ਵਿਚ ਸ਼ਾਹਦੇਵ ਸਿੰਘ ਨੇ ਉਸ ਦੇ ਇੱਧਰ-ਉੱਧਰ ਜਾਣ 'ਤੇ ਸਰਕਾਰ ਵਲੋਂ ਲਾਈਆਂ ਸ਼ਰਤਾਂ ਲਿਖਤੀ ਰੂਪ ਵਿਚ ਦੇਣ ਲਈ ਕਿਹਾ। ਡਿਵੀਜ਼ਨਲ ਕਮਿਸ਼ਨਰ ਨੇ ਸ਼ਾਹਦੇਵ ਸਿੰਘ ਤੋਂ ਤਾਂ ਇਹ ਕਹਿ ਕੇ ਖਹਿੜਾ ਛੁਡਾ ਲਿਆ ਕਿ ਉਹ ਉੱਚ ਅਧਿਕਾਰੀਆਂ ਦੀ ਪ੍ਰਵਾਨਗੀ ਬਿਨਾਂ ਸਰਕਾਰੀ ਪੱਤਰ ਦੀ ਨਕਲ ਉਸ ਨੂੰ ਨਹੀਂ ਦੇ ਸਕਦਾ ਪਰ ਉਸ ਨੇ ਪ੍ਰਾਂਤਕ ਸਰਕਾਰ ਤੋਂ ਆਪਣੇ ਪੱਤਰ ਦਾ ਤੁਰੰਤ ਜਵਾਬ ਮੰਗਿਆ। ਪ੍ਰਾਂਤਕ ਸਰਕਾਰ ਰਾਹੀਂ ਇਹ ਪੁੱਛ ਹਿੰਦੁਸਤਾਨ ਸਰਕਾਰ ਕੋਲ ਪਹੁੰਚੀ ਤਾਂ ਉਸ ਨੇ ਇਸ ਬਾਰੇ ਪੰਜਾਬ ਸਰਕਾਰ ਦੀ ਰਾਇ ਮੰਗ ਲਈ। ਹਿੰਦੁਸਤਾਨ ਸਰਕਾਰ ਵਲੋਂ ਲਿਖੇ ਪੱਤਰ ਨੰ: 1045-ਪੀ. ਮਿਤੀ 28 ਮਾਰਚ 1879 ਦੇ ਉੱਤਰ ਵਿਚ ਪੰਜਾਬ ਸਰਕਾਰ ਨੇ ਪੱਤਰ ਨੰ: 865 ਮਿਤੀ 14 ਅਪ੍ਰੈਲ 1879 ਦੁਆਰਾ ਲਿਖਿਆ ਕਿ ਸ਼ਾਹਦੇਵ ਸਿੰਘ ਹੋਰ ਭਾਵੇਂ ਕਿਧਰੇ ਜਾਵੇ ਪਰ ਉਸ ਨੂੰ ਪੰਜਾਬ ਆਉਣ ਤੋਂ ਮਨਾਹੀ ਕੀਤੀ ਜਾਵੇ। ਹਿੰਦੁਸਤਾਨ ਸਰਕਾਰ ਦੀ ਚਿੰਤਾ ਇਹ ਸੀ ਕਿ ਜੇ ਸ਼ਾਹਦੇਵ ਸਿੰਘ ਨੂੰ ਸਾਫ਼ ਤੌਰ 'ਤੇ ਪੰਜਾਬ ਵਿਚ ਜਾਣ ਤੋਂ ਮਨ੍ਹਾਂ ਕੀਤਾ ਗਿਆ ਤਾਂ ਇਸ ਨਾਲ ਉਸ ਦੇ ਮਨ ਵਿਚ ਆਪਣੀ ਰਾਜਸੀ ਅਹਿਮੀਅਤ ਦਾ ਅਹਿਸਾਸ ਉਪਜੇਗਾ। ਇਸ ਤੋਂ ਬਚਣ ਲਈ ਹਿੰਦੁਸਤਾਨ ਸਰਕਾਰ ਦੇ ਪੱਤਰ ਨੰ: 1145-ਜੇ.ਪੀ. ਮਿਤੀ 3 ਮਈ 1879 ਰਾਹੀ ਸ਼ਾਹਦੇਵ ਸਿੰਘ 'ਤੇ ਪਿਛਲੀ ਪਾਬੰਦੀ ਨੂੰ ਬਰਕਰਾਰ ਰੱਖਿਆ ਪਰ ਉਸ ਨੂੰ ਜ਼ਬਾਨੀ ਹਦਾਇਤ ਦਿੱਤੀ ਕਿ ਉਹ ਦਿੱਲੀ ਤੋਂ ਉੱਤਰ ਵੱਲ ਬਿਲਕੁਲ ਨਾ ਜਾਵੇ। ਲਗਭਗ ਦੋ ਦਹਾਕੇ ਇਸ ਮਨਾਹੀ ਦਾ ਸੰਤਾਪ ਭੋਗਦਿਆਂ ਆਪਣੇ ਪੁੱਤਰ ਬਾਸਦੇਵ ਸਿੰਘ ਤੇ ਵਿਧਵਾ ਸੂਰਜ ਕੌਰ ਨੂੰ ਪਿੱਛੇ ਛੱਡ ਕੇ ਕੰਵਰ ਸ਼ਾਹਦੇਵ ਸਿੰਘ 22 ਮਾਰਚ 1901 ਨੂੰ ਰਾਇ ਬਰੇਲੀ ਵਿਚ ਹੀ ਸੁਰਗਵਾਸ ਹੋ ਗਿਆ।

# ਦਸਮੇਸ਼ ਪਿਤਾ ਦੀ ਚਰਨ ਛੋਹ ਪ੍ਰਾਪਤ ਗੁ: ਸ੍ਰੀ ਮਾਣਕ ਟਬਰਾ ਸਾਹਿਬ ਪਾਤਸ਼ਾਹੀ ਦਸਵੀਂ

ਭੰਗਾਣੀ ਦੇ ਯੁੱਧ ਤੋਂ ਬਾਅਦ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਵਾਪਸੀ ਲਈ ਚਾਲੇ ਪਾਏ ਤਾਂ ਉਨ੍ਹਾਂ ਰਸਤੇ ਵਿਚ ਕਈ ਸਥਾਨਾਂ ਨੂੰ ਭਾਗ ਲਾਏ। ਵਾਪਸੀ ਸਮੇਂ ਗੁਰੂ ਜੀ ਨੇ ਪਾਉਂਟਾ ਸਾਹਿਬ ਤੋਂ ਨਾਹਨ, ਸਢੌਰਾ, ਲਾਹੜਪੁਰ, ਟੋਕਾ ਸਾਹਿਬ ਤੇ ਲਾਹਾ ਹੁੰਦੇ ਹੋਏ ਪਿੰਡ ਕਾਟਲਾ ਜਿਸ ਨੂੰ ਅੱਜ ਰਾਏਪੁਰ ਰਾਣੀ ਕਿਹਾ ਜਾਂਦਾ ਹੈ, ਦੇ ਬਾਹਰ ਚਰਨ ਪਾਏ ਅਤੇ ਇਸ ਧਰਤੀ ਨੂੰ ਪਵਿੱਤਰ ਕੀਤਾ। ਇਹ ਸਥਾਨ ਕਿਲ੍ਹਾ ਰਾਏਪੁਰ ਰਾਣੀ ਤੋਂ ਡੇਢ ਕਿਲੋਮੀਟਰ ਦੀ ਦੂਰੀ 'ਤੇ ਹੈ। ਉਸ ਸਮੇਂ ਰਾਏਪੁਰ ਰਾਣੀ ਵਿਖੇ ਰਾਜਾ ਰਾਓ ਪ੍ਰਿਥਵੀ ਸਿੰਘ ਦਾ ਵੱਡਾ ਕਿਲ੍ਹਾ ਸੀ ਤੇ ਉਸ ਦਾ ਨਾਲ ਲਗਦੇ 84 ਪਿੰਡਾਂ 'ਤੇ ਕਬਜ਼ਾ ਸੀ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਉਸ ਰਾਜੇ ਨੂੰ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ ਪਰ ਉਸ ਨੇ ਉਨ੍ਹਾਂ ਨੂੰ ਸਤਿਕਾਰ ਨਾ ਦਿੱਤਾ। ਪਰ ਉਸ ਰਾਜੇ ਦੀ ਰਾਣੀ ਨੂੰ ਗਿਆਨ ਹੋਇਆ ਕਿ ਗੁਰੂ ਜੀ ਪ੍ਰਭੂ ਦਾ ਰੂਪ ਹਨ ਤਾਂ ਉਹ ਉਨ੍ਹਾਂ ਨੂੰ ਕਿਲ੍ਹੇ ਵਿਚ ਆਉਣ ਲਈ ਬੇਨਤੀ ਕਰਨ ਸਬੰਧੀ ਗੁਰੂ ਜੀ ਕੋਲ ਗਈ ਪਰ ਗੁਰੂ ਜੀ ਨਹੀਂ ਆਏ। ਪਰ ਕਿਹਾ ਜਾਂਦਾ ਹੈ ਕਿ ਰਾਣੀ ਦੇ ਦੂਜੀ ਵਾਰ ਬੇਨਤੀ ਕਰਨ 'ਤੇ ਗੁਰੂ ਜੀ ਕਿਲ੍ਹੇ ਗਏ ਅਤੇ ਇਕ ਥੜ੍ਹੇ 'ਤੇ ਵਿਸ਼ਰਾਮ ਕੀਤਾ। ਇਸ ਸਥਾਨ ਅੱਜ ਵੀ ਬਹੁਤ ਵੱਡੇ ਬੋਹੜ ਦੇ ਰੁੱਖ ਹੇਠਾਂ ਸਥਿਤ ਹੈ। ਉਸ ਦੇ ਨਾਲ ਹੀ ਇਕ ਕਮਰੇ 'ਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ।

ਜਿੱਥੇ ਦਸਮੇਸ਼ ਪਿਤਾ ਨੇ ਪਿੰਡ ਦੇ ਬਾਹਰ ਠਹਿਰਾ ਕੀਤਾ ਸੀ, ਉੱਥੇ ਅੱਜ ਬਹੁਤ ਹੀ ਸ਼ਾਨਦਾਰ ਗੁਰਦੁਆਰਾ ਸ੍ਰੀ ਮਾਣਕ ਟਬਰਾ ਸਾਹਿਬ ਸੁਸ਼ੋਭਿਤ ਹੈ। ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਦੇ ਭਾਈ ਕ੍ਰਿਸ਼ਨ ਲਾਲ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦਾ ਕੈਂਪਸ ਬਹੁਤ ਵੱਡਾ ਤੇ ਰੁੱਖਾਂ ਨਾਲ ਘਿਰਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦੀ ਸ਼ਾਨਦਾਰ



ਇਮਾਰਤ ਦੇ ਸੱਜੇ ਪਾਸੇ ਸਾਹਿਬਜ਼ਾਦਾ ਬਾਬਾ

**ਬਹਾਦਰ ਸਿੰਘ ਗੋਸਲ**

ਅਜੀਤ ਸਿੰਘ ਨਿਵਾਸ ਸਥਾਨ ਬਣਾਇਆ ਹੈ, ਜੋ ਸੇਵਾਦਾਰ ਸਿੰਘਾਂ ਦੀ ਰਿਹਾਇਸ਼ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਖੱਬੇ ਪਾਸੇ ਇਕ ਬਹੁਤ ਵੱਡਾ ਲੰਗਰ ਹਾਲ ਹੈ। ਇਕ ਛੋਟਾ ਲੰਗਰ ਸਥਾਨ ਵੀ 24 ਘੰਟੇ ਲੰਗਰ ਦੀ ਸੇਵਾ ਲਈ ਬਣਾਇਆ ਗਿਆ ਹੈ।

ਗੁਰਦੁਆਰਾ ਸਾਹਿਬ ਦੀ ਇਤਿਹਾਸਕ ਮਹੱਤਤਾ ਅਤੇ ਰਮਣੀਕ ਸਥਾਨ ਹੋਣ ਕਰਕੇ ਸੰਗਤਾਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਹੈ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਇਹ ਅਸਥਾਨ ਜ਼ਿਲ੍ਹਾ ਪੰਚਕੂਲਾ ਵਿਚ ਤਹਿਸੀਲ ਰਾਇਪੁਰ ਰਾਣੀ ਵਿਖੇ ਸਥਿਤ ਹੈ ਅਤੇ ਇਹ ਗੁਰਦੁਆਰਾ ਸਾਹਿਬ ਪੰਚਕੂਲਾ-ਨਰਾਇਣ ਗੜ੍ਹ ਦੀ ਪੁਰਾਣੀ ਸੜਕ 'ਤੇ ਸੁਸ਼ੋਭਿਤ ਹੈ। ਇਸ ਸਥਾਨ ਤੋਂ ਹੀ ਗੁਰੂ ਜੀ ਅਗਲੀ ਯਾਤਰਾ ਲਈ ਨਾਢਾ ਸਾਹਿਬ ਬਾਉਲੀ ਸਾਹਿਬ ਅਤੇ ਨਾਭਾ ਸਾਹਿਬ ਦੇ ਸਥਾਨ ਤੋਂ ਹੁੰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਪਧਾਰੇ ਸਨ। ਗੁਰੂ ਜੀ ਦੇ ਇੱਥੇ ਪਹੁੰਚਣ ਸਦਕਾ ਰਾਜੇ ਦਾ ਕਿਲ੍ਹਾ ਜੋ ਅਜੋਕੇ ਨਗਰ ਦੇ ਅੰਦਰ ਸਥਿਤ ਹੈ, ਦੀ ਵੀ ਪ੍ਰਸਿੱਧੀ ਹੋ ਗਈ। ਗੁਰੂ ਘਰ ਦੇ ਇਕ ਸ਼ਰਧਾਲੂ ਰਾਜਕੁਮਾਰ ਨਾਮਦੇਵ ਜੋ ਕਿਲ੍ਹੇ ਦੇ ਕੋਲ ਹੀ ਰਹਿੰਦਾ ਹੈ, ਨੇ ਦੱਸਿਆ ਕਿ ਇਹ ਕਿਲ੍ਹਾ ਸਾਢੇ ਤਿੰਨ ਏਕੜ ਖੇਤਰ 'ਚ ਬਣਿਆ ਹੈ, ਜੋ ਰਾਜੇ ਪ੍ਰਿਥਵੀ ਸਿੰਘ ਦੇ ਵਾਰਸਾਂ ਦੀ ਨਿੱਜੀ ਜਾਇਦਾਦ ਹੈ ਪਰ ਇਹ ਕਿਲ੍ਹਾ ਗੁਰੂ ਪ੍ਰੇਮੀਆਂ ਲਈ ਸਦਾ ਖੁੱਲ੍ਹਾ ਰਹਿੰਦਾ ਹੈ ਪਰ ਇਹ ਬਿਨਾਂ ਕਿਸੇ ਦੇਖਭਾਲ ਦੇ ਖੰਡਰ ਬਣਦਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਸਦਕਾ ਹੀ ਰਾਣੀ ਨੂੰ ਰਾਏਪੁਰ ਦੀ ਰਾਣੀ ਦਾ ਦਰਜਾ ਦਿੱਤਾ ਗਿਆ ਸੀ। ਇਸ ਤਰ੍ਹਾਂ ਜਿਹੜੀਆਂ ਸੰਗਤਾਂ ਗੁਰਦੁਆਰਾ ਸਾਹਿਬ ਦੇ ਦਰਸ਼ਨ ਲਈ ਆਉਂਦੀਆਂ ਹਨ, ਉਹ ਕਿਲ੍ਹਾ ਦੇਖਣ ਲਈ ਵੀ ਪਹੁੰਚ ਜਾਂਦੀਆਂ ਹਨ।

## ਕੌਮਾਂਤਰੀ ਮਾਂ-ਬੋਲੀ ਦਿਹਾੜੇ ’ਤੇ ਵਿਸ਼ੇਸ਼

# ਸਾਡੀ ਸ਼ਾਨ, ਪਛਾਣ, ਮਾਣ ਤੇ ਜਿੰਦ-ਜਾਨ : ਪੰਜਾਬੀ

ਵਿਸ਼ਵ ਭਰ ’ਚ 21 ਫਰਵਰੀ ਨੂੰ ਲੋਕ ਮਾਂ ਬੋਲੀ ਦਿਹਾੜੇ ਵਜੋਂ ਮਨਾਉਂਦਿਆਂ, ਕੋਈ ਨਾ ਕੋਈ ਅਜਿਹਾ ਸੰਕਲਪ ਲੈਂਦੇ ਹਨ, ਜਿਸ ’ਤੇ ਸਾਲ ਭਰ ਕੰਮ ਕਰਕੇ ਉਹ ਆਪਣੀ ਬੋਲੀ ਨੂੰ ਪ੍ਰਫੁੱਲਤ ਕਰਨ ’ਚ ਬਣਦਾ ਹਿੱਸਾ ਪਾ ਸਕਣ। 21 ਫਰਵਰੀ ਦਾ ਆਲਮੀ ਮਾਂ-ਬੋਲੀ ਦਿਨ ਸਾਨੂੰ 1952 ਦੇ ਢਾਕਾ ਯੂਨੀਵਰਸਿਟੀ ਦੇ ਆਪਣੀ ਮਾਂ-ਬੋਲੀ ਬੰਗਲਾ ਨੂੰ ਪੂਰਬੀ ਪਾਕਿਸਤਾਨ ਦੀ ਕੌਮੀ ਬੋਲੀ ਬਣਾਉਣ ਦੀ ਮੰਗ ਕਰਦਿਆਂ ਸ਼ਹੀਦ ਹੋਏ ਵਿਦਿਆਰਥੀਆਂ ਅਬਦੁਸ ਸਲਾਮ, ਅਬੁਲ ਬਰਕਤ, ਰਫੀਕ ਉਦ-ਦੀਨ ਅਹਿਮਦ, ਅਬਦੁਲ ਜਬਾਰ ਤੇ ਸ਼ਫ਼ੀਉਰ ਰਹਿਮਾਨ ਅਤੇ ਸੈਂਕੜੇ ਫੱਟੜਾਂ ਦੀ ਯਾਦ ਦਿਵਾਉਂਦਾ ਹੈ। 21 ਫਰਵਰੀ 1972 ਨੂੰ ਬੰਗਲਾ ਦੇਸ਼ ਦੇ ਸੰਵਿਧਾਨ ਮੁਤਾਬਕ ਬੰਗਾਲੀ ਨੂੰ ਕੌਮੀ ਬੋਲੀ ਬਣਾਇਆ ਗਿਆ। ਬੰਗਲਾ ਦੇਸ਼ ਵਲੋਂ ਯੁਨੈਸਕੋ ਨੂੰ ਫੌਰਨ ਇਹ ਸੁਝਾਅ ਭੇਜਿਆ ਗਿਆ ਕਿ ਸਾਡੀ ਮਾਤ ਬੋਲੀ ਨੂੰ ਇਸ ਦਿਨ ਬਣਦਾ ਸਤਿਕਾਰ ਮਿਲਿਆ ਹੈ, ਇਸ ਲਈ ਇਸ ਦਿਨ ਨੂੰ ਕੌਮਾਂਤਰੀ ਮਾਂ ਬੋਲੀ ਦਿਨ ਵਜੋਂ ਮਨਾਇਆ ਜਾਵੇ। 17 ਨਵੰਬਰ 1999 ਨੂੰ ਜਨਰਲ ਕਾਨਫਰੰਸ ਵਿੱਚ ਯੁਨੈਸਕੋ ਵੱਲੋਂ, 21 ਫਰਵਰੀ ਨੂੰ ਮਾਂ ਬੋਲੀ ਦਿਨ ਵੱਜੋਂ ਮਨਾਉਣ ਦਾ ਸਮਰਥਨ ਦੇ ਦਿੱਤਾ ਗਿਆ। ਇਸ ਦਿਨ ਸੰਸਾਰ ਪੱਧਰ ’ਤੇ ਹਰ ਖਿੱਤੇ ਵਿੱਚ ਆਪਣੀ-ਆਪਣੀ ਮਾਂ ਬੋਲੀ ਪ੍ਰਤੀ ਸ਼ਰਧਾ ਤੇ ਸਨਮਾਨ ਵਜੋਂ ਇਹ ਦਿਹਾੜਾ ਮਨਾਇਆ ਜਾਂਦਾ ਹੈ। ਵਿਸ਼ਵ ਪੱਧਰ ’ਤੇ ਵੱਖ-ਵੱਖ ਦੇਸ਼ਾਂ ਦੇ ਲੋਕਾਂ ਦੁਆਰਾ ਅੱਜਕੱਲ੍ਹ ਲਗਭਗ 6500 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਜਿਨ੍ਹਾਂ ਬਾਰੇ ਯੂਨੈਸਕੋ ਨੇ ਰਿਪੋਰਟ ਜਾਰੀ ਕੀਤੀ ਹੈ। ਵਿਸ਼ਵ ਵਿੱਚ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਪੰਜਾਬੀ ਵੀ ਹੈ। ਇਹ 11ਵੇਂ ਸਥਾਨ ’ਤੇ ਆਉਂਦੀ ਹੈ। ਇੱਕ ਅੰਦਾਜ਼ੇ ਅਨੁਸਾਰ ਪੰਜਾਬੀ ਵਿਸ਼ਵ ਦੇ 15 ਕਰੋੜ ਤੋਂ ਵੱਧ ਲੋਕਾਂ ਵੱਲੋਂ ਬੋਲੀ ਜਾਣ ਵਾਲੀ ਭਾਸ਼ਾ ਹੈ।

ਕੈਨੇਡਾ ਵਿਚ ਪੰਜਾਬੀ ਬੋਲੀ ਦੀ ਚੜ੍ਹਦੀ ਕਲਾ ਦੀਆਂ ਮਿਸਾਲਾਂ ਪੰਜਾਬ ਦੀ ਧਰਤੀ ’ਤੇ ਵੀ ਦਿੱਤੀਆਂ ਜਾਂਦੀਆਂ ਹਨ। 8 ਜੁਲਾਈ 1994 ਵਾਲੇ ਦਿਨ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਖੇ, ਪੰਜਾਬੀ ਨੂੰ ਦੂਜੀ ਜ਼ੁਬਾਨ ਦਾ ਦਰਜਾ ਹਾਸਲ ਹੋਇਆ: ਕੈਨੇਡਾ ਵਸਦੇ ਪੰਜਾਬੀਆਂ ਅੰਦਰ ਮਾਂ-ਬੋਲੀ ਲਈ ਠਾਠਾਂ ਮਾਰਦੇ ਪਿਆਰ ਦੀ ਗੱਲ ਕਰਦਿਆਂ ਆਮ ਹੀ ਕਿਹਾ ਜਾਂਦਾ ਹੈ ਕਿ ਕੈਨੇਡਾ ਵਿਚ ‘ਦੂਜਾ ਪੰਜਾਬ’ ਵਸਦਾ ਹੈ। ਇਸ ਵਿਚ ਕੋਈ ਸ਼ੱਕ ਵੀ ਨਹੀਂ ਕਿ ਸੌ ਸਾਲ ਤੋਂ ਵੱਧ ਸਮੇਂ ਤੋਂ ਇਥੇ ਵਸੇ ਪੰਜਾਬੀਆਂ ਨੇ ਆਪਣੀ ਬੋਲੀ ਅਤੇ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੈ। ਇਥੋਂ ਦੇ ਕਈ ਸ਼ਹਿਰਾਂ ’ਚ ਪੰਜਾਬ ਤੋਂ ਘੁੰਮਣ ਆਇਆ ਪੰਜਾਬੀ ਜਦੋਂ ਘਰੋਂ ਬਾਹਰ ਨਿਕਲਦਾ ਹੈ, ਤਾਂ ਉਸ ਨੂੰ ਭੁਲੇਖਾ ਪੈਣ ਲੱਗ ਪੈਂਦਾ ਹੈ ਕਿ ਉਹ ਸ਼ਾਇਦ ਪੰਜਾਬ ਦੇ ਕਿਸੇ ਸ਼ਹਿਰ ’ਚ ਘੁੰਮ ਰਿਹਾ ਹੋਵੇ। ਪੰਜਾਬੀ ਵਿਚ ਲੱਗੇ ਸਾਈਨ ਬੋਰਡ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਕੈਨੇਡਾ ਵਿੱਚ ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਦੀ ਚੜ੍ਹਤ ਹੈ। ਮਾਂ-ਬੋਲੀ ਪੰਜਾਬੀ ਨਾਲੋਂ ਟੁੱਟੇ ਪੰਜਾਬੀ, ਆਪਣੀ ਬੋਲੀ ਨਾਲ ਕੈਨੇਡਾ ਆ ਕੇ ਕਿਵੇਂ ਜੁੜਦੇ ਹਨ, ਇਸ ਦੀ ਮਿਸਾਲ ਉੱਘੇ ਸਾਹਿਤਕਾਰ ਰਾਜਿੰਦਰ ਸਿੰਘ ਬੇਦੀ ਦੇ ਪੋਤਰੇ ਤੇ ਫ਼?ਲਮ ਨਿਰਮਾਤਾ ਨਰਿੰਦਰ ਬੇਦੀ ਦੇ ਪੁੱਤਰ, ਫਿਲਮ ਅਦਾਕਾਰ ਅਤੇ ਨਿਰਮਾਤਾ ਰਜਤ ਬੇਦੀ ਨੇ ਸਾਂਝੀ ਕੀਤੀ। ਉਸਨੇ ਕਿਹਾ ਕਿ ਬੰਬਈ ਵਿਚ ਰਹਿੰਦਿਆਂ ਉਹ ਪੰਜਾਬੀ ਨਹੀਂ ਸੀ ਬੋਲਦਾ, ਪਰ ਜਦੋਂ ਉਹ ਕੈਨੇਡਾ ਆਇਆ, ਤਾਂ ਇਥੇ ਆ ਕੇ ਨਾ ਸਿਰਫ਼ ਪੰਜਾਬੀ ਬੋਲਣ ਹੀ ਲੱਗਿਆ, ਸਗੋਂ ਪੰਜਾਬੀ ਫਿਲਮਾਂ ਵੱਲ ਵੀ ਉਤਸ਼ਾਹਤ ਹੋ ਗਿਆ। ਰਜਤ ਬੇਦੀ ਨੇ ਕਿਹਾ ਕਿ ਉਸ ਨੂੰ ਅਤੇ ਉਸ ਵਰਗੇ ਅਨੇਕਾਂ ਹੋਰਨਾਂ ਨੂੰ ਕੈਨੇਡਾ ਨੇ ਪੰਜਾਬ ਨਾਲ ਜੁੜਿਆ ਹੈ।

ਕੈਨੇਡਾ ਦੀਆਂ ਵੱਖ-ਵੱਖ ਸਮੇਂ ਦੀਆਂ ਮਰਦਮਸ਼ੁਮਾਰੀਆਂ ਦੇ ਅੰਕੜੇ ਇਥੇ ਪੰਜਾਬੀ ਦੀ ਤਰੱਕੀ ਦੀ ਗਵਾਹੀ ਭਰਦੇ ਹਨ। ਇਨ੍ਹਾਂ ਅਨੁਸਾਰ ਪਿਛਲੇ ਤਿੰਨ ਦਹਾਕਿਆਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕੈਨੇਡਾ ਦੀ ਕੁੱਲ ਗਿਣਤੀ ਦੇ ਹਿਸਾਬ ਨਾਲ 0.43 ਫ਼ੀਸਦੀ ਤੋਂ 2 ਫ਼ੀਸਦੀ ਦੇ ਨੇੜੇ ਜਾ ਪਹੁੰਚੀ ਹੈ। ਕੈਨੇਡਾ ਦੀ ਮੌਜੂਦਾ ਸਮੇਂ

ਡਾ. ਗੁਰਵਿੰਦਰ ਸਿੰਘ
604 825 1550



ਆਬਾਦੀ 4 ਕਰੋੜ 15 ਲੱਖ ਤੱਕ ਪਹੁੰਚ ਚੁੱਕੀ ਹੈ। ਜੇਕਰ ਕੈਨੇਡਾ ’ਚ ਪੰਜਾਬੀਆਂ ਵਲੋਂ ਆਪਣੀ ਮਾਂ-ਬੋਲੀ ਪੰਜਾਬੀ ਲਿਖਵਾਉਣ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਇਹ 1991 ਵਿਚ 113, 220 (0.43 ਫ਼ੀਸਦੀ), 1996 ਵਿਚ 201, 780 (0.70 ਫ਼ੀਸਦੀ), 2001 ਵਿਚ 271, 220 (0.90 ਫ਼ੀਸਦੀ), 2006 ਵਿਚ 367, 505 (1.18 ਫ਼ੀਸਦੀ), 2011 ਵਿਚ 459, 990 (1.30 ਫ਼ੀਸਦੀ) 2016 ਵਿਚ 543, 495 (1.7 ਫ਼ੀਸਦੀ) ਅਤੇ 2021 ਵਿਚ 763, 785 (2 ਫੀਸਦੀ) ਤੱਕ ਪਹੁੰਚ ਚੁੱਕੀ ਹੈ, ਜਦ ਕਿ ਅਗਲੀ ਮਰਦਮਸ਼ੁਮਾਰੀ 2026 ਵਿਚ ਹੋਵੇਗੀ।

ਮਰਦਮ ਸ਼ੁਮਾਰੀ ਦੇ ਇਕ ਹੋਰ ਵਰਗ ਅਨੁਸਾਰ ਘਰਾਂ ਵਿੱਚ ਬਹੁਤਾ ਸਮਾਂ ਪੰਜਾਬੀ ਬੋਲਣ ਵਾਲਿਆਂ ਦੀ 2021 ਦੀ ਮਰਦਮਸ਼ੁਮਾਰੀ ਦੌਰਾਨ ਗਿਣਤੀ 827,150 ਹੈ, ਜਦ ਕਿ ਕੈਨੇਡਾ ਦੀਆਂ ਨਾਨ-ਆਫੀਸ਼ੀਅਲ ਬੋਲੀਆਂ ਤੋਂ ਇਲਾਵਾ ਪੰਜਾਬੀ ਬੋਲੀ ਦੀ ਜਾਣਕਾਰੀ ਰੱਖਣ ਵਾਲਿਆਂ ਦੀ ਸੰਖਿਆ 942, 170 (2016 ਤੋਂ 41 ਗੁਣਾ ਵੱਧ) ਹੈ। 2021 ਦੀ ਮਰਦਮਸ਼ੁਮਾਰੀ ਅਨੁਸਾਰ ਕੈਨੇਡਾ ਵਿਚ ਪੰਜਾਬੀ ਬੋਲਣ ਵਾਲਿਆਂ ਵਿਚ ਪਹਿਲੇ ਨੰਬਰ ’ਤੇ ਉਨਟੈਰੀਉ ਪ੍ਰੋਵਿੰਸ (397, 865), ਦੂਜੇ ’ਤੇ ਬ੍ਰਿਟਿਸ਼ ਕਲੰਬੀਆ (315,000) ਅਤੇ ਤੀਜੀ ਨੰਬਰ ’ਤੇ ਐਲਬਰਟਾ (126,365) ਆਉਂਦਾ ਹੈ।

ਬੋਲੀ ਆਧਾਰਿਤ ਅੰਕੜਿਆਂ ਅਨੁਸਾਰ ਸੰਨ 2011 ਦੀ ਜਨਗਣਨਾ ਅਨੁਸਾਰ ਅੰਗਰੇਜ਼ੀ ਤੇ ਫਰੈਂਚ ਤੋਂ ਮਗਰੋਂ, ਇੰਮੀਗਰੈਂਟ ਭਾਈਚਾਰਿਆਂ ਦੀਆਂ ਮਾਂ-ਬੋਲੀਆਂ ਦੀ ਸੂਚੀ ’ਚ ਪੰਜਾਬੀ ਪਹਿਲੇ ਥਾਂ ’ਤੇ ਸੀ, ਭਾਵ ਕੁੱਲ ਮਿਲਾ ਕੇ ਤੀਜੇ ਸਥਾਨ ’ਤੇ ਸੀ। ਸੰਨ 2011 ਦੇ ਅੰਕੜਿਆਂ ਮੁਤਾਬਿਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 459, 990 ਸੀ, ਜਦ ਕਿ ਚੀਨੀ ਭਾਈਚਾਰੇ ਵਲੋਂ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ’ਚ ਕੈਂਟਨੀਜ਼ ਬੋਲਣ ਵਾਲੇ 388, 935 ਅਤੇ ਮੈਂਡਰੀਨ ਬੋਲਣ ਵਾਲੇ 255,160 ਸਨ। ਪੰਜ ਸਾਲਾਂ ਮਗਰੋਂ 2016 ਦੇ ਅੰਕੜਿਆਂ ਅਨੁਸਾਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 18.2 ਫ਼ੀਸਦੀ ਵਧਣ ਨਾਲ ਇਹ ਸੰਖਿਆ 543, 495 ਹੋ ਗਈ ਤੇ ਮਹਿਜ਼ 85,505 ਹੋਰ ਪੰਜਾਬੀਆਂ ਨੇ, ਪੰਜ ਸਾਲਾਂ ’ਚ ਮਾਂ-ਬੋਲੀ ਪੰਜਾਬੀ ਲਿਖਵਾਈ। ਦੂਜੇ ਪਾਸੇ ਮੈਂਡਰੀਨ ਬੋਲਣ ਵਾਲੇ 610,835 ਅਤੇ ਕੈਂਟਨੀਜ਼ ਬੋਲਣ ਵਾਲੇ 594,030 ਦੀ ਗਿਣਤੀ ਤੱਕ ਪਹੁੰਚ ਗਏ। ਇੰਜ ਪੰਜਾਬੀ ਬੋਲਣ ਵਾਲੇ ਤੀਜੇ ਥਾਂ ਤੋਂ ਪੰਜਵੇਂ ’ਤੇ ਆ ਡਿਗੇ, ਜਦ ਕਿ ਤੀਜੀ ਤੇ ਚੌਥੀ ਥਾਂ ਮੈਂਡਰੀਨ ਤੇ ਕੈਂਟਨੀਜ਼ ਨੇ ਲੈ ਲਈ।

21 ਮਈ 2021 ਦੀ ਮਰਦਮਸ਼ੁਮਾਰੀ ਦੀ ਗੱਲ ਕਰਦੇ ਹਾਂ, ਤਾਂ ਅੰਕੜਿਆਂ ਦੇ ਹਿਸਾਬ ਨਾਲ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 942,170 ਪੰਜਵੇਂ ਸਥਾਨ ’ਤੇ ਹੈ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਸ ਵਰਗ ਵਿਚ ਅੰਗਰੇਜ਼ੀ ਅਤੇ ਫਰੈਂਚ ਤੋਂ ਮਗਰੋਂ, ਤੀਜੇ ਨੰਬਰ ’ਤੇ ਸਪੈਨਿਸ਼ (1,171,450) ਅਤੇ ਚੌਥੇ ਨੰਬਰ ’ਤੇ ਮੈਂਡਰੀਨ ਚੀਨੀ ਬੋਲੀ (987, 300) ਹੈ।

ਅਸੀਂ ਕਹਿ ਸਕਦੇ ਹਾਂ ਕਿ ਜਿੱਥੇ ਕੈਨੇਡਾ ਵਿੱਚ ਪੰਜਾਬੀ ਬੋਲੀ ਦੀਆਂ ਵੱਡੀਆਂ ਪ੍ਰਾਪਤੀਆਂ ਹਨ, ਉਥੇ ਅਜੇ ਵੀ ਕਈ ਤਰ੍ਹਾਂ ਦੀਆਂ ਚੁਣੌਤੀਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਮਰਦਮਸ਼ੁਮਾਰੀ ਸਮੇਂ ਪੰਜਾਬੀਆਂ ਵਲੋਂ ਮਾਂ-ਬੋਲੀ ਲਿਖਵਾਉਣ ਲਈ ਉਤਸ਼ਾਹ ਅਜੇ ਵੀ ਓਨਾ ਨਹੀਂ, ਜਿੰਨਾ ਹੋਣਾ ਚਾਹੀਦਾ ਹੈ। ਕੈਨੇਡਾ ਵਿਚ ਘੱਟੋ-ਘੱਟ 5 ਲੱਖ ਤੋਂ ਵੱਧ ਗਿਣਤੀ ਵਿੱਚ ਅਜਿਹੇ ਹੋਰ ਪੰਜਾਬੀ ਵੀ ਵਸਦੇ ਹਨ, ਜਿਹੜੇ ਮਰਦਮਸ਼ੁਮਾਰੀ ਦੌਰਾਨ ਆਪਣੀ ਮਾਂ-ਬੋਲੀ ਪੰਜਾਬੀ ਨਹੀਂ ਲਿਖਵਾਉਂਦੇ ਜਾਂ ਮਰਦਮਸ਼ੁਮਾਰੀ ਵਿੱਚ ਮਾਂ- ਬੋਲੀ ਵਾਲੇ ਖਾਨੇ ਭਰਦੇ ਹੀ ਨਹੀ। ਇਥੇ ਦੱਸਣਯੋਗ ਹੈ ਕਿ ਕੈਨੇਡਾ ਵਿੱਚ ਆਏ ਸੈਲਾਨੀ, ਅੰਤਰਰਾਸ਼ਟਰੀ ਵਿਦਿਆਰਥੀ ਅਤੇ ਵਰਕ ਪਰਮਿਟ ਵਾਲੇ ਪੰਜਾਬੀ ਵੀ ਮਰਦਮ ਸ਼ੁਮਾਰੀ ਵਿਚ ਅਪਣੇ ਫ਼ਾਰਮਾਂ ਵਿਚ ਮਾਂ ਬੋਲੀ ਪੰਜਾਬੀ ਲਿਖ ਸਕਦੇ ਹਨ।

ਕੈਨੇਡਾ ਦੇ ਪੰਜਾਬੀ ਮੀਡੀਏ ਵਲੋਂ ਵਾਰ-ਵਾਰ ਪ੍ਰਚਾਰਨ ਦੇ ਬਾਵਜੂਦ, ਬਹੁਤ ਸਾਰੇ ਪੰਜਾਬੀ ਕਾਗਜ਼ਾਂ ’ਚ ਆਪਣੀ ਮਾਂ-ਬੋਲੀ ਲਿਖਵਾਉਣ ਤੋਂ ਹੀ ਘੇਸਲ ਮਾਰ ਜਾਂਦੇ ਹਨ। ਜੇ ਰੁਝਾਨ ਇਹੀ ਰਿਹਾ, ਤਾਂ 2026 ਦੀ ਮਰਦਮਸ਼ੁਮਾਰੀ ਵਿਚ ਪੰਜਾਬੀ ਬੋਲੀ ਦਾ ਪੰਜਵਾਂ ਸਥਾਨ ਵੀ ਖੁੱਸਣ ’ਚ ਦੇਰ ਨਹੀਂ ਲੱਗਣੀ। ਦੂਜੀ ਗੱਲ ਇਹ ਹੈ ਕਿ ਪੰਜਾਬੀ ਕੈਨੇਡਾ ’ਚ ਅਜੇ ਵੀ ਵਿਦੇਸ਼ੀ ਬੋਲੀ ਹੀ ਹੈ, ਕੈਨੇਡੀਅਨ ਬੋਲੀ ਵਜੋਂ ਮਾਨਤਾ ਹਾਸਲ ਨਹੀਂ ਕਰ ਸਕੀ। ਇਹ ਗੱਲ ਜ਼ਿਕਰਯੋਗ ਹੈ ਕਿ ਕੈਨੇਡਾ ’ਚ ਅੰਗਰੇਜ਼ੀ ਤੇ ਫਰੈਂਚ ਦਫ਼ਤਰੀ ਰੂਪ ’ਚ ਸਰਕਾਰੀ ਭਾਸ਼ਾਵਾਂ ਹਨ, ਪਰ ਇਥੇ ਕੌਮੀ ਬੋਲੀ ਦੇ ਨਾਂਅ ’ਤੇ ਝਗੜੇ ਖੜ੍ਹੇ ਕਰਨ ਵਾਲਾ ਅਜਿਹਾ ਕੋਈ ਰੇੜਕਾ ਨਹੀਂ, ਜਿਵੇਂ ਕਿ ਭਾਰਤ ’ਚ ਹਿੰਦੀ ਨੂੰ ਲੈ ਕੇ ’ਇਕ ਭਾਸ਼ਾ ਤੇ ਇਕ ਰਾਸ਼ਟਰ’ ਆਦਿ ਦੇ ਬੇਤੁਕੇ ਨਾਅਰੇ ਲਾਏ ਜਾਂਦੇ ਹਨ।

ਇਥੇ ਚੁਣੌਤੀ ਇਹ ਹੈ ਕਿ ਇੰਮੀਗਰਾਂਟ ਭਾਈਚਾਰੇ ਦੀ ਬੋਲੀ ਹੋਣ ਕਾਰਨ ਪੰਜਾਬੀ ਅਜੇ ਵੀ ਸੰਘਰਸ਼ ਦੇ ਦੌਰ ’ਚੋਂ ਗੁਜ਼ਰ ਰਹੀ ਹੈ। ਅੱਜ ਕੈਨੇਡਾ ’ਚ ਵਸਦੇ ਪੰਜਾਬੀ ਜੇਕਰ ਆਪਣੀ ਨਾਗਰਿਕਤਾ ਕਾਰਨ ‘ਕੈਨੇਡੀਅਨ’ ਹਨ ਤਾਂ ਫਿਰ ਉਨ੍ਹਾਂ ਦੀ ਬੋਲੀ ਵਿਦੇਸ਼ੀ ਕਿਵੇਂ ਹੋਈ? ਜੇਕਰ ਪਾਰਲੀਮੈਂਟ ’ਚ ਪੰਜਾਬੀਆਂ ਦੀ ਗਿਣਤੀ 2 ਦਰਜਨ ਹੈ ਤੇ ਕਈ ਸੂਬਿਆਂ ’ਚ ਵੀ ਪੰਜਾਬੀ ਸਿਆਸਤਦਾਨਾਂ ਦਾ ਬੋਲਬਾਲਾ ਹੈ, ਫਿਰ ਉਹ ਆਪਣੀ ਮਾਂ-ਬੋਲੀ ਲਈ ਦ੍ਰਿੜ ਇਰਾਦਾ ਕਿਉਂ ਨਹੀਂ ਰੱਖਦੇ? ਯਕੀਨਨ ਤੌਰ ’ਤੇ ਜੇਕਰ ਸਾਡੇ ਰਾਜਸੀ ਲੀਡਰ ਪ੍ਰਣ ਕਰਨ ਕਿ ਉਨ੍ਹਾਂ ਪੰਜਾਬੀ ਨੂੰ ਕੈਨੇਡੀਅਨ ਬੋਲੀ ਵਜੋਂ ਮਾਨਤਾ ਦਿਵਾਉਣੀ ਹੈ ਤੇ ਵਿਦੇਸ਼ੀ ਬੋਲੀ ਨਹੀਂ ਰਹਿਣ ਦੇਣਾ, ਤਾਂ ਪੰਜਾਬੀ ਵੀ ਕੈਨੇਡਾ ’ਚ ਬੇਗਾਨੀ ਨਹੀਂ ਰਹੇਗੀ ਤੇ ਉਹ ਕੈਨੇਡਾ ਦੀ ਬੋਲੀ ਵਜੋਂ ਮਾਨਤਾ ਹਾਸਲ ਕਰ ਲਵੇਗੀ।

ਤੀਜੀ ਗੱਲ, ਪੰਜਾਬੀ ਮਾਪਿਆਂ ’ਤੇ ਆਉਂਦੀ ਹੈ। ਜੇਕਰ ਬੀ.ਸੀ. ਸੂਬੇ ਦੀ ਹੀ ਗੱਲ ਕਰੀਏ ਤਾਂ ਇਥੋਂ ਦੇ ਸਾਬਕਾ ਵਿੱਦਿਆ ਮੰਤਰੀ ਮਨਮੋਹਣ ਸਿੰਘ ਮੋਅ



ਸਹੋਤਾ ਦੇ ਉੱਦਮ ਨਾਲ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਮਿਲ ਗਿਆ ਸੀ ਤੇ ਪੰਜਾਬੀ ਸਕੂਲਾਂ ’ਚ ਪੜ੍ਹਾਉਣ ਦਾ ਰਾਹ ਪੱਧਰਾ ਹੋ ਗਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਪੜ੍ਹਾਉਣ ਵਾਲੇ ਸਕੂਲ, ਅਕੈਡਮੀਆਂ ਤੇ ਹੋਰ ਅਦਾਰੇ ਆਪੋ-ਆਪਣੇ ਉਪਰਾਲੇ ਕਰ ਰਹੇ ਹਨ ਪਰ ਪਬਲਿਕ ਸਕੂਲਾਂ ’ਚ ਪੰਜਾਬੀ ਪੜ੍ਹਾਈ ਜਾਣ ਲਈ ਬੱਚਿਆਂ ਦਾ ਨਾਂਅ ਖ਼ਾਸ ਤੌਰ ’ਤੇ ਦਾਖ਼ਲ ਕਰਨ ਦੀ ਲੋੜ ਹੁੰਦੀ ਹੈ।

ਕੈਨੇਡਾ ’ਚ ਪੰਜਾਬੀ ਬੋਲੀ ਲਈ ਸਭ ਤੋਂ ਵੱਧ ਚਿੰਤਾ ਦੀ ਗੱਲ ਅੱਜ ਇਹ ਹੈ ਕਿ ਇਥੇ ਪੰਜਾਬੀ ਨੂੰ ਗਿਣੇ-ਮਿਥੇ ਢੰਗ ਨਾਲ ਖੂੰਜੇ ਲਾਉਣ ਦੀਆਂ ਚਾਲਾਂ ਖੇਡੀਆਂ ਜਾ ਰਹੀਆਂ ਹਨ। ਪੰਜਾਬੀ ਬੋਲੀ ਦੇ ਨਾਂਅ ’ਤੇ ਪੰਜਾਬੀ ਸੂਬਾ ਬਣਨ ਵੇਲੇ ਜਿਸ ਤਰ੍ਹਾਂ ਦੇ ਹਾਲਾਤ ਤੇ ਫ਼ਿਰਕੂ ਵਿਚਾਰ ਪੰਜਾਬ ਵਿਚ ਜ਼ੋਰ ਫੜ ਰਹੇ ਸਨ, ਅੱਜ ਉਹੀ ਸਥਿਤੀ ਕੈਨੇਡਾ ਵਿਚ ਬਣਦੀ ਜਾ ਰਹੀ ਹੈ। ਕੈਨੇਡਾ ’ਚ ਜੇਕਰ ਸੰਘਣੀ ਪੰਜਾਬੀ ਵਸੋਂ ਵਾਲੇ ਇਲਾਕਿਆਂ ਦੀ ਗੱਲ ਕਰੀਏ ਤਾਂ ਇਥੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਸਿੱਖ, ਹਿੰਦੂ, ਮੁਸਲਮਾਨ ਭਾਵ ਵੱਖ-ਵੱਖ ਧਰਮਾਂ, ਰੰਗਾਂ, ਨਸਲਾਂ ਤੇ ਫ਼ਿਰਕਿਆਂ ਦੇ ਲੋਕ ਵਸਦੇ ਹਨ। ਇਥੋਂ ਤੱਕ ਕਿ ‘ਭਾਰਤੀ ਪੰਜਾਬੀ’ ਤੇ ‘ਪਾਕਿਸਤਾਨੀ ਪੰਜਾਬੀ’ ਵਾਲਾ ਫ਼ਰਕ ਵੀ ਇਥੇ ਨਜ਼ਰ ਨਹੀਂ ਆਉਂਦਾ, ਬਲਕਿ ਸਾਰੇ ‘ਕੈਨੇਡੀਅਨ ਪੰਜਾਬੀ’ ਹੀ ਅਖਵਾਉਂਦੇ ਹਨ। ਉਂਜ ਵੀ ਅਸੀਂ ਅਕਸਰ ਆਖਦੇ ਹਾਂ ਕਿ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ, ਭਾਰਤੀ ਪੰਜਾਬ ਨਾਲੋਂ ਕਿਤੇ ਵੱਧ ਹੈ।

ਕੈਨੇਡਾ ਵਿਚ ਪੰਜਾਬੀ ਆਬਾਦੀ ਵਾਲੇ ਸ਼ਹਿਰਾਂ ’ਚ ਵਸਣ ਵਾਲੇ ਲਹਿੰਦੇ ਪੰਜਾਬ ਦੇ ਪੰਜਾਬੀ ਜ਼ਿਆਦਾਤਰ ਲਾਹੌਰ ਦੇ ਨੇੜੇ-ਤੇੜੇ ਦੇ ਹੀ ਹਨ। ਉਨ੍ਹਾਂ ’ਚੋਂ ਵਧੇਰੇ ਬੋਲਦੇ ਵੀ ਪੰਜਾਬੀ ਹੀ ਹਨ, ਪਰ ਸਭ ਤੋਂ ਵੱਧ ਦੁਖਦਾਈ ਗੱਲ ਇਹ ਹੈ ਕਿ ਕੈਨੇਡਾ ਦੀ ਮਰਦਮਸ਼ੁਮਾਰੀ ਵਿਚ ਜਦੋਂ ਉਨ੍ਹਾਂ ਮਾਂ-ਬੋਲੀ ਲਿਖਾਉਣੀ ਹੁੰਦੀ ਹੈ, ਤਾਂ ਇੱਕਾ-ਦੁੱਕਾ ਨੂੰ ਛੱਡ ਕੇ ਕੋਈ ਵੀ ਮਾਂ-ਬੋਲੀ ਪੰਜਾਬੀ ਨਹੀਂ ਲਿਖਦਾ, ਬਲਕਿ ਉਰਦੂ ਹੀ ਲਿਖਵਾਉਂਦੇ ਹਨ।

ਹੁਣ ਗੱਲ ਕਰੀਏ ਭਾਰਤੀ ਪੰਜਾਬ ਦੇ ਕੈਨੇਡਾ ਵਸਦੇ ਭਾਈਚਾਰਿਆਂ ਦੀ। ਇਥੇ ਜ਼ਿਕਰਯੋਗ ਹੈ ਕਿ ਕੈਨੇਡਾ ਦੇ ਸੰਘਣੀ ਪੰਜਾਬੀ ਵਸੋਂ ਵਾਲੇ ਸ਼ਹਿਰਾਂ ’ਚ ਪੰਜਾਬ ਦੇ ਪਿੰਡਾਂ-ਸ਼ਹਿਰਾਂ ਨਾਲ ਸਬੰਧਿਤ ਸਿੱਖ ਤੇ ਹਿੰਦੂ ਹੀ ਵਧੇਰੇ ਹਨ, ਜਦ ਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਤੋਂ ਆਏ ਪ੍ਰਵਾਸੀ ਭਾਰਤੀ ਭਾਈਚਾਰੇ ’ਚੋਂ ਵੀ ਕੇਰਲਾ, ਤਾਮਿਲ, ਗੁਜਰਾਤੀ, ਬੰਗਾਲੀ ਆਦਿ ਵਸਦੇ ਹਨ, ਜਿਨ੍ਹਾਂ ਦੀਆਂ ਆਪਣੀਆਂ ਭਾਸ਼ਾਵਾਂ ਹਨ ਤੇ ਉਹ ਕੈਨੇਡਾ ਤੇ ਭਾਰਤ ਅੰਦਰ ਵੀ ਉਨ੍ਹਾਂ ਭਾਸ਼ਾਵਾਂ ਨੂੰ ਹੀ ਮਾਨਤਾ ਦਿੰਦੇ ਹਨ। ਇਨ੍ਹਾਂ ਦੇ ਮੁਕਾਬਲਤਨ ਯੂ.ਪੀ., ਬਿਹਾਰ, ਮੱਧ ਪ੍ਰਦੇਸ਼ ਆਦਿ ਸੂਬਿਆਂ ’ਚੋਂ ਕੈਨੇਡਾ ਵਸਣ ਵਾਲਿਆਂ ਦੀ ਗਿਣਤੀ ਘੱਟ ਹੈ, ਜਿਹੜੇ ‘ਹਿੰਦੀ’ ਨੂੰ ਆਪਣੀ ਮਾਂ-ਬੋਲੀ ਸਵੀਕਾਰਦੇ ਹਨ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਕੈਨੇਡਾ ਅੰਦਰਲੇ ਭਾਰਤੀ ਸਫ਼ਾਰਤਖਾਨੇ ਹਿੰਦੀ ਨੂੰ ਮੁਫ਼ਤ ਪੜ੍ਹਾਉਣ ਲਈ ਤਾਂ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ, ਜਦ ਕਿ ਸਭ ਤੋਂ ਵੱਧ ਬੋਲੀ ਜਾਣ ਵਾਲੀ ਪੰਜਾਬੀ ਨਾਲ ਸਰਾਸਰ ਵਿਤਕਰਾ ਕਰ ਰਹੇ ਹਨ।

ਭਾਰਤੀ ਸਿਆਸਤ ’ਚ ਵਧ ਰਿਹਾ ਫਾਸ਼ੀਵਾਦ, ਧਰੁਵੀਕਰਨ ਅਤੇ ‘ਇਕ ਬੋਲੀ ਤੇ ਇਕ ਰਾਸ਼ਟਰ’ ਦਾ ਨਾਅਰਾ ਕੇਵਲ ਭਾਰਤ ਵਿੱਚ ਹੀ ਹਿੰਦੀ ਭਾਸ਼ਾ ਨੂੰ ਛੱਡ ਕੇ ਬਾਕੀ ਭਾਸ਼ਾਵਾਂ ਦਾ ਨੁਕਸਾਨ ਨਹੀਂ ਕਰ ਰਿਹਾ, ਸਗੋਂ ਕੈਨੇਡਾ ਵਿੱਚ ਵੀ ਪੰਜਾਬੀ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ’ਚ ਸਭ ਤੋਂ ਵੱਧ ਘਾਤਕ ਬਣ ਰਿਹਾ ਹੈ। ਕੁਝ ਵਰ੍ਹੇ ਪਹਿਲਾਂ ਕੈਨੇਡਾ ’ਚ ਪੰਜਾਬੀ ਗਾਇਕ ਗੁਰਦਾਸ ਮਾਨ ਵਲੋਂ ਦਿੱਤਾ ਵਿਵਾਦਗ੍ਰਸਤ ਬਿਆਨ ‘ਇਕ ਬੋਲੀ ਇਕ ਦੇਸ਼’ ਅਤੇ ਮਾਂ-ਮਾਸੀ ਦਾ ਰੇੜਕਾ ਵੀ ਪੰਜਾਬੀਆਂ ਅੰਦਰ ਬੋਲੀ ਦੇ ਆਧਾਰ ’ਤੇ ਪਾੜਾ ਪਾਉਣ ਵਾਲਾ ’ਘਾਤਕ ਪ੍ਰਚਾਰ’ ਹੋ ਨਿਬੜਿਆ ਹੈ। ਕੈਨੇਡਾ ਵਸਦੇ ਪੰਜਾਬੀਆਂ ਨੂੰ ਇਨ੍ਹਾਂ ਵਲਗਣਾਂ ਤੋਂ ਉੱਪਰ ਉੱਠ ਕੇ ਸੱਚ ’ਤੇ ਪਹਿਰਾ ਦੇਣ ਦੀ ਲੋੜ ਹੈ। ਜੇਕਰ ਉਹ ਪੰਜਾਬੀ ਹਨ, ਤਾਂ ਆਪਣੀ ਬੋਲੀ ਪੰਜਾਬੀ ਹੀ ਲਿਖਵਾਉਣ, ਨਾ ਕਿ ਆਪਣੇ ਫ਼ਿਰਕੇ, ਜਾਤ ਜਾਂ ਸਿਆਸੀ ਪ੍ਰਭਾਵ ਅਧੀਨ ਮਾਂ-ਬੋਲੀ ਨਾਲ ਧੋਖਾ ਕਰਨ। ਅਸੀਂ ਆਪਣੇ ਕਾਰੋਬਾਰ ਅਤੇ ਵਪਾਰ ਮੌਕੇ ਵੱਧ ਤੋਂ ਵੱਧ ਪੰਜਾਬੀ ਬੋਲੀ ਬੋਲੀਏ ਅਤੇ ਸਾਇਨ ਬੋਰਡਾਂ ਅਤੇ ਬਿਜਨਸ ਕਾਰਡਾਂ ’ਤੇ ਅੰਗਰੇਜ਼ੀ ਦੇ ਨਾਲ-ਨਾਲ ’ਗੁਰਮੁਖੀ’ ਵਿੱਚ ਜਾਣਕਾਰੀ ਅਤੇ ਨਾਂ ਲਿਖਵਾਈਏ।

ਆਓ, ਚੇਤਾ ਨਾ ਭੁੱਲੀਏ, ਘਰਾਂ ਵਿਚ ਬੋਲੀ ਜਾਣ ਵਾਲੀ ਜ਼ੁਬਾਨ ਮਾਂ ਬੋਲੀ ਪੰਜਾਬੀ ਲਿਖਾਈਏ ਅਤੇ ਰੋਜ਼ ਆਪੋ-ਆਪਣੇ ਪੱਧਰ ’ਤੇ ਪੰਜਾਬੀ ਲਈ ਦੋ ਸ਼ਬਦ ਜ਼ਰੂਰ ਲਿਖੀਏ। ਕਿਸੇ ਵੀ ਰੂਪ ਵਿੱਚ ਬੋਲੀ ਲਈ ਪ੍ਰਚਾਰ ਕਰੀਏ। ਕੈਨੇਡਾ ਵਸਦੇ ਪੰਜਾਬੀਆਂ ਦੀ ਅਗਲੀ ਪੀੜ੍ਹੀ ਨੂੰ ਆਪਣੀ ‘ਜ਼ਬਾਨ’ ਅਤੇ ‘ਪਛਾਣ’ ਨਾਲ ਜੋੜੀ ਰੱਖਣ ਲਈ ਇਹ ਜ਼ਰੂਰੀ ਹੈ ਕਿ ਮਾਂ ਬੋਲੀ ਪੰਜਾਬੀ ਵੱਧ ਤੋਂ ਵੱਧ ਬੋਲੀਏ ਅਤੇ ਇਹ ਗੱਲ ਕਦੇ ਨਾ ਭੁੱਲੀਏ; ਕਿਉਂਕਿ ਪੰਜਾਬੀ ਸਾਡੀ ਸ਼ਾਨ ਹੈ, ਪਛਾਣ ਹੈ, ਮਾਣ ਹੈ ਤੇ ਜਿੰਦ-ਜਾਨ ਹੈ!!

**ਬੋਲੀ ਸਾਡਾ ਮਾਣ ਹੈ, ਬੋਲੀ ਲਵੋ ਸੰਭਾਲ।**
**ਜੋ ਬੋਲੀ ਨਹੀਂ ਸਾਂਭਦੇ, ਉਹ ਨੇ ਮਣੋ ਕੰਗਾਲ।**



# ਦੁਨੀਆ ਦੀਆਂ ਮਹਾਂਸ਼ਕਤੀਆਂ ਦੀ ਖਹਿਬਾਜ਼ੀ ਕਾਰਨ ਲਮਕ ਰਹੀ ਹੈ ਰੂਸ-ਯੂਕਰੇਨ ਜੰਗ

ਮਨਦੀਪ



ਬੀਤੇ ਚਾਰ ਵਰ੍ਹਿਆਂ ਤੋਂ ਯੂਕਰੇਨ ਜੰਗ ਸਾਮਰਾਜੀ ਧੜਿਆਂ ਦੇ ਆਪਸੀ ਟਕਰਾਅ ਦਾ ਕੇਂਦਰ ਬਣੀ ਹੋਈ ਹੈ ਤੇ ਇਹ ਜੰਗ ਬਿਨਾਂ ਕਿਸੇ ਸਪੱਸ਼ਟ ਫੌਜੀ-ਯੁੱਧਨੀਤਕ ਹੱਲ ਦੇ ਨਿਰੰਤਰ ਜਾਰੀ ਹੈ। ਪੱਛਮੀ ਤਾਕਤਾਂ ਨੇ ਯੂਕਰੇਨ ਨੂੰ ਮੂਹਰੇ ਲਾ ਕੇ ਰੂਸ ਨੂੰ ਘੇਰਨ ਲਈ ਜੰਗ ਦੇ ਜੋ ਹਾਲਾਤ ਪੈਦਾ ਕੀਤੇ ਹਨ, ਉਸ ਨੇ ਸਮੁੱਚੀ ਗਲੋਬਲ ਆਰਥਿਕਤਾ ਤੇ ਭੂ-ਸਿਆਸਤ ਦਾ ਮੂੰਹ-ਮੁਹਾਂਦਰਾ ਬਦਲ ਦਿੱਤਾ ਹੈ। ਇਸ ਲਮਕਵੀਂ ਜੰਗ ਨੇ ਨਵੇਂ ਟਕਰਾਵਾਂ ਤੇ ਵਿਰੋਧਾਂ ਲਈ ਜ਼ਮੀਨ ਤਿਆਰ ਕਰ ਦਿੱਤੀ ਹੈ। ਯੂਕਰੇਨ ਜੰਗ ਸੰਬੰਧੀ ਅਮਰੀਕੀ ਤੇ ਯੂਰਪੀ ਤਾਕਤਾਂ ਦੀ ਨੀਤੀ ਦੇ ਵਖਰੇਵਿਆਂ ਕਾਰਨ ਪੱਛਮੀ ਧੜੇ ਵਿਚ ਤ੍ਰੇੜਾਂ ਦਿਖਾਈ ਦੇ ਰਹੀਆਂ ਹਨ। ਨਵੀਂ ਵਿਸ਼ਵ ਵਿਵਸਥਾ ਦੇ ਸਮਤੋਲ ਨੂੰ ਬਣਾਈ ਰੱਖਣ ਲਈ ਰੂਸ, ਚੀਨ, ਅਮਰੀਕਾ ਸਮੇਤ ਪੁਰਾਣੀਆਂ ਰਵਾਇਤੀ ਸਾਮਰਾਜੀ ਤਾਕਤਾਂ ਵੀ ਪੱਬਾਂ ਭਾਰ ਹਨ। ਇਨ੍ਹਾਂ ਜੰਗੀ ਤਾਕਤਾਂ ਵਲੋਂ ਸੰਸਾਰ ’ਤੇ ਆਰਥਿਕ, ਸਿਆਸੀ ਤੇ ਫੌਜੀ ਦਬਦਬਾ ਬਣਾਈ ਰੱਖਣ ਲਈ ਵਿਸ਼ਵ ਸ਼ਾਂਤੀ ਦੇ ਬਹਾਨੇ ਤੀਜੀ ਸੰਸਾਰ ਜੰਗ ਦਾ ਭੈਅ ਪੈਦਾ ਕੀਤਾ ਜਾ ਰਿਹਾ ਹੈ। ਅਮਰੀਕਾ ਤੇ ਉਸ ਦੇ ਪੱਛਮੀ ਭਾਈਵਾਲ ਇਸ ਜੰਗ ਵਿਚ ਬੁਰੀ ਤਰ੍ਹਾਂ ਫਸ ਚੁੱਕੇ ਹਨ ਤੇ ਉਨ੍ਹਾਂ ਨੂੰ ਇਸ ’ਚੋਂ ਬਾਹਰ ਨਿਕਲਣ ਦਾ ਰਾਹ ਨਹੀਂ ਲੱਭ ਰਿਹਾ। ਇਸ ਜੰਗ ਵਿਚ ਰੂਸ ’ਤੇ ਪਾਬੰਦੀਆਂ, ਜੰਗ ’ਚ ਜਾਨੀ ਨੁਕਸਾਨ ਤੇ ਫੌਜੀ ਆਰਥਿਕ ਖਰਚੇ ਕਾਰਨ ਬਹੁਤ ਨੁਕਸਾਨ ਹੋਇਆ ਹੈ ਪਰ ਇਸ ਦੇ ਬਾਵਜੂਦ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਹੌਂਸਲੇ ਹੋਰ ਬੁਲੰਦ ਹੋਏ ਜਾਪਦੇ ਹਨ। ਘਬਰਾਹਟ ’ਚ ਆਏ ‘ਨਾਟੋ’ ਚੀਫ਼ ਮਾਰਕ ਰਟ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਯੂਰਪੀ ਲੀਡਰ ਤੀਜੀ ਸੰਸਾਰ ਜੰਗ ਸੰਬੰਧੀ ਬਿਆਨਬਾਜ਼ੀ ਕਰ ਰਹੇ ਹਨ ਤੇ ਕਸੂਤਾ ਫਸਿਆ ਜ਼ੇਲੇਂਸਕੀ ਸੰਸਾਰ ਭਰ ਦੇ ਮੁਲਕਾਂ ਤੋਂ ਮਦਦ ਦੀ ਗੁਹਾਰ ਲਾ ਰਿਹਾ ਹੈ।

ਰੂਸ ਨੇ ਹੁਣ ਤੱਕ ਯੂਕਰੇਨ ਦੇ ਲਗਭਗ 20 ਫ਼ੀਸਦੀ ਖੇਤਰ ’ਤੇ ਕਬਜ਼ਾ ਕਰ ਲਿਆ ਹੈ, ਜਿਸ ’ਚ ਕਰੀਮੀਆ, ਡੋਨਬਾਸ, ਜ਼ੈਪਰਜੀਆ ਤੇ ਯੂਕਰੇਨ ਦੇ ਦੱਖਣੀ ਖੇਤਰ ਦਾ ਮਹੱਤਵਪੂਰਨ ਹਿੱਸਾ ਸ਼ਾਮਿਲ ਹੈ। ਇਹ ਜੰਗੀ ਕਵਾਇਦ ਰੂਸ ਦੇ ਪੁਨਰ-ਉਭਾਰ ਤੇ ਰੂਸੀ ਸਾਮਰਾਜ ਦੁਆਰਾ ਸੋਵੀਅਤ ਯੁੱਗ ਦੇ ਖੇਤਰਾਂ ਨੂੰ ਮੁੜ ਹਾਸਿਲ ਕਰਨ ਦੀਆਂ ਹਸਰਤਾਂ ਦੀ ਪੁਸ਼ਟੀ ਕਰਦੀ ਹੈ। ਇਸ ਜੰਗ ਨੇ ਜਿੱਥੇ ਰੂਸੀ ਸਾਮਰਾਜ ਦੀ ਫੌਜੀ ਤਾਕਤ ਦੀ ਚੜ੍ਹਤ ਨੂੰ ਉਭਾਰਿਆ, ਉੱਥੇ ਸਾਮਰਾਜੀ ਜੰਗੀ ਝਗੜਿਆਂ ਤੋਂ ਦੂਰ ਰਹਿ ਰਹੇ ਚੀਨ ਨੂੰ ਆਪਣੀ ਮਜ਼ਬੂਤੀ ਲਈ ਮੌਕਾ ਪ੍ਰਦਾਨ ਕੀਤਾ ਹੈ। ਉੱਧਰ ਟਰੰਪ ਪ੍ਰਸ਼ਾਸਨ ਲਈ ਚੀਨ ਮੁੱਖ ਚੁਣੌਤੀ ਹੋਣ ਕਰਕੇ ਟਰੰਪ ਨੇ ਸੱਤਾ ’ਚ ਆਉਣ ਤੋਂ ਤੁਰੰਤ ਬਾਅਦ ਰੂਸ-ਯੂਕਰੇਨ ਜੰਗ ਨੂੰ ਖ਼ਤਮ ਕਰਵਾਉਣ ਲਈ ਬਿਆਨਬਾਜ਼ੀਆਂ ਤੇ ਵਾਰਤਾਵਾਂ ਆਰੰਭ ਕਰ ਦਿੱਤੀਆਂ ਜੋ ਲਗਾਤਾਰ ਬੇਸਿੱਟਾ ਰਹੀਆਂ। ਟਰੰਪ-ਪੁਤਿਨ ਤਿੰਨ ਵਾਰਤਾਵਾਂ ਤੋਂ ਬਾਅਦ ਟਰੰਪ ਪ੍ਰਸ਼ਾਸਨ ਦੁਆਰਾ ਆਪਣੇ ਕੂਟਨੀਤਕ ਯਤਨਾਂ ਤਹਿਤ ਸ਼ਾਂਤੀ ਵਾਰਤਾ ਦਾ ਇਕ 28 ਨੁਕਾਤੀ ਪ੍ਰਸਤਾਵ ਪੇਸ਼ ਕੀਤਾ ਗਿਆ ਪਰ ਯੂਕਰੇਨ ਨੇ ਇਸ ਦੇ ਮੁਕਾਬਲੇ 20 ਨੁਕਾਤੀ ਪ੍ਰਸਤਾਵ ਪੇਸ਼ ਕਰ ਕੇ ਟਰੰਪ ਦੇ ਦਲਾਲੀ ਵਾਲੇ ਪ੍ਰਸਤਾਵ ਨੂੰ ਟਾਲ ਦਿੱਤਾ। ਅਮਰੀਕੀ ਪ੍ਰਸਤਾਵ ਵਿਚ ਤੁਰੰਤ ਜੰਗਬੰਦੀ, ਅਮਰੀਕੀ ਨਿਗਰਾਨੀ ਹੇਠ ਯੂਕਰੇਨ ਤੇ ਰੂਸ ਵਿਚਕਾਰ ਸਿੱਧੀ ਗੱਲਬਾਤ, ਕਰੀਮੀਆ ਤੇ ਪੂਰਬੀ ਯੂਕਰੇਨ ਦੇ ਕੁਝ ਹਿੱਸੇ ਅਸਥਾਈ ਤੌਰ ’ਤੇ ਰੂਸੀ ਕਬਜ਼ੇ ਹੇਠ ਰਹਿਣ ਦੇਣ ਦਾ ਖੇਤਰੀ ਸਮਝੌਤਾ, ਯੂਕਰੇਨ ਨੂੰ ’ਨਾਟੋ’ ’ਚੋਂ ਬਾਹਰ ਰੱਖਣ, ਰੂਸ ਨੂੰ ਪਾਬੰਦੀਆਂ ਤੋਂ ਰਾਹਤ ਦੇਣ, ਯੂਕਰੇਨ ਦੀ ਸੁਰੱਖਿਆ ਤੇ ਪੁਨਰ ਨਿਰਮਾਣ ਦਾ ਬੋਝ ਯੂਰਪ ’ਤੇ ਲੱਦਣ ਆਦਿ ਸੰਬੰਧੀ ਜ਼ਰੂਰੀ ਨੁਕਤੇ ਸ਼ਾਮਿਲ ਸਨ। ਟਰੰਪ ਦੀ ’28 ਨੁਕਾਤੀ ਸ਼ਾਂਤੀ ਯੋਜਨਾ’ ਸਾਮਰਾਜੀ ਤਾਕਤਾਂ ਵਿਚਕਾਰ ਇਕ ਅਜਿਹਾ ਸਮਝੌਤਾ ਹੈ, ਜਿਸ ਦਾ ਉਦੇਸ਼ ਵਿਸ਼ਵ ਪੂੰਜੀਵਾਦ ਨੂੰ ਪੈਰਾਂ ਸਿਰ ਕਰਨਾ ਹੈ।

ਇਹ ਜੰਗ ਸਾਮਰਾਜੀ ਦੇਸ਼ਾਂ ਦੀਆਂ ਹਥਿਆਰ ਕੰਪਨੀਆਂ, ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਤੇ ਸਾਮਰਾਜੀ ਵਿੱਤੀ ਸੰਸਥਾਵਾਂ ਲਈ ਮੁਨਾਫ਼ੇ ਦਾ ਵੱਡਾ ਵਪਾਰਕ ਜ਼ਰੀਆ ਹੈ। ਇਸ ਲਈ ਇਹ ਸ਼ਾਂਤੀ ਪ੍ਰਸਤਾਵ ਅੰਤਰ-ਸਾਮਰਾਜੀ ਸਮਝੌਤੇ ਅਤੇ ਥੋਪੀ ਹੋਈ ਸ਼ਾਂਤੀ ਦਾ ਅਸਥਾਈ ਪ੍ਰਸਤਾਵ ਹੈ। ਇਸ ਜੰਗ ’ਚੋਂ ਯੂਕਰੇਨੀ ਹਾਕਮਾਂ ਤੇ ਧਨ ਕੁਬੇਰਾਂ ਨੇ ਭ੍ਰਿਸ਼ਟਾਚਾਰ ਰਾਹੀਂ, ਰੂਸ ਨੇ ਖੇਤਰੀ ਲਾਹੇ ਤੇ ਸਾਮਰਾਜੀ ਵਿਸਥਾਰ ਰਾਹੀਂ ਅਤੇ ਅਮਰੀਕਾ ਨੇ ਹਥਿਆਰਾਂ ਦੀ ਵਿਕਰੀ, ਵਿੱਤੀ ਤੇ ਵਪਾਰਕ ਸਮਝੌਤਿਆਂ (ਧਰਤੀ ਦੇ ਦੁਰਲੱਭ ਖਣਿਜਾਂ ਦਾ ਸਮਝੌਤਾ) ਰਾਹੀਂ ਖ਼ੂਬ ਮੁਨਾਫ਼ਾ ਬਟੋਰਿਆ ਹੈ। ਇਸ ਸ਼ਾਂਤੀ ਪ੍ਰਸਤਾਵ ਦੇ ਢਕਵੰਜ ਦੇ ਬਾਵਜੂਦ ਜੰਗੀ ਹਿੰਸਾ ਬੇਰੋਕ ਜਾਰੀ ਹੈ।

ਯੂਕਰੇਨ ਕ੍ਰੀਮੀਆ ਤੇ ਡੋਨਬਾਸ ਸਮੇਤ ਰੂਸੀ ਕਬਜ਼ੇ ਵਾਲੇ ਖੇਤਰਾਂ ਤੋਂ ਰੂਸੀ ਫੌਜਾਂ ਦੀ ਵਾਪਸੀ, ਆਪਣੀਆਂ ਸਰਹੱਦਾਂ ਦੀ ਅੰਤਰਰਾਸ਼ਟਰੀ ਪੱਧਰ ’ਤੇ ਮਾਨਤਾ ਤੇ ਬਹਾਲੀ, ਬਹੁਪੱਖੀ ਭਰੋਸਿਆਂ ਤਹਿਤ ਭਵਿੱਖ ਦੇ ਹਮਲਿਆਂ ਤੋਂ ਸੁਰੱਖਿਆ ਗਾਰੰਟੀ, ਯੂਕਰੇਨ ਜੰਗ ਦੇ ਨੁਕਸਾਨਾਂ ਲਈ ਮੁਆਵਜ਼ਾ, ਯੁੱਧ ਅਪਰਾਧਾਂ ਲਈ ਜਵਾਬਦੇਹੀ ਤੇ ਦੇਸ਼ ਛੱਡਣ ਲਈ ਮਜਬੂਰ ਹੋਏ ਨਾਗਰਿਕਾਂ ਤੇ ਬੱਚਿਆਂ ਦੀ ਵਾਪਸੀ ਤੇ ਬਹਾਲੀ ਦੀ ਮੰਗ ਕਰ ਰਿਹਾ ਹੈ। ਬੁਨਿਆਦੀ ਤੌਰ ’ਤੇ ਯੂਕਰੇਨ ਚਾਹੁੰਦਾ ਹੈ ਕਿ ਰੂਸ ਯੂਕਰੇਨ ਨੂੰ ਇਕ ਸੁਤੰਤਰ, ਪ੍ਰਭੂਸੱਤਾ ਸੰਪੰਨ ਰਾਜ ਵਜੋਂ ਮਾਨਤਾ ਦੇਵੇ, ਜਿਸ ਕੋਲ ਬਾਹਰੀ ਦਬਾਅ ਤੋਂ ਬਿਨਾਂ ਆਪਣੇ ਰਾਜਨੀਤਕ, ਆਰਥਿਕ ਤੇ ਫੌਜੀ ਸਹਿਯੋਗੀ ਚੁਣਨ ਦਾ ਅਧਿਕਾਰ ਹੋਵੇ। ਦੂਜੇ ਪਾਸੇ ਰੂਸ ਯੂਕਰੇਨ ਤੋਂ ’ਨਾਟੋ’ ਮੈਂਬਰਸ਼ਿਪ ਤੋਂ ਬਾਹਰ ਰਹਿਣ, ਕਰੀਮੀਆ ਤੇ ਪੂਰਬੀ ਯੂਕਰੇਨ ਦੇ ਕੁਝ ਹਿੱਸਿਆਂ ’ਤੇ ਰੂਸ ਦੇ ਪ੍ਰਭਾਵ ਨੂੰ ਸਵੀਕਾਰ ਕਰਨ ਅਤੇ ਯੂਕਰੇਨ ਦੀਆਂ ਫੌਜੀ ਸਮਰੱਥਾਵਾਂ ’ਤੇ ਸੀਮਾਵਾਂ ਨਿਸਚਿਤ ਕਰਨ ਦੀ ਗਰੰਟੀ ਚਾਹੁੰਦਾ ਹੈ। ਨਾਲ ਹੀ ਰੂਸ ਪੱਛਮੀ ਤਾਕਤਾਂ ਦੁਆਰਾ ਨਾਟੋ ਦੇ ਪੂਰਬ ਵੱਲ ਵਿਸਥਾਰ ਨੂੰ ਰੋਕਣ ਤੇ ਆਰਥਿਕ ਪਾਬੰਦੀਆਂ ਹਟਾਉਣ ਦੀ ਮੰਗ ਕਰ ਕੇ ਆਪਣੀ ਖੇਤਰੀ ਸਰਦਾਰੀ ਨੂੰ ਕਾਇਮ ਰੱਖਣ ਦਾ ਚਾਹਵਾਨ ਵੀ ਹੈ। ਰੂਸ ‘ਨਾਟੋ’ ਦੇ ਪੂਰਬ ਵੱਲ ਵਾਧੇ ਨੂੰ ਬੰਨ੍ਹ ਮਾਰ ਕੇ ਆਪਣੀ ਰਾਸ਼ਟਰੀ ਸੁਰੱਖਿਆ ਲਈ ਬਫਰ ਜ਼ੋਨ ਸਿਰਜਣਾ ਚਾਹੁੰਦਾ ਹੈ।

ਇਸ ਬਹੁ-ਧਰੁਵੀ ਖੇਡ ਵਿਚ ਅਮਰੀਕੀ ਸਾਮਰਾਜ ਯੂਕਰੇਨੀ ਪ੍ਰਭੂਸੱਤਾ ਦੀ ਬਜਾਏ ਵਿਸ਼ਵਵਿਆਪੀ ਸਰਦਾਰੀ ਬਣਾਈ ਰੱਖਣ ਤੇ ਅੰਤਰ-ਸਾਮਰਾਜੀ ਦੁਸ਼ਮਣੀ ਨੂੰ ਆਪਣੇ ਹਿਤਾਂ ਮੁਤਾਬਕ ਢਾਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਬਦਲਦੇ ਸੰਸਾਰ ਸਮੀਕਰਨਾਂ ਤਹਿਤ ਉਸ ਲਈ ਰੂਸ ਨਾਲੋਂ ਵੱਡੀ ਚੁਣੌਤੀ ਚੀਨ ਹੋਣ ਕਰਕੇ ਅਮਰੀਕਾ ਇਸ ਜੰਗ ਦੇ ਬੋਝ ਤੋਂ ਮੁਕਤ ਹੋਣਾ ਚਾਹੁੰਦਾ ਹੈ। ਭਾਵੇਂ ਕਿ ਅਮਰੀਕਾ ਨਾਟੋ ਨੂੰ ਮੁੜ ਸੁਰਜੀਤ ਕਰ ਕੇ, ਅਮਰੀਕੀ ਫੌਜੀ ਸੁਰੱਖਿਆ, ਹਥਿਆਰਾਂ ਅਤੇ ਊਰਜਾ ’ਤੇ ਯੂਰਪੀਅਨ ਨਿਰਭਰਤਾ ਵਧਾ ਕੇ ਯੂਰਪ ’ਤੇ ਅਮਰੀਕੀ ਸਰਦਾਰੀ ਨੂੰ ਮੁੜ ਸਥਾਪਤ ਵੀ ਕਰਨਾ ਚਾਹੁੰਦਾ ਹੈ ਪਰ ਉਹ ਸਾਮਰਾਜੀ ਅੰਤਰ-ਵਿਰੋਧਾਂ ਵਿਚ ਬੁਰੀ ਤਰ੍ਹਾਂ ਫਸ ਚੁੱਕਾ ਹੈ। ਯੂਕਰੇਨ ਯੁੱਧ ਵਿਚ ਯੂਰਪੀ ਸੰਘ ਤੇ ਹੋਰ ਅਮਰੀਕੀ ਪੱਛਮੀ ਸਹਿਯੋਗੀਆਂ ਦੇ ਆਪਣੇ ਹਿੱਤ ਹਨ। ਯੂਰਪੀ ਸੰਘ ਦੇ ਜ਼ਿਆਦਾਤਰ ਦੇਸ਼ ਰੂਸ ਨੂੰ ਰੋਕਣ ਤੇ ਆਪਣੀ ਕਮਜ਼ੋਰ ਸੁਤੰਤਰ ਰੱਖਿਆ ਸਮਰੱਥਾ ਦੀ ਭਰਪਾਈ ਕਰਨ ਲਈ ਯੁੱਧ ਦਾ ਸਮਰਥਨ ਕਰਦੇ ਹਨ, ਜਿਸ ਨਾਲ ਉਸ ਦੀ ਅਮਰੀਕੀ ਫੌਜੀ ਸ਼ਕਤੀ ’ਤੇ ਨਿਰਭਰਤਾ ਹੋਰ ਵਧ ਰਹੀ ਹੈ। ਉੱਧਰ ਟਰੰਪ ਦੀ ਵਿਦੇਸ਼ ਨੀਤੀ ਦੇ ਉਤਰਾਅ-ਚੜ੍ਹਾਅ ਨੇ ਅਮਰੀਕੀ ਭਰੋਸੇਯੋਗਤਾ ਨੂੰ ਘਟਾ ਦਿੱਤਾ ਹੈ, ਜਿਸ ਨਾਲ ਯੂਰਪੀ ਸੰਘ ਰਣਨੀਤਕ ਖ਼ੁਦਮੁਖਤਿਆਰੀ ਬਾਰੇ ਵੀ ਦੁਚਿੱਤੀ ’ਚ ਫਸ ਗਿਆ ਹੈ।

ਰੂਸ-ਯੂਕਰੇਨ ਜੰਗ ਸੰਬੰਧੀ ਚੀਨ ਦੀ ਭੂਮਿਕਾ ਕੂਟਨੀਤਕ ਤੇ ਗੁੰਝਲਦਾਰ ਹੈ। ਚੀਨ ਨੇ ਰੂਸ ਨੂੰ ਵੱਡੇ ਪੈਮਾਨੇ ’ਤੇ ਘਾਤਕ ਹਥਿਆਰਾਂ ਦੀ ਸਪਲਾਈ ਤਾਂ ਨਹੀਂ ਕੀਤੀ ਪਰ ਵਪਾਰ, ਊਰਜਾ ਤੇ ਸਾਂਝੇ ਤਕਨਾਲੋਜੀ ਉੱਦਮਾਂ ਤਹਿਤ ਉਸ ਨੇ ਜੰਗੀ ਆਰਥਿਕਤਾ ’ਚ ਰੂਸ ਦੀ ਖ਼ੂਬ ਮਦਦ ਕੀਤੀ ਹੈ, ਜਿਸ ਨੇ ਰੂਸ ’ਤੇ ਪੱਛਮੀ ਪਾਬੰਦੀਆਂ ਨੂੰ ਬੇਅਸਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ।

ਸੰਸਾਰ ਪੱਧਰ ’ਤੇ ਇਸ ਜੰਗ ਦੇ ਵਿਆਪਕ ਪ੍ਰਭਾਵ ਪੈ ਰਹੇ ਹਨ। ਇਸ ਜੰਗ ਨੇ ਵਿਸ਼ਵਵਿਆਪੀ ਸਪਲਾਈ ਚੇਨਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਭੋਜਨ ਪਦਾਰਥਾਂ, ਊਰਜਾ, ਖੇਤੀਬਾੜੀ ਤੇ ਮਹੱਤਵਪੂਰਨ ਖਣਿਜਾਂ ਵਿਚ ਲਗਾਤਾਰ ਮਹਿੰਗਾਈ ਵਧੀ ਹੈ ਤੇ ਭੋਜਨ ਸੁਰੱਖਿਆ ਦਾ ਸੰਕਟ ਖੜ੍ਹਾ ਹੋ ਰਿਹਾ ਹੈ। ਫ਼ਿਲਹਾਲ ਯੂਕਰੇਨ ਜੰਗ ਨੂੰ ਲੈ ਕੇ ਕੋਈ ਤ੍ਰੈਪੱਖੀ ਸਹਿਮਤੀ ਨਹੀਂ ਬਣ ਰਹੀ, ਜਿਸ ਨਾਲ ਇਹ ਜੰਗ ਹੋਰ ਤਿੱਖੀ ਤੇ ਲਮਕ ਜਾਵੇਗੀ ਤੇ ਯੂਰਪ ਖ਼ਾਸਕਰ ’ਨਾਟੋ’ ਸਰਹੱਦਾਂ ਦੇ ਨੇੜੇ ਜੰਗੀ ਦਹਿਸ਼ਤ ਬਣੀ ਰਹੇਗੀ। ਇਸ ਜੰਗ ਦੁਆਲੇ ਕਈ ਮੁਲਕਾਂ ਦੀ ਰਾਸ਼ਟਰੀ ਸੁਰੱਖਿਆ, ਗਲੋਬਲ ਆਰਥਿਕਤਾ, ਅੰਤਰਰਾਸ਼ਟਰੀ ਕਾਨੂੰਨ, ਪ੍ਰਭੂਸੱਤਾ ਦੇ ਨਿਯਮਾਂ, ਸਾਮਰਾਜੀ ਤਾਕਤਾਂ ਦਾ ਸਮਤੋਲ ਤੇ ਬਹੁ-ਧਰੁਵੀ ਸੰਸਾਰ ਦਾ ਬਿਰਤਾਂਤ ਮੁੜ ਪ੍ਰਭਾਸ਼ਿਤ ਹੋ ਰਿਹਾ ਹੈ। ਇਸ ਜੰਗ ਦੇ ਲਮਕਣ ਜਾਂ ਹੋਰ ਵੱਧ ਤੀਬਰ ਹੋਣ ਨਾਲ ਭਾਰਤ ਦੇ ਰੂਸ ਨਾਲ ਵਪਾਰਕ ਲੈਣ-ਦੇਣ ’ਤੇ ਵੀ ਬੁਰਾ ਅਸਰ ਪਵੇਗਾ, ਕਿਉਂਕਿ ਅਮਰੀਕਾ ਭਾਰਤ ’ਤੇ ਰੂਸ ’ਤੇ ਤੇਲ ਨਾ ਲੈਣ ਲਈ ਦਬਾਅ ਪਾ ਰਿਹਾ ਹੈ। ਜੰਗ ਦੌਰਾਨ ਰੂਸੀ ਆਰਥਿਕ ਪਾਬੰਦੀਆਂ ਕਾਰਨ ਭਾਰਤ ਦੇ ਅਮਰੀਕਾ ਅਤੇ ਉਸ ਦੇ ਪੱਛਮੀ ਭਾਈਵਾਲਾਂ ਨਾਲ ਆਰਥਿਕ-ਸਿਆਸੀ ਸਬੰਧਾਂ ਬਾਰੇ ਵੀ ਨਵੀਆਂ ਚਿੰਤਾਵਾਂ ਖੜ੍ਹੀਆਂ ਹੋ ਸਕਦੀਆਂ ਹਨ। ਦੁਨੀਆ ਭਰ ਅੰਦਰ ਖ਼ੁਰਾਕੀ ਵਸਤਾਂ ਦੀ ਸਪਲਾਈ ਘਟਣ ਨਾਲ ਮਹਿੰਗਾਈ ਵਧ ਰਹੀ ਹੈ ਤੇ ਤੇਲ ਦੀਆਂ ਕੀਮਤਾਂ ਵਧ ਰਹੀਆਂ ਰਹੀਆਂ ਹਨ। ਇਸ ਜੰਗ ਦੇ ਵਿਸ਼ਵਵਿਆਪੀ ਪ੍ਰਭਾਵ ਪੈਣ ਕਾਰਨ ਇਸ ਦਾ ਸਭ ਤੋਂ ਵੱਧ ਖ਼ਾਮਿਆਜ਼ਾ ਸਮੁੱਚੇ ਸੰਸਾਰ ਭਰ ਦੀ ਕਿਰਤੀ ਜਮਾਤ ਨੂੰ ਭਗਤਣਾ ਪੈ ਰਿਹਾ ਹੈ। ਇਸ ਕਰਕੇ ਯੂਕਰੇਨੀ-ਰੂਸੀ ਲੋਕਾਂ, ਕੌਮਾਂਤਰੀ ਪੱਧਰ ਦੀਆਂ ਅਗਾਂਹਵਧੂ ਜਥੇਬੰਦੀਆਂ ਤੇ ਆਮ ਲੋਕਾਂ ਨੂੰ ਇਸ ਨਿਹੱਕੀ ਜੰਗ ਦਾ ਵਿਰੋਧ ਕਰਨਾ ਚਾਹੀਦਾ ਹੈ।

# ਰਾਜਨੇਤਾ ਰਾਜਾ-ਜਨਤਾ ਭਿਖਾਰੀ

ਸੰਦੀਪ ਕੁਮਾਰ ਰੂਪਨਗਰ



ਅੱਜ ਦੇ ਸਮੇਂ ਵਿਚ ਭਾਰਤੀ ਰਾਜਨੀਤੀ ਨੂੰ ਵੇਖ ਕੇ ਅਜਿਹਾ ਲੱਗਦਾ ਹੈ ਜਿਵੇਂ ਇਕ ਵੱਡਾ ਡਰਾਮਾ ਚੱਲ ਰਿਹਾ ਹੋਵੇ, ਜਿੱਥੇ ਹੁਕਮਰਾਨ ਰਾਜੇ ਬਣ ਜਾਂਦੇ ਹਨ ਅਤੇ ਆਮ ਜਨਤਾ ਨੂੰ ਭਿਖਾਰੀ ਵਾਂਗ ਬੇਸਹਾਰਾ ਛੱਡ ਦਿੱਤਾ ਜਾਂਦਾ ਹੈ। ਨੇਤਾ ਚੋਣਾਂ ਤੋਂ ਪਹਿਲਾਂ ਤਾਂ ਆਮ ਜਨਤਾ ਨੂੰ ਵੱਡੇ-ਵੱਡੇ ਸੁਪਨੇ ਵਿਖਾਉਂਦੇ ਹਨ ਪਰ ਜਿੱਤਣ ਉਪਰੰਤ ਉਹ ਆਪਣੇ-ਆਪ ਨੂੰ ਰਾਜੇ ਸਮਝਣ ਲੱਗ ਪੈਂਦੇ ਹਨ ਅਤੇ ਜਨਤਾ ਨੂੰ ਉਨ੍ਹਾਂ ਦੇ ਰਹਿਮੋ-ਕਰਮ ’ਤੇ ਨਿਰਭਰ ਹੋ ਜਾਂਦੀ ਹੈ।

ਚੋਣਾਂ ਤੋਂ ਪਹਿਲਾਂ ਨੇਤਾ ਆਮ ਲੋਕਾਂ ਨੂੰ ਹੱਥ ਜੋੜ ਕੇ ਮਿਲਦੇ ਹਨ, ਉਨ੍ਹਾਂ ਦੇ ਪੈਰੀਂ ਹੱਥ ਲਾਉਂਦੇ ਹਨ, ਉਨ੍ਹਾਂ ਨਾਲ ਗਲੇ ਮਿਲਦੇ ਹਨ, ਉਨ੍ਹਾਂ ਦੇ ਘਰਾਂ ਵਿਚ ਜਾ ਕੇ ਚਾਹ ਪੀਂਦੇ ਹਨ ਅਤੇ ਵੱਡੇ-ਵੱਡੇ ਵਾਅਦੇ ਕਰਦੇ ਹਨ। ਉਹ ਅਜਿਹਾ ਬੋਲਦੇ ਹਨ ਜਿਵੇਂ ਉਹ ਲੋਕਾਂ ਦੇ ਸੱਚੇ ਹਮਦਰਦ ਹੋਣ ਪਰ ਜਿੱਤਣ ਉਪਰੰਤ ਇਹੀ ਨੇਤਾ ਬਦਲ ਜਾਂਦੇ ਹਨ। ਉਨ੍ਹਾਂ ਨੂੰ ਮਿਲਣ ਲਈ ਆਮ ਨਾਗਰਿਕ ਨੂੰ ਉਨ੍ਹਾਂ ਦੇ ਦਫ਼ਤਰਾਂ ਵਿਚ ਧੱਕੇ ਖਾਣੇ ਪੈਂਦੇ ਹਨ। ਸਕਿਉਰਿਟੀ ਵਾਲੇ ਉਨ੍ਹਾਂ ਨੂੰ ਰੋਕਦੇ ਹਨ ਅਤੇ ਇਹ ਯਕੀਨੀ ਨਹੀਂ ਹੁੰਦਾ ਕਿ ਨੇਤਾ ਨਾਲ ਮੇਲ ਹੋਵੇਗਾ ਜਾਂ ਨਹੀਂ, ਕੰਮ ਪੂਰਾ ਹੋਣ ਦੀ ਗੱਲ ਤਾਂ ਬਹੁਤ ਦੂਰ ਦੀ ਹੈ।

ਇਹ ਰਾਜਨੇਤਾ ਸਰਕਾਰੀ ਬੰਗਲਿਆਂ ਵਿਚ ਰਹਿੰਦੇ ਹਨ, ਵੀਆਈਪੀ ਸਹੂਲਤਾਂ ਦਾ ਆਨੰਦ ਮਾਣਦੇ ਹਨ ਅਤੇ ਆਮ ਜਨਤਾ ਲਈ ਨੀਤੀਆਂ ਬਣਾਉਂਦੇ ਹਨ ਜੋ ਅਕਸਰ ਉਨ੍ਹਾਂ ਦੇ ਆਪਣੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਬਣਾਈਆਂ ਜਾਂਦੀਆਂ ਹਨ। ਉਹ ਆਪਣੇ ਆਲੇ-ਦੁਆਲੇ ਚਾਪਲੂਸਾਂ ਨੂੰ ਇਕੱਠੇ ਕਰ ਲੈਂਦੇ ਹਨ ਜੋ ਆਮ ਲੋਕਾਂ ਨੂੰ ਉਨ੍ਹਾਂ ਤੋਂ ਦੂਰ ਰੱਖਦੇ ਹਨ। ਇਕ ਵੱਡੀ ਵਿਡੰਬਣਾ ਇਹ ਵੀ ਹੈ ਕਿ ਜਦੋਂ ਇਹ ਨੇਤਾ ਕਿਸੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਦੇ ਹਨ ਜਾਂ ਉਸ ਨੂੰ ਪੂਰਾ ਕਰ ਕੇ ਉਦਘਾਟਨ ਕਰਦੇ ਹਨ ਤਾਂ ਆਲੇ-ਦੁਆਲੇ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਨਾਂ ਦੇ ਜ਼ਿੰਦਾਬਾਦ ਦੇ ਨਾਅਰੇ ਲਗਾਉਣੇ ਪੈਂਦੇ ਹਨ ਅਤੇ ਧੰਨਵਾਦ ਕਰਨਾ ਪੈਂਦਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਇਹ ਧੰਨਵਾਦ ਕਿਸ ਗੱਲ ਲਈ?

ਇਹ ਤਾਂ ਉਨ੍ਹਾਂ ਦਾ ਕੰਮ ਹੈ। ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਪਾ ਕੇ ਚੁਣਿਆ ਹੈ ਤਾਂ ਜੋ ਉਹ ਸਮਾਜ ਦੀਆਂ ਜ਼ਰੂਰਤਾਂ ਪੂਰੀਆਂ ਕਰਨ। ਸੜਕਾਂ ਬਣਾਉਣਾ, ਹਸਪਤਾਲ ਖੋਲ੍ਹਣੇ, ਸਕੂਲ ਬਣਾਉਣੇ, ਰੁਜ਼ਗਾਰ ਦੇ ਮੌਕੇ ਪੈਦਾ ਕਰਨਾ, ਇਹ ਸਭ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਪਰ ਭਾਰਤ ਵਿਚ ਬਿਲਕੁਲ ਇਸ ਦੇ ਉਲਟ ਹੋ ਰਿਹਾ ਹੈ। ਸੱਤਾਧਾਰੀ ਲੋਕ ਇਨ੍ਹਾਂ ਕੰਮਾਂ ਨੂੰ ਆਪਣੀ ਮਿਹਰਬਾਨੀ ਵਾਂਗ ਪੇਸ਼ ਕਰਦੇ ਹਨ ਅਤੇ ਜਨਤਾ ਨੂੰ ਉਨ੍ਹਾਂ ਦੇ ਅਹਿਸਾਨਮੰਦ ਬਣਨ ਲਈ ਮਜਬੂਰ ਕਰਦੇ ਹਨ। ਭਾਰਤੀ ਰਾਜਨੀਤੀ ਦੀ ਇਸ ਵਿਵਸਥਾ ਨੇ ਸਮਾਜ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ।

ਇਕ ਵਾਰ ਜਿੱਤਣ ’ਤੇ ਕਿਸੇ ਵੀ ਨੇਤਾ ਦੀ ਜ਼ਿੰਦਗੀ ਬਦਲ ਜਾਂਦੀ ਹੈ। ਉਸ ਨੂੰ ਵੱਡੇ ਬੰਗਲੇ, ਕਾਰਾਂ, ਸਕਿਉਰਿਟੀ ਅਤੇ ਅਨੇਕ ਸਹੂਲਤਾਂ ਮਿਲ ਜਾਂਦੀਆਂ ਹਨ। ਉਹ ਅਮੀਰ ਬਣ ਜਾਂਦਾ ਹੈ ਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਉੱਚੇ ਅਹੁਦਿਆਂ ’ਤੇ ਬਿਠਾ ਲੈਂਦਾ ਹੈ। ਜਦਕਿ ਆਮ ਜਨਤਾ ਦੀ ਹਾਲਤ ਬਦ ਤੋਂ ਬਦਤਰ ਹੋ ਰਹੀ ਹੈ। ਗ਼ਰੀਬੀ ਵਧ ਰਹੀ ਹੈ, ਬੇਰੁਜ਼ਗਾਰੀ ਨੌਜਵਾਨਾਂ ਨੂੰ ਖਾ ਰਹੀ ਹੈ, ਸਿਹਤ ਅਤੇ ਸਿੱਖਿਆ ਵਿਵਸਥਾ ਬੁਰੀ ਹਾਲਤ ਵਿਚ ਹੈ।

ਵੋਟ ਬੈਂਕ ਨੂੰ ਮਜ਼ਬੂਤ ਕਰਨ ਲਈ ਕੁਝ ਵਿਸ਼ੇਸ਼ ਵਰਗਾਂ ਲਈ ਇਕਤਰਫ਼ਾ ਪੱਖਪਾਤੀ ਨਿਯਮ ਭਾਵ ਕਾਨੂੰਨਾਂ ਦਾ ਨਿਰਮਾਣ ਕਰ ਕੀਤਾ ਜਾਂਦਾ ਹੈ। ਇਸ ਵਿਵਸਥਾ ਨੇ ਸਮਾਜ ਵਿਚ ਅਸਮਾਨਤਾ ਵਧਾ ਦਿੱਤੀ ਹੈ। ਅੱਜ ਨੌਜਵਾਨ ਰਾਜਨੀਤੀ ਨੂੰ ਨਫ਼ਰਤ ਨਾਲ ਵੇਖਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਇਹ ਇਕ ਅਜਿਹੀ ਖੇਡ ਹੈ ਜਿੱਥੇ ਸਿਰਫ਼ ਅਮੀਰ ਅਤੇ ਸੱਤਾਧਾਰੀ ਜਿੱਤਦੇ ਹਨ। ਆਮ ਆਦਮੀ ਨੂੰ ਵੋਟਾਂ ਵੇਲੇ ਹੀ ਯਾਦ ਕੀਤਾ ਜਾਂਦਾ ਹੈ ਅਤੇ ਬਾਅਦ ਵਿਚ ਭੁੱਲ-ਭੁਲਾ ਦਿੱਤਾ ਜਾਂਦਾ ਹੈ।


# ਮਨੁੱਖ ਨੂੰ ਬਿਹਤਰ ਇਨਸਾਨ ਬਣਾਉਂਦਾ ਹੈ ਗੁਰਮਤਿ ਦਰਸ਼ਨ

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ**
**(ਸਿਰੀਰਾਗੁ, ਮ:1, ਅੰਗ:62)**

ਸੱਚ ਬੋਲਣਾ, ਸੱਚ ਸੁਣਨਾ, ਸੱਚ ਨੂੰ ਮੰਨਣਾ ਤੇ ਸੱਚ ਦੇ ਰਾਹ 'ਤੇ ਚੱਲਣਾ ਸਿੱਖ ਧਰਮ ਦਾ ਮੁਢਲਾ ਨਿਯਮ ਹੈ। ਰੱਬ ਨਾਲ ਇੱਕਮਿੱਕ ਹੋਣ ਦੀ ਵਿਧੀ ਹੈ, ਗੁਰੂ ਦੇ ਰਾਹ ਵੱਲ ਤੁਰਨਾ। ਸਿੱਖੀ ਕਿਸੇ ਨਵੀਂ ਮਜ਼ਹਬੀ ਰਸਮ ਜਾਂ ਪੂਜਾ-ਪੱਧਤੀ ਦਾ ਨਾਂਅ ਨਹੀਂ ਹੈ। ਇਹ ਇਕ ਮਨੁੱਖੀ ਕ੍ਰਾਂਤੀ, ਇਕ ਨੈਤਿਕ ਵਿਕਾਸ ਸੀ- ਡਰ, ਵੈਰ, ਜਾਤ-ਪਾਤ, ਝੂਠ ਤੇ ਜ਼ੁਲਮ ਆਧਾਰਤ ਸਮਾਜ ਦੀ ਵੰਡ ਦੇ ਖ਼ਿਲਾਫ਼। ਗੁਰੂ ਨਾਨਕ ਦੇਵ ਜੀ ਦੀ ਮਨੁੱਖਤਾ ਨੂੰ ਸਭ ਤੋਂ ਵੱਡੀ ਦੇਣ ਸਾਧਾਰਨ ਮਨੁੱਖ ਨੂੰ ਇਕ ਬਿਹਤਰ ਇਨਸਾਨ ਬਣਾਉਣ ਦੀ ਪ੍ਰਕਿਰਿਆ ਸੀ। ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਨੂੰ ਦੂਰ ਆਕਾਸ਼ਾਂ ਵਿਚ ਵਸਦਾ ਹੋਇਆ ਨਹੀਂ ਦੱਸਿਆ। ਉਨ੍ਹਾਂ ਲਈ ਬ੍ਰਹਮ ਇਕ ਓਅੰਕਾਰ ਹੈ ਨਿਰਭਉ, ਨਿਰਵੈਰ, ਜੋ ਹਰ ਮਨੁੱਖ ਦੇ ਅੰਦਰ ਵਸਦਾ ਹੈ। ਬ੍ਰਹਮ ਨੂੰ ਲੱਭਣ ਲਈ ਅੰਦਰ ਝਾਕਣਾ ਪੈਂਦਾ ਹੈ ਅਤੇ ਦੂਜੇ ਮਨੁੱਖ 'ਚ ਵੀ ਉਸੇ ਜੋਤਿ ਨੂੰ ਦੇਖਣਾ ਪੈਂਦਾ ਹੈ। ਇਹ ਵਿਚਾਰ ਉਸ ਸਮੇਂ ਦੇ ਹਿੰਸਕ ਤੇ ਅਸਮਾਨਤਾਵਾਂ ਨਾਲ ਭਰੇ ਸਮਾਜ ਲਈ ਕ੍ਰਾਂਤੀਕਾਰੀ ਤੇ ਨਵੇਂ ਸਨ।

**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥**
**ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥**
**(ਅੰਗ : 468)**

ਸੱਚ ਸਭ ਬਿਮਾਰੀਆਂ ਤੇ ਸਮੱਸਿਆਵਾਂ ਦਾ ਇਲਾਜ ਵੀ ਹੈ। ਅੱਜ ਦੇ ਸਿੱਖ ਸਮਾਜ ਦੀਆਂ ਸਮੱਸਿਆਵਾਂ ਦਾ ਹੱਲ ਵੀ ਸੱਚ ਨੂੰ ਸਮਰਪਣ, ਵਿਚਾਰ ਕਰਨ, ਨੀਤੀ ਘੜਨ ਤੇ ਉਸ 'ਤੇ ਚੱਲਣ ਵਿਚ ਹੈ। ਸਿੱਖੀ ਅਸਲ ਵਿਚ ਮਨੁੱਖ ਤੋਂ ਪਰਮ ਮਨੁੱਖ ਦੀ ਯਾਤਰਾ ਹੈ। ਸਿੱਖ ਇਤਿਹਾਸ ਦਾ ਸਭ ਤੋਂ ਪ੍ਰਭਾਵਸ਼ਾਲੀ ਪੱਖ ਉਹ ਹੈ, ਜਿੱਥੇ ਭਿਆਨਕ ਅਪਰਾਧੀ ਵੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਨਾਲ ਸੁਧਰ ਗਏ। ਸੱਜਣ ਠੱਗ, ਜੋ ਯਾਤਰੀਆਂ ਨੂੰ ਠੱਗ ਕੇ ਮਾਰਦਾ ਸੀ। ਭੂਮੀਆ ਚੋਰ, ਜੋ ਡਾਕਿਆਂ ਲਈ ਮਸ਼ਹੂਰ ਸੀ। ਕੌਡਾ ਰਾਖਸ਼, ਜੋ ਮਨੁੱਖਾਂ ਨੂੰ ਖਾਣ ਵਾਲਾ ਦਰਿੰਦਾ ਸਮਝਿਆ ਜਾਂਦਾ ਸੀ। ਉਨ੍ਹਾਂ ਨੇ ਗੁਰੂ ਉਪਦੇਸ਼ ਕਾਰਨ ਆਪਣੇ-ਆਪ ਨੂੰ ਭਟਕੇ ਹੋਏ ਕਿਰਦਾਰਾਂ ਵਜੋਂ ਦੇਖਿਆ। ਇਹੀ ਪਲ ਉਨ੍ਹਾਂ ਦੇ ਅੰਦਰ



ਪਸ਼ਚਾਤਾਪ, ਨਿਮਰਤਾ ਤੇ ਨਵਾਂ ਜਨਮ ਲੈ ਕੇ ਆਇਆ। ਇਹ ਲੋਕ ਸੇਵਕ ਬਣੇ, ਰਾਹਗੀਰਾਂ ਦੇ ਰਖਵਾਲੇ ਤੇ ਇਤਿਹਾਸਕ ਪਾਤਰ ਬਣੇ। ਇਹ ਸੂਚੀ ਬਹੁਤ ਲੰਬੀ ਹੈ। ਇਹੀ ਸੀ ਸਿੱਖੀ ਦੀ ਵਿਧੀ-ਸਜ਼ਾ ਨਹੀਂ, ਸੁਧਾਰ।

ਸਿੱਖੀ ਕਦੇ ਵੀ ਸੰਨਿਆਸ ਨਹੀਂ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੀਰੀ-ਪੀਰੀ ਦੇ ਸਿਧਾਂਤ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਖ਼ਾਲਸਾ ਸਾਜਨਾ ਤੱਕ ਸਿੱਖੀ ਨੇ ਸੰਤ-ਸਿਪਾਹੀ ਤਿਆਰ ਕੀਤੇ, ਜੋ ਅਕਾਲ ਪੁਰਖ ਦੀ ਫ਼ੌਜ ਦੇ ਸਿਪਾਹੀ ਬਣ ਮਨੁੱਖੀ ਹੱਕਾਂ ਦੇ ਅਲੰਬਰਦਾਰ ਬਣੇ। ਇਹ ਅਕਾਲ ਪੁਰਖ ਦੇ ਸਿਪਾਹੀ ਆਤਮਿਕ ਤੌਰ 'ਤੇ ਉੱਚੇ, ਨੈਤਿਕ ਤੌਰ 'ਤੇ ਦ੍ਰਿੜ, ਸਮਾਜਿਕ ਤੌਰ 'ਤੇ ਜ਼ਿੰਮੇਵਾਰ ਅਤੇ ਜ਼ੁਲਮ ਖ਼ਿਲਾਫ਼ ਖੜ੍ਹੇ ਹੋਏ। ਮੁਗ਼ਲ ਹਕੂਮਤ ਦਾ ਜ਼ੁਲਮ, ਜ਼ਬਰਦਸਤੀ ਧਰਮ-ਪਰਿਵਰਤਨ ਅਤੇ ਕਤਲੇਆਮ ਵੀ ਉਨ੍ਹਾਂ ਨੂੰ ਸੱਚੇ ਰੱਬੀ ਮਾਰਗ ਤੋਂ ਰੋਕ ਨਹੀਂ ਸਕੇ ਸਨ। ਸਿੱਖ ਹਿੰਸਕ ਨਹੀਂ ਉਹ ਧਰਮੀ ਯੋਧੇ ਸਨ, ਜੋ ਮਨੁੱਖੀ ਹੱਕਾਂ ਦੇ ਰਾਖੇ ਬਣੇ।

ਮੁਗਲਾਂ ਨੇ ਤਾਂ ਕੇਵਲ ਸਿੱਖ ਕਤਲੇਆਮ ਦਾ ਰਾਹ ਫੜਿਆ ਸੀ, ਜਿਸ ਨਾਲ ਸਿੱਖ ਦੂਣ-ਸਵਾਏ ਹੁੰਦੇ ਰਹੇ ਪਰ ਅੰਗਰੇਜ਼ਾਂ ਦੀ ਚੋਟ ਯੋਜਨਾਬੱਧ ਸੀ। ਉਨ੍ਹਾਂ ਨੇ ਸਿੱਖਾਂ ਨੂੰ ਸਿਰਫ਼ ਜੰਗ 'ਚ ਨਹੀਂ ਹਰਾਇਆ, ਸਗੋਂ ਉਨ੍ਹਾਂ ਨੇ ਸਿੱਖੀ ਦੇ ਫ਼ਲਸਫ਼ੇ ਅਤੇ ਅਸੂਲਾਂ 'ਤੇ ਵੀ ਹਮਲਾ ਕੀਤਾ। ਉਹ ਜਾਣਦੇ ਸਨ ਕਿ ਸਿੱਖ ਤਾਕਤ ਦੀ ਜੜ੍ਹ



ਇਕਬਾਲ ਸਿੰਘ ਲਾਲਪੁਰਾ
9780003333


ਹੈ- ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਤੇ ਦੀਦਾਰ ਖਾਲਸੇ ਕਾ, ਜਿਸ 'ਚ ਪੰਥਕ ਏਕਤਾ, ਗੁਰੂ 'ਤੇ ਭਰੋਸਾ ਅਤੇ ਆਤਮਿਕ ਆਜ਼ਾਦੀ ਵਾਲੀ ਸੋਚ ਸ਼ਾਮਿਲ ਸੀ। ਅੰਗਰੇਜ਼ਾਂ ਨੇ ਫੁੱਟ ਪਾਉਣ ਲਈ ਨਵੇਂ 'ਵਫ਼ਾਦਾਰ ਸਰਦਾਰ' ਪੈਦਾ ਕੀਤੇ, ਆਜ਼ਾਦ ਹਸਤੀ ਦੇ ਪ੍ਰਤੀਕ ਮਹਾਰਾਜਾ ਰਣਜੀਤ ਸਿੰਘ ਦੇ ਵੰਸ਼ ਦਾ ਨਾਸ਼ ਕੀਤਾ, ਸਿੱਖ ਕੌਮ ਦੀ ਪਨੀਰੀ ਨੂੰ ਭਾਰਤੀ ਸਮਾਜ 'ਚ ਵੰਡਿਆ, ਸਿੱਖਾਂ ਨੂੰ ਗੁਰਮੁਖੀ ਦੀ ਪੜ੍ਹਾਈ ਤੋਂ ਵਾਂਝੇ ਕਰਕੇ ਗੁਰਮਤਿ ਤੋਂ ਦੂਰ ਕੀਤਾ ਅਤੇ ਅਕਾਲ ਦੇ ਪੁਜਾਰੀਆਂ ਦੇ ਸਾਹਮਣੇ ਨਵੇਂ ਬਣਾਏ 'ਬਾਬਿਆਂ' ਨੂੰ ਜਗਤ ਗੁਰੂ ਬਾਬਾ ਨਾਨਕ ਦੇ ਸ਼ਰੀਕ ਖੜ੍ਹੇ ਕਰਕੇ ਭਰਮ ਪੈਦਾ ਕਰ ਦਿੱਤਾ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਵਿਚ ਹੌਲੀ-ਹੌਲੀ ਕਈ ਤਰ੍ਹਾਂ ਦੀਆਂ ਕਮਜ਼ੋਰੀਆਂ ਆ ਗਈਆਂ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਸਿੱਖ ਸਮਾਜ ਨੂੰ ਰਾਜਨੀਤੀ ਤੋਂ ਅਣਜਾਣ, ਦ੍ਰਿਸ਼ਟੀਹੀਣ ਤੇ ਸਵਾਰਥੀ ਆਗੂ ਮਿਲੇ। ਸਿੱਖਾਂ ਦੀ ਬ੍ਰਹਿਮੰਡੀ ਸੋਚ ਦੀ ਥਾਂ ਸੰਕੁਚਿਤ ਸੋਚ, ਡਰ ਦਾ ਵਪਾਰ ਤੇ ਸਿੱਖ ਪਛਾਣ ਦੇ ਖ਼ਤਰੇ ਦੀ ਰਾਜਨੀਤੀ ਨੇ ਲੈ ਲਈ, ਜਿਸ 'ਚੋਂ ਧਰਮ ਪ੍ਰਚਾਰ ਤੇ ਪਸਾਰ ਮਨਫ਼ੀ ਸੀ। ਇਹ ਸਾਰਾ ਕੁਝ ਸਮੂਹਿਕ ਕੌਮੀ ਨੁਕਸਾਨ ਦਾ ਕਾਰਨ ਬਣਿਆ। ਨਤੀਜਾ-ਇਕ ਅਜਿਹੀ ਕੌਮ ਜੋ ਮਨੁੱਖਤਾ ਦੀ ਅਗਵਾਈ ਕਰ ਸਕਦੀ ਸੀ, ਆਪਣੇ ਹੀ ਪਰਛਾਵੇਂ ਤੋਂ ਡਰਨ ਲੱਗ ਪਈ। ਇਹ ਹੀ ਮੌਕਾ ਸੀ, ਜਦੋਂ ਸਿੱਖ ਨੌਜਵਾਨੀ ਗਲਤ ਰਾਹਾਂ ਵੱਲ ਧੱਕੀ ਗਈ। ਸਭ ਤੋਂ ਦੁਖਦਾਈ ਅਧਿਆਇ ਉਦੋਂ ਸ਼ੁਰੂ ਹੋਇਆ, ਜਦੋਂ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਤੋਂ ਟੁੱਟੀ ਜਵਾਨੀ ਨੂੰ ਕਈ ਤਰ੍ਹਾਂ ਦੀਆਂ ਹਿੰਸਾ ਵਿਚ ਯਕੀਨ ਰੱਖਣ ਵਾਲੀਆਂ ਜਥੇਬੰਦੀਆਂ ਅਤੇ ਗੈਂਗਸਟਰਾਂ ਵਲੋਂ ਵਰਤਿਆ ਜਾਣਾ ਆਰੰਭ ਹੋਇਆ, ਜਿਸ 'ਚ ਬਦਲਾ, ਗੁੱਸਾ ਤੇ ਹਿੰਸਾ ਸਾਧਨ ਬਣ ਗਏ। ਸਿਮਰਨ ਤੇ ਸੇਵਾ ਗੁਰਮਤਿ ਦਾ ਫ਼ਲਸਫ਼ਾ ਹੈ। ਧਰਮਸ਼ਾਲਾ ਜਾਂ ਗੁਰਦੁਆਰਾ ਸੇਵਾ ਰਾਹੀਂ ਧਰਮ ਕਮਾਉਣ ਦੀ ਸੰਸਥਾ ਹੈ, ਜੋ ਕੁੱਲ ਮਨੁੱਖਤਾ ਲਈ ਹੈ। ਅਸਲ ਵਿਚ ਗੁਰਦੁਆਰਾ ਸਿੱਖ ਸਮਾਜ ਦਾ ਕੇਂਦਰ ਹੈ, ਲੰਗਰ ਸਮਾਨਤਾ ਦਾ ਪ੍ਰਯੋਗ ਹੈ, ਕੀਰਤਨ ਨੈਤਿਕ ਜਾਗਰੂਕਤਾ ਹੈ, ਰਹਿਤ ਅਨੁਸ਼ਾਸਨ ਹੈ, ਸਿਰਫ਼ ਰਸਮਾਂ ਨਹੀਂ। ਜਦੋਂ ਕੋਈ ਵੀ ਵਿਧੀ ਰਸਮ ਬਣ ਜਾਂਦੀ ਹੈ ਤਾਂ ਉਸ ਦੀ ਆਤਮਾ ਖੋਹ ਜਾਂਦੀ ਹੈ।

ਕੌਮ ਦੀ ਪੁਰਾਤਨ ਫ਼ਲਸਫ਼ੇ ਤੇ ਸ਼ਾਨ ਵੱਲ ਵਾਪਸੀ ਭਾਵੇਂ ਮੁਸ਼ਕਿਲ ਜਾਪਦੀ ਹੈ, ਪਰ ਅਸੰਭਵ ਨਹੀਂ ਹੈ, ਕਿਉਂਕਿ ਜੇ ਸੱਜਣ ਠੱਗ ਬਦਲ ਸਕਦਾ ਹੈ, ਜੇ ਕੌਡਾ ਰਾਖਸ਼ ਜਾਗ ਸਕਦਾ ਹੈ ਤਾਂ ਸਿੱਖ ਕਿਉਂ ਨਹੀਂ? ਬੱਸ ਲੋੜ ਹੈ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਨਾਲ ਮੁੜ ਜੁੜਨ ਦੀ, ਡਰ ਦੀ ਰਾਜਨੀਤੀ ਤਿਆਗਣ ਦੀ, ਨੈਤਿਕ ਤੇ ਕਿਰਦਾਰ ਵਾਲੀ ਲੀਡਰਸ਼ਿਪ ਪੈਦਾ ਕਰਨ ਦੀ ਅਤੇ ਨੌਜਵਾਨੀ ਨੂੰ ਫ਼ਲਸਫ਼ੇ ਤੇ ਇਤਿਹਾਸ ਨਾਲ ਜੋੜਨ ਦੀ।

ਆਓ ਮਾਨਵੀ ਸੋਚ ਦੁਬਾਰਾ ਪ੍ਰਗਟ ਕਰਨ ਦੀ ਯੋਜਨਾ ਬਣਾਈਏ। ਸਿੱਖੀ ਚੜ੍ਹਦੀ ਕਲਾ ਵਾਲੇ ਇਨਸਾਨ ਬਣਾਉਣ ਲਈ ਪ੍ਰਗਟ ਹੋਈ ਸੀ। ਜੋ ਜ਼ੁਲਮ ਖ਼ਿਲਾਫ਼ ਖੜ੍ਹ ਸਕਦੇ ਹਨ, ਕਮਜ਼ੋਰਾਂ ਦੀ ਰੱਖਿਆ ਕਰਦੇ ਹਨ, ਸੱਚ ਬੋਲਦੇ ਹਨ, ਸੱਚਾ ਆਚਾਰ ਰੱਖਦੇ ਹਨ, ਨਿਰਭਉ ਤੇ ਨਿਰਵੈਰ ਜੀਵਨ ਜਿਉਂਦੇ ਹਨ। ਆਓ ਯੋਜਨਾ ਬਣਾਈਏ, ਵਿਚਾਰ ਕਰੀਏ ਤੇ ਨਿਸ਼ਚਾ ਕਰਕੇ ਜਿੱਤ ਵੱਲ ਵਧੀਏ- ਮਨੁੱਖਤਾ ਲਈ, ਭਾਰਤ ਲਈ, ਗੁਰੂ ਨਾਨਕ ਦੇਵ ਜੀ ਦੇ ਸੁਪਨੇ ਲਈ ਅਤੇ ਪੰਥ ਦੀ ਚੜ੍ਹਦੀ ਕਲਾ ਲਈ।

# ਏਕੋ ਹੈ ਭਾਈ ਏਕੋ ਹੈ

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਹਮੇਸ਼ਾ ਹੀ ਮਨੁੱਖਤਾ ਲਈ ਚਾਨਣ ਮੁਨਾਰੇ ਦਾ ਕੰਮ ਕਰਦੀਆਂ ਰਹਿਣਗੀਆਂ, ਕਿਉਂ ਜੁ ਉਹ ਸਿੱਖਿਆਵਾਂ ਹਰੇਕ ਇਨਸਾਨੀ ਜਾਮੇ ਵਿਚ ਇਸ ਸੰਸਾਰ ਅੰਦਰ ਜਨਮ ਲੈਣ ਵਾਲੇ ਮਨੁੱਖ ਦੇ ਮਨੁੱਖੀ ਅਧਿਕਾਰਾਂ ਦੀ ਗੱਲ ਤਾਂ ਕਰਦੀਆਂ ਹੀ ਹਨ, ਉੱਥੇ ਮਨੁੱਖੀ ਜ਼ਿੰਦਗੀ ਨੂੰ ਸੰਵਾਰਨ ਤੇ ਸਹਿਜ ਢੰਗ ਨਾਲ ਜਿਉਣ ਦੀ ਕਲਾ ਵੀ ਦੱਸਦੀਆਂ ਹਨ। ਭਾਵੇਂ ਕਿ ਮਨੁੱਖ ਨੇ ਆਪੋ-ਆਪਣੀ ਸੋਚ ਦੇ ਨਾਲ ਕਈ ਧਰਮ, ਮਜ਼੍ਹਬ, ਜਾਤ-ਪਾਤ ਆਦਿ ਬਣਾ ਕੇ ਆਪਣੇ-ਆਪ ਨੂੰ ਹੀ ਆਪਣੀ ਜ਼ਿੰਦਗੀ ਦੀ ਕੁੱਲ ਉਮਰ ਦੇ ਨਾਲੋਂ ਕਈ ਗੁਣਾ ਵੱਧ ਵੰਡੀਆਂ ਵਿਚ ਵੰਡ ਲਿਆ ਹੈ। ਪਰ ਇਹ ਵੀ ਸੱਚ ਹੈ ਕਿ ਰੱਬ ਦੀ ਹੋਂਦ ਨੂੰ ਮੰਨਣ ਵਾਲਾ ਕੋਈ ਅਜਿਹਾ ਮਨੁੱਖ ਨਹੀਂ ਹੋਵੇਗਾ, ਜੋ ਬਾਬੇ ਨਾਨਕ ਦੇ 'ਇਕ' ਦੇ ਸਿਧਾਂਤ ਤੋਂ ਮੁਨਕਰ ਹੁੰਦਾ ਹੋਵੇ। ਬਾਬੇ ਨਾਨਕ ਦਾ 'ਪ੍ਰਮਾਤਮਾ ਇਕ ਹੈ' ਦਾ ਸਿਧਾਂਤ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਸਮਰੱਥਾ ਰੱਖਦਾ ਹੈ ਅਤੇ ਸ਼ਬਦ ਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਵੀ ਗੁਰੂ ਨਾਨਕ ਦੇਵ ਜੀ ਦੀ ਜਪੁਜੀ ਸਾਹਿਬ ਬਾਣੀ ਤੋਂ ਹੁੰਦੀ ਹੈ ਅਤੇ ਉੱਥੇ ਵੀ ਪਹਿਲਾਂ 'ਇਕ' ਤੋਂ ਸ਼ੁਰੂਆਤ ਹੁੰਦੀ ਹੈ, ਜੋ ਬ੍ਰਹਿਮੰਡ ਦੇ ਇਸ ਵੇਖੇ ਜਾਂ ਨਾ ਵੇਖੇ ਜਾ ਸਕਣ ਵਾਲੇ ਬੇਅੰਤ ਪਸਾਰੇ ਤੇ ਇਸ ਦੇ ਇਕੋ-ਇਕ ਕਰਤੇ ਦਾ ਸੂਚਕ ਹੈ। ਇਸੇ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਿਸ ਮਹਾਨ ਸਤਿਕਾਰਤ ਗ੍ਰੰਥ ਦਾ ਪਹਿਲਾ ਅੱਖਰ ਹੀ ਐਨਾ ਵਿਸ਼ਾਲ ਹੈ ਤਾਂ ਸਮੁੱਚਾ ਗ੍ਰੰਥ ਵਿਸ਼ਵ ਲਈ ਕਿੰਨਾ ਭਾਵਪੂਰਤ ਹੋਵੇਗਾ। ੧ਓ ਨੂੰ ਸਿੱਖ ਵਿਚਾਰਧਾਰਾ ਦੀ ਨੀਂਹ ਕਿਹਾ ਜਾ ਸਕਦਾ ਹੈ। ੧ਓ ਗੁਰਬਾਣੀ ਅੰਦਰ 568 ਵਾਰ ਦਰਜ ਹੈ, ਜਿਸ ਦਾ ਭਾਵ ਹੈ ਕਿ ਸ੍ਰਿਸ਼ਟੀ ਦੀ ਸਾਜਣਾ, ਪਾਲਣਾ ਤੇ ਨਾਸ਼ ਕਰਨ ਦੀ ਸਮਰੱਥਾ ਰੱਖਣ ਵਾਲਾ ਕਰਤਾ ਇਕ ਹੈ ਅਤੇ ਉਹ ਹਰ ਥਾਈਂ ਕਣ-ਕਣ ਵਿਚ ਮੌਜੂਦ ਹੈ। ਵਿਦਵਾਨਾਂ ਵਲੋਂ ੧ਓ ਸ਼ਬਦ ਦਾ ਉਚਾਰਨ ਇਕ ਓਅੰਕਾਰ ਜਾਂ ਏਕੰਕਾਰ ਕੀਤਾ ਗਿਆ, ਭਾਵੇਂ ਕਿ ਕਿਤੇ


ਇਕਵਾਕ ਸਿੰਘ ਪੱਟੀ


ਨਾ ਕਿਤੇ ਇਸ ਦੇ ਉਚਾਰਨ ਸੰਬੰਧੀ ਮਤਭੇਦ ਹੈ, ਪਰ ਸਾਂਝੇ ਤੌਰ 'ਤੇ ਸਿੱਖ ਕੌਮ ਵਲੋਂ ਇਕ ਓਅੰਕਾਰ ਹੀ ਪ੍ਰਵਾਨ ਕੀਤਾ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਜਾਂ ਆਗਮਨ ਸਮੇਂ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਹਾਲਾਤ ਬਦ ਤੋਂ ਵੀ ਬਦਤਰ ਹੋ ਚੁੱਕੇ ਸਨ। ਹੁਕਮਰਾਨਾਂ ਵਲੋਂ ਲੁੱਟ-ਖਸੁੱਟ ਜਬਰੀ ਕੀਤੀ ਜਾਂਦੀ ਸੀ ਤੇ ਧਾਰਮਿਕ ਆਗੂਆਂ ਵਲੋਂ ਧਰਮ ਦੇ ਨਾਂਅ 'ਤੇ ਕਰਮਕਾਂਡਾਂ, ਅੰਧਵਿਸ਼ਵਾਸਾਂ, ਅਡੰਬਰਾਂ ਜ਼ਰੀਏ ਮਨੁੱਖ ਦੀ ਲੁੱਟ ਕੀਤੀ ਜਾ ਰਹੀ ਸੀ। ਮਨੁੱਖ ਨੇ ਆਪੋ-ਆਪਣੀ ਸੋਚ-ਸਮਝ ਅਨੁਸਾਰ ਵੱਖ-ਵੱਖ ਕਿਸਮਾਂ ਦੇ ਰੱਬ ਬਣਾ ਲਏ ਜਾਂ ਕਹਿ ਲਈਏ ਕੇ ਕੁਝ ਚਤੁਰ ਧਾਰਮਿਕ ਪੁਜਾਰੀਆਂ ਨੇ ਆਪਣਾ ਨਫ਼ਾ-ਨੁਕਸਾਨ ਵੇਖਦੇ ਹੋਏ ਬਹੁਤ ਸਾਰੇ ਕਲਪਿਤ ਰੱਬਾਂ ਦਾ ਵਿਸ਼ਵਾਸ ਮਨੁੱਖੀ ਦਿਮਾਗਾਂ ਅੰਦਰ ਭਰ ਦਿੱਤਾ, ਜਿਸ ਕਰਕੇ ਅਨੇਕਤਾ ਦੀ ਪੂਜਾ 'ਚ ਵਾਧਾ ਹੋਇਆ। ਮਨੁੱਖਤਾ ਧਰਮ ਦੇ ਨਾਂਅ 'ਤੇ ਉੱਚੀਆਂ-ਨੀਵੀਆਂ ਜਾਤਾਂ, ਰੰਗ-ਨਸਲ ਅਤੇ ਅਮੀਰੀ-ਗਰੀਬੀ ਵਿਚ ਬੁਰੀ ਤਰ੍ਹਾਂ ਵੰਡੀ ਪਈ ਸੀ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥** (ਮਾਝ, ਮ:1, ਅੰਗ:145)

ਇਹ ਉਸ ਵੇਲੇ ਦੀ ਸੱਚਾਈ ਹੈ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਬਿਆਨ ਕੀਤਾ ਸੀ। ਇਸ ਲਈ ਮਨੁੱਖਤਾ ਇਕ ਧਾਗੇ 'ਚ ਪ੍ਰੋਣ ਲਈ, ਲੋਕ ਮਨਾਂ ਨੂੰ ਬਰਾਬਰਤਾ ਦਾ ਅਹਿਸਾਸ ਕਰਵਾਉਣ ਲਈ, ਅਣਖ ਤੇ ਗ਼ੈਰਤ ਭਰਿਆ ਸਤਿਕਾਰਤ ਜੀਵਣ ਜਿਊਣ ਲਈ ਗੁਰੂ ਨਾਨਕ ਜੀ ਨੇ ਮਨੁੱਖਤਾ ਨੂੰ 'ਇਕ ਓਅੰਕਾਰ' ਦਾ ਸਿਧਾਂਤ ਬਖਸ਼ਿਸ਼ ਕੀਤਾ। ਉਨ੍ਹਾਂ ਨੇ ਖ਼ੁਦ ਵੀ ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ ਨੂੰ ਮੰਨਿਆ ਤੇ ਪ੍ਰਚਾਰਿਆ। ਸਮਾਜ ਵਿਚ ਨੀਵੀਂ ਆਖੀ ਜਾਂਦੀ ਜਾਤ ਦੇ ਭਾਈ ਮਰਦਾਨਾ ਜੀ ਨੂੰ ਗੁਰੂ ਜੀ ਨੇ ਆਪਣਾ ਸਾਥੀ ਬਣਾਇਆ ਅਤੇ ਮਨੁੱਖੀ ਮਨਾਂ ਅੰਦਰ ਬਣੀ ਉਚ-ਨੀਚ, ਜਾਤ-ਪਾਤ ਦੀ ਕੰਧ ਨੂੰ ਢਹਿ-ਢੇਰੀ ਕਰਦੇ ਹੋਏ ਐਲਾਨ ਉਚਾਰਿਆ:-

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**



**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥**
**(ਸਿਰੀਰਾਗੁ, ਮ:1, ਅੰਗ:15)**

ਹਜ਼ਾਰਾਂ ਮੀਲ ਸਫ਼ਰ ਤੈਅ ਕੀਤਾ, ਲੰਮੇ ਪ੍ਰਚਾਰ ਦੌਰੇ ਕੀਤੇ ਅਤੇ ਮਨੁੱਖਤਾ ਨੂੰ ਕੁਦਰਿਤ ਕੇ ਸਭ ਬੰਦੇ ਦਾ ਪਾਠ ਪੜ੍ਹਾਇਆ। ਮਨੁੱਖਤਾ ਨੂੰ ਦੱਸਿਆ ਕਿ ਪ੍ਰਮਾਤਮਾ ਇਕ ਹੈ ਅਤੇ ਉਹ ਹਰ ਥਾਂ ਹੈ, ਉਹੀ ਸਭ ਜੀਵਾਂ ਅੰਦਰ ਵਸਦਾ ਹੈ- ਸਭ ਮਹਿ ਜੋਤਿ ਜੋਤਿ ਹੈ ਸੋਇ॥ ਆਓ, ਨਾਨਕ ਵਿਚਾਰਧਾਰਾ ਨੂੰ ਸੰਸਾਰ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਯਤਨ ਕਰੀਏ ਅਤੇ ਆਪ ਵੀ ਨਿੱਜਤਾ ਤੋਂ ਉੱਠ ਕੇ ਕਰਤੇ ਦੀ ਕੁਦਰਤ, ਮਨੁੱਖਤਾ ਦੀ ਸੇਵਾ ਤੇ ਮਨੁੱਖੀ ਬਰਾਬਰਤਾ ਦੇ ਸਿਧਾਂਤ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਈਏ। ਸਮੁੱਚੀ ਸ੍ਰਿਸ਼ਟੀ ਦੇ ਕਰਤਾ ਇਕ ਪ੍ਰਮਾਤਮਾ, ਜਿਸ ਨੂੰ ਅੰਗਰੇਜ਼ੀ ਵਿਚ 'ਗਾਡ ਇਸ ਵਨ' ਕਹਿੰਦੇ ਹਨ ਅਤੇ ਗੁਰੂ ਸਾਹਿਬ ਨੇ ਇਸ ਨੂੰ ੧ਓ (ਇਕ ਓਅੰਕਾਰ) ਕਿਹਾ, ਨੂੰ ਸਮਝਦੇ ਹੋਏ ਮਨੁੱਖਤਾ ਹੀ ਧਰਮ ਹੈ, ਨੂੰ ਮੰਨੀਏ ਤੇ ਪ੍ਰਚਾਰੀਏ।

# ਖੁਸ਼ਬੂਦਾਰ ਮਾਊਥਫ੍ਰੈਸ਼ਨਰ ਖਾਣ ਵਾਲਿਓ ਸਾਵਧਾਨ !







*''ਰਸਾਇਣਕ-ਅਧਾਰਤ ਮਾਊਥ ਫ੍ਰੈਸ਼ਨਰ ਕਰਨ ਨਾਲ ਗਲੇ 'ਚ ਜਲਨ, ਘਬਰਾਹਟ, ਪੇਟ ਦਰਦ, ਉਲਟੀ, ਬਦਹਜ਼ਮੀ, ਦੇ ਨਾਲ ਜ਼ਿਆਦਾ ਮਾਤਰਾ 'ਚ ਅਤੇ ਲਗਾਤਾਰ ਸੇਵਨ ਕਰਨ ਨਾਲ, ਚੱਕਰ ਆਉਣੇ, ਸਿਰ-ਪੀੜ, ਸਾਹ ਲੈਣ 'ਚ ਮੁਸ਼ਕਲ ਅਤੇ ਅੰਦਰੂਨੀ ਅੰਗਾਂ ਨੂੰ ਖਤਮ ਕਰਨ 'ਚ ਕੋਈ ਕਸਰ ਨਹੀਂ ਛੱਡਦੇ''- ਡਾ ਅਨਿਲ ਧੀਰ. ਕਾਲਮਨਿਸਟ. ਪੀਐਫਏ ਕੈਨੇਡੀਅਨ ਰੈੱਡ ਕਰਾਸ. ਲੇਖਕ ''ਹੈਲਥ ਅਲਰਟ ਸੀਰੀਜ਼'' ਅਤੇ ''ਸੈਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ''*

ਅੱਜ ਵਿਸ਼ਵ ਭਰ 'ਚ ਹਿੰਦੁਸਤਾਨੀ ਮਾਊਥਫ੍ਰੈਸ਼ਨਰ ਪਹੁੰਚ ਚੁੱਕਾ ਹੈ। ਮਸ਼ਹੂਰ ਫਿਲਮੀ ਹਸਤੀਆਂ ਨੂੰ ਇੰਡਸਟਰੀ ਵਾਲੇ ਅਰਬਾਂ ਰੁਪਏ ਖਰਚ ਕਰਕੇ ਆਪਣੇ ਪ੍ਰਾਡਕਟ ਦੁਨੀਆ ਦੇ ਕੋਨੇ-ਕੋਨੇ ਤੱਕ ਪਹੁੰਚਾ ਰਹੇ ਹਨ। ਹਰ ਉਮਰ ਦਾ ਵਿਅਕਤੀ ਇਸਦਾ ਸ਼ੌਕੀਨ ਅਤੇ ਆਦੀ ਹੋ ਚੁੱਕਾ ਹੈ। ਇਹ ਦੇਸ਼ ਦੀ ਜਨਤਾ ਹੈਲਥ ਨਾਲ ਉੱਚ ਪੱਧਰ 'ਤੇ ਖਿਲਵਾੜ ਹੋ ਰਿਹਾ ਹੈ।

ਭਾਰਤੀ ਮਾਊਥ ਫ੍ਰੈਸ਼ਨਰ ਦਾ ਬਾਜ਼ਾਰ ਪੰਜ ਸਾਲ ਪਹਿਲਾਂ 9,775 ਕਰੋੜ ਦੀ ਕੀਮਤ ਵਾਲਾ ਸੀ ਅਤੇ 2028 ਤੱਕ ਕਰੀਬਨ 28500 ਕਰੋੜ ਤੱਕ ਪਹੁੰਚਣ ਦਾ ਅੰਦਾਜ਼ਾ ਹੈ। ਬਾਜ਼ਾਰ 'ਚ ਇਹ ਕੈਂਡੀ, ਚੀਉਂਗਮ, ਸਪ੍ਰੇਅ, ਗੁਟਕਾ, ਵਗੈਰਾ ਕਈ ਸ਼ਕਲ 'ਚ ਲੋਕਾਂ ਤੱਕ ਪਹੁੰਚ ਰਿਹਾ ਹੈ।




ਅਨਿਲ ਧੀਰ
ਕਾਲਮਨਿਸਟ
healthmedia1@hotmail.com


ਮੀਡੀਆ 'ਚ ਇੱਕ ਖਬਰ ਵੀ ਸਾਹਮਣੇ ਆਈ ਸੀ ਕਿ ਨਸ਼ੇ ਦੇ ਵਪਾਰੀ ਗਲਤ ਅਨਸਰਾਂ ਨਾਲ ਮਿੱਲ ਕੇ ਪਾਨ ਬੇਚਨ ਵਾਲੇ ਨੌਜਵਾਨਾਂ ਨੂੰ ਡਰੱਗ ਵਾਲੇ ਪਾਨ ਦੇ ਆਦੀ ਬਣਾ ਰਹੇ ਹਨ। ਜੋ ਇੱਕ ਚਿੰਤਾ ਦੇ ਵਿਸ਼ੇ ਦੇ ਨਾਲ ਲੋਕਾਂ ਦੀ ਸਿਹਤ ਲਈ ਬਹੁਤ ਬੜਾ ਖਤਰਾ ਵੀ ਬਣਦਾ ਜਾ ਰਿਹਾ ਹੈ। ਸਰਕਾਰੀ 'ਤੇ ਗੈਰ-ਸਰਕਾਰੀ ਪੱਧਰ 'ਤੇ ਇਸ ਖਤਰੇ ਨੂੰ ਰੋਕਣ ਦੀ ਲੋੜ ਹੋ ਗਈ ਹੈ।



ਰਵਾਇਤੀ ਮਾਊਥ ਫ੍ਰੈਸ਼ਨਰ ਦੀਆਂ ਜੜਾਂ 5000 ਈਸਾ ਪੂਰਬ ਤੋਂ ਹਨ, ਜੋ ਤਾਲੂ ਨੂੰ ਸਾਫ ਕਰਨ ਅਤੇ ਪਾਚਨ 'ਚ ਮਦਦ ਕਰਨ ਲਈ ਕੁਦਰਤੀ ਤੱਤਾਂ ਦੀ-ਸ਼ੌਂਫ, ਜੜੀ-ਬੂਟੀਆਂ, ਤਾਜ਼ਾ ਪਾਨ ਪੱਤਾ, ਮੱਧ ਪੂਰਵੀ ਮਿਸਵਾਕ ਅਤੇ ਰੋਮਨ ਪਾਰਸਲੇ ਅਤੇ ਪੁਦੀਨਾ ਵਰਤਿਆ ਜਾਂਦਾ ਸੀ। ਜੋ ਸਾਹ ਨੂੰ ਤਾਜ਼ਾ ਅਤੇ ਮੂੰਹ ਦੀ ਸਫਾਈ ਨੂੰ ਬਿਹਤਰ ਬਣਾਉਣ ਲਈ ਕੰਮ ਕਰਦੇ ਸਨ।

**ਸਾਵਧਾਨ ਹੋ ਜਾਓ:**

- ਰਸਾਇਣਕ-ਅਧਾਰਤ ਮਾਊਥ ਫ੍ਰੈਸ਼ਨਰ ਇਸਤੇਮਾਲ ਕਰਨ ਨਾਲ ਗਲੇ 'ਚ ਜਲਨ, ਘਬਰਾਹਟ, ਪੇਟ ਦਰਦ, ਉਲਟੀ, ਬਦਹਜ਼ਮੀ, ਦੇ ਨਾਲ ਜ਼ਿਆਦਾ ਮਾਤਰਾ 'ਚ ਅਤੇ ਲਗਾਤਾਰ ਸੇਵਨ ਕਰਨ ਨਾਲ, ਚੱਕਰ ਆਉਣੇ, ਸਿਰ-ਪੀੜ, ਸਾਹ ਲੈਣ 'ਚ ਮੁਸ਼ਕਲ ਅਤੇ ਅੰਦਰੂਨੀ ਅੰਗਾਂ ਨੂੰ ਖਤਮ ਕਰਨ 'ਚ ਕੋਈ ਕਸਰ ਨਹੀਂ ਛੱਡਦੇ।
- ਇਹ ਰਸਾਇਣ ਤੱਤ ਕਾਰਨ ਗੈਸਟਰਇੰਟੇਸਟਾਈਨਲ ਟ੍ਰੈਕਟ ਅੰਦਰ ਲਗਾਤਾਰ ਜਲਨ ਰਹਿਣੀ ਸ਼ੁਰੂ ਹੋ ਜਾਂਦੀ ਹੈ। ਭੁੱਖ ਵੀ ਘੱਟ ਸਕਦੀ ਹੈ।
- ਫੇਫੜੇ ਕਮਜ਼ੋਰ ਹੋ ਜਾਣ ਨਾਲ ਕਈ ਬਾਰ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਸੁੱਕੀ ਖੰਘ ਸ਼ੁਰੂ ਹੋ ਜਾਂਦੀ ਹੈ।
- ਮਾਨਸਿਕ ਤੌਰ 'ਤੇ ਸੋਚ-ਵਿਚਾਰ ਦੀ ਸ਼ਕਤੀ ਅਤੇ ਯਾਦਾਸ਼ਤ ਘਟਣ ਦੀ ਸੰਭਾਵਨਾ ਵੱਧ ਜਾਂਦੀ ਹੈ। ਵਿਅਕਤੀ ਉਦਾਸੀ ਦਾ ਸ਼ਿਕਾਰ ਹੋ ਦੇ ਨਾਲ ਲਗਾਤਾਰ ਸਟ੍ਰੈੱਸ ਦਾ ਸ਼ਿਕਾਰ ਵੀ ਹੋ ਸਕਦਾ ਹੈ।
- ਲਗਾਤਾਰ ਇਸਤੇਮਾਲ ਕਰਨ ਵਾਲੇ ਭਵਿੱਖ 'ਚ ਹਾਰਟ ਅਟੈਕ, ਕਿਡਨੀ-ਫੇਲ, ਦੇ ਨਾਲ-ਨਾਲ ਬੇਸ਼ੁਮਾਰ ਕਿਸਮ ਦੇ ਕੈਂਸਰ ਦੀ ਸੰਭਾਵਨਾ ਬਣੀ ਰਹਿ ਸਕਦੀ ਹੈ।
- ਕਈ ਲੋਕਾਂ ਨੇ ਮਾਊਥ ਫ੍ਰੈਸ਼ਨਰ ਇਸਤੇਮਾਲ ਤੋਂ ਬਾਅਦ ਸੋਜਸ਼ ਅਤੇ ਸਕਿਨ ਅਲਰਜੀ ਦੀ ਸ਼ਿਕਾਇਤ ਵੀ ਕੀਤੀ।
- ਲਗਾਤਾਰ ਮਾਊਥ ਫ੍ਰੈਸ਼ਨਰ ਦਾ ਇਸਤੇਮਾਲ ਕਰਨਾ ਯਾਨਿ ਅਸੀਂ ਖੁੱਦ ਧੀਮਾ ਜ਼ਹਿਰ ਸਰੀਰ ਅੰਦਰ ਪਹੁੰਚਾ ਰਹੇ ਹਾਂ।

**ਨੋਟ:** ਸਰੀਰ 'ਤੇ ਮਨ ਅੰਦਰ ਬਿਮਾਰੀ ਕੋਈ ਵੀ ਲੱਛਣ ਲਗਾਤਾਰ ਰਹਿਣ ਦੀ ਹਾਲਤ 'ਚ ਤੁਰੰਤ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਨਾਲ ਸੰਪਰਕ ਕਰਨ ਦੀ ਲੋੜ ਹੁੰਦੀ ਹੈ। ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਨੂੰ ਮਾਊਥ ਫ੍ਰੈਸ਼ਨਰ ਦੀ ਵਰਤੋਂ ਤੋਂ ਬਚਣਾ ਚਾਹੀਦਾ ਹੈ।

# ਰਿੰਨ੍ਹੀਆਂ ਨਾਲੋਂ ਵਧੇਰੇ ਪੌਸ਼ਟਿਕ ਹਨ 'ਕੱਚੀਆਂ ਸਬਜ਼ੀਆਂ'



ਕੱਚੀਆਂ ਸਬਜ਼ੀਆਂ ਵਿਚ ਵਿਟਾਮਿਨ, ਖਣਿਜ ਅਤੇ ਐਂਟੀਆਕਸੀਡੈਂਟ (ਸਰੀਰ 'ਚੋਂ ਜ਼ਹਿਰੀਲੇ ਅਤੇ ਫ਼ਾਲਤੂ ਪਦਾਰਥਾਂ ਨੂੰ ਬਾਹਰ ਕੱਢਣ ਵਾਲੇ ਤੱਤ) ਭਰਪੂਰ ਮਾਤਰਾ ਵਿਚ ਮੌਜੂਦ ਹੁੰਦੇ ਹਨ, ਜੋ ਸਾਡੇ ਸਰੀਰ ਦੀ ਰੋਗ ਰੋਕੂ ਸਮਰੱਥਾ ਨੂੰ ਮਜ਼ਬੂਤ ਕਰਦੇ ਹਨ ਅਤੇ ਬਿਮਾਰੀਆਂ ਨਾਲ ਲੜਨ ਵਿਚ ਸਾਡੀ ਮਦਦ ਕਰਦੇ ਹਨ। ਮਾਹਿਰ ਡਾਕਟਰ ਵਲੋਂ ਕੱਚੀਆਂ ਸਬਜ਼ੀਆਂ ਅਤੇ ਫਲਾਂ ਨੂੰ ਖਾਣਾ ਸਿਹਤ ਲਈ ਬੇਹੱਦ ਫ਼ਾਇਦੇਮੰਦ ਦੱਸਿਆ ਗਿਆ ਹੈ, ਕਿਉਂਕਿ ਇਹ ਊਰਜਾ ਦੇਣ ਦੇ ਨਾਲ ਨਾਲ ਚਮੜੀ ਦੀ ਚਮਕ ਨੂੰ ਬਰਕਰਾਰ ਰੱਖਦੇ ਹਨ, ਪਾਚਣ-ਸ਼ਕਤੀ ਨੂੰ ਮਜ਼ਬੂਤ ਕਰਦੇ ਹਨ ਅਤੇ ਦਿਲ ਸੰਬੰਧੀ ਰੋਗਾਂ ਨੂੰ ਘੱਟ ਕਰਨ ਵਿਚ ਸਹਾਈ ਹੁੰਦੇ ਹਨ। ਕੱਚੀਆਂ ਸਬਜ਼ੀਆਂ ਖਾਣ ਨਾਲ ਸਾਡੇ ਸਰੀਰ ਨੂੰ ਲੋੜੀਂਦੇ ਵਿਟਾਮਿਨ, ਖਣਿਜ ਅਤੇ ਐਂਨਜਾਈਮ ਭਰਪੂਰ ਮਾਤਰਾ ਵਿਚ ਪ੍ਰਾਪਤ ਹੋ ਜਾਂਦੇ ਹਨ। ਯੂਰਪ ਦੀ ਇਕ ਉੱਘੀ ਖ਼ੁਰਾਕੀ ਵਿਸ਼ਿਆਂ ਦੀ ਮਾਹਿਰ ਸ਼ਾਇਨਾ ਕੋਮਰ ਵਲੋਂ ਰਿੰਨ੍ਹੀਆਂ (ਰਿੱਝੀਆਂ) ਸਬਜ਼ੀਆਂ ਨਾਲੋਂ ਕੱਚੀਆਂ ਸਬਜ਼ੀਆਂ ਵਰਤਣ ਦੀ ਪੁਰਜ਼ੋਰ ਸਿਫ਼ਾਰਸ਼ ਕੀਤੀ ਗਈ ਹੈ। ਉਕਤ ਮਾਹਿਰ ਵਲੋਂ ਇਨ੍ਹਾਂ ਵਿਚ ਮਿਲਦੇ ਪੌਸ਼ਕ ਤੱਤਾਂ ਨੂੰ ਬੇਹੱਦ ਲਾਭਕਾਰੀ ਦੱਸਿਆ ਗਿਆ ਹੈ। ਜਿਵੇਂ ਪਾਲਕ ਦੇ ਪੱਤਿਆਂ ਵਿਚ ਵਿਟਾਮਿਨ ਏ, ਵਿਟਾਮਿਨ ਸੀ, ਵਿਟਾਮਿਨ ਕੇ, ਲੋਹਾ (ਆਇਰਨ), ਕੈਲਸ਼ੀਅਮ, ਮੈਗਨੀਸ਼ਿਅਮ ਅਤੇ ਐਂਟੀਆਕਸੀਡੈਂਟ (ਸਰੀਰ ਵਿਚੋਂ ਭੋਜਨ ਦੀ ਰਹਿੰਦ ਖੂੰਹਦ ਅਤੇ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣ ਵਾਲੇ ਤੱਤ) ਮੌਜੂਦ ਹੁੰਦੇ ਹਨ।

ਖੀਰਾ ਸਰੀਰ ਅੰਦਰ ਪਾਣੀ ਦੀ ਕਮੀ ਨੂੰ ਪੂਰਾ ਕਰਦਾ ਹੈ। ਇਸ ਵਿਚਲੇ ਵਿਟਾਮਿਨ ਕੇ, ਵਿਟਾਮਿਨ ਸੀ, ਪੋਟਸ਼ੀਅਮ ਅਤੇ ਮੈਗਨੀਸ਼ਿਅਮ ਸਾਡੇ ਸਰੀਰ 'ਚ ਇਨ੍ਹਾਂ ਤੱਤਾਂ ਦੀ ਕਮੀ ਨੂੰ ਦੂਰ ਕਰਦੇ ਹਨ। ਨਾਲ ਹੀ ਸਰੀਰ ਅੰਦਰੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣ 'ਚ ਇਹ ਸਹਾਈ ਹੁੰਦਾ ਹੈ। ਬਰੋਕਲੀ ਨੂੰ ਜੇਕਰ ਕੱਚਾ ਹੀ ਖਾਧਾ ਜਾਏ ਤਾਂ ਇਸ ਤੋਂ ਸਾਡੇ ਸਰੀਰ ਨੂੰ ਵਿਟਾਮਿਨ ਸੀ ਅਤੇ ਵਿਟਾਮਿਨ ਕੇ ਮਿਲਦੇ ਹਨ ਅਤੇ ਨਾਲ ਹੀ ਇਸ ਵਿਚ ਜਿਗਰ, ਮਿਹਦੇ ਅਤੇ ਛਾਤੀ ਦੇ ਕੈਂਸਰ ਨੂੰ ਘੱਟ ਕਰਨ ਵਾਲੇ ਤੱਤ ਵੀ ਹੁੰਦੇ ਹਨ। ਲਾਲ ਜਾਂ ਪੀਲੇ ਰੰਗ ਦੀ ਕੱਚੀ ਸ਼ਿਮਲਾ ਮਿਰਚ ਵਿਚ ਲਹੂ ਬਣਾਉਣ ਵਾਲੇ ਤੱਤ ਫ਼ੋਲਿਕ ਐਸਿਡ, ਐਂਟੀਆਕਸੀਡੈਂਟ ਅਤੇ ਅਨੇਕਾਂ ਤਰ੍ਹਾਂ ਦੇ ਵਿਟਾਮਿਨ ਭਰਪੂਰ ਮਾਤਰਾ ਵਿਚ ਹੁੰਦੇ ਹਨ। ਕੱਚੀਆਂ ਗਾਜਰਾਂ ਵਿਚ ਵਿਟਾਮਿਨ ਏ ਭਰਪੂਰ ਮਾਤਰਾ ਵਿਚ ਮੌਜੂਦ ਹੁੰਦਾ ਹੈ, ਜੋ ਅੱਖਾਂ ਦੀ ਰੌਸ਼ਨੀ ਤੇਜ਼ ਕਰਦਾ ਅਤੇ ਛਾਤੀ ਦੇ ਕੈਂਸਰ ਦੀ ਸੰਭਾਵਨਾ ਨੂੰ ਘਟਾਉਂਦਾ ਹੈ। ਕੱਚੀ ਚੁਕੰਦਰ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਨੂੰ ਘਟਾਉਂਦੀ ਅਤੇ ਸਰੀਰ ਨੂੰ ਐਂਟੀਆਕਸੀਡੈਂਟ ਵੀ ਪ੍ਰਦਾਨ ਕਰਦੀ ਹੈ। ਕੱਚੇ ਹਰੇ ਮਟਰ ਖਾਣ ਨਾਲ ਸਾਡੇ ਸਰੀਰ ਨੂੰ ਪ੍ਰੋਟੀਨ ਅਤੇ ਵਿਟਾਮਿਨ ਏ, ਵਿਟਾਮਿਨ ਬੀ, ਵਿਟਾਮਿਨ ਸੀ ਅਤੇ ਵਿਟਾਮਿਨ ਕੇ ਭਰਪੂਰ ਮਾਤਰਾ ਵਿਚ ਪ੍ਰਾਪਤ ਹੁੰਦੇ ਹਨ। 'ਕੇਅਲ' ਇਕ ਬੰਦ ਗੋਭੀ ਵਰਗੀ ਹਰੇ ਪੱਤੇਦਾਰ ਸਬਜ਼ੀ ਹੈ, ਜਿਸ ਵਿਚੋਂ ਸਾਨੂੰ ਵਿਟਾਮਿਨ ਏ, ਵਿਟਾਮਿਨ ਸੀ ਅਤੇ ਵਿਟਾਮਿਨ ਕੇ ਦੇ ਨਾਲ-ਨਾਲ ਲਹੂ ਵਿਚ ਕੋਲੈਸਟ੍ਰਾਲ ਘੱਟ ਕਰਕੇ ਖ਼ੂਨ ਨੂੰ ਪਤਲਾ ਕਰਨ ਵਾਲੇ ਰਸਾਇਣ ਵੀ ਮਿਲਦੇ ਹਨ। ਲਸਣ ਦੀ ਵਰਤੋਂ ਕਰਨ ਨਾਲ ਦਿਲ ਦੇ ਰੋਗ ਘੱਟ ਹੀ ਲੱਗਦੇ ਹਨ ਅਤੇ ਸਰੀਰ ਦੀ ਰੋਗ ਰੱਖਿਅਕ ਪ੍ਰਣਾਲੀ ਮਜ਼ਬੂਤ ਹੁੰਦੀ ਹੈ। 'ਕੈੱਲਪ' ਸਮੁੰਦਰੀ ਘਾਹ ਦੀ ਇਕ ਕਿਸਮ ਹੈ, ਜਿਸ ਵਿਚ ਆਇਓਡੀਨ ਅਤੇ ਓਮੇਗਾ-3 ਨਾਂਅ ਦੇ ਰਸਾਇਣ ਹੁੰਦੇ ਹਨ। ਆਇਓਡੀਨ ਬੱਚਿਆਂ 'ਚ ਦਿਮਾਗ ਅਤੇ ਸਰੀਰ ਦੀਆਂ ਪੰਜ ਗਿਆਨ ਇੰਦਰੀਆਂ ਦੇ ਵਿਕਾਸ ਵਿਚ ਸਹਾਇਕ ਹੁੰਦਾ ਹੈ ਅਤੇ ਵੱਡਿਆਂ ਲਈ ਭੋਜਨ ਨੂੰ ਪਚਾ ਕੇ ਸਰੀਰਕ ਕਿਰਿਆਵਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿਚ ਮਦਦਗਾਰ ਹੁੰਦਾ ਹੈ। ਓਮੇਗਾ 3 ਜੋੜਾਂ ਦੇ ਦਰਦਾਂ ਨੂੰ ਰਾਹਤ ਦਿੰਦਾ ਹੈ, ਖ਼ੂਨ ਨੂੰ ਸਾਫ਼ ਕਰਦਾ ਹੈ ਅਤੇ ਦਿਮਾਗ ਨੂੰ ਤੇਜ਼ ਕਰਦਾ ਹੈ। ਉਕਤ ਸਬਜ਼ੀਆਂ ਨੂੰ ਜੇਕਰ ਕੱਚਿਆਂ ਵਰਤਿਆ ਜਾਵੇ ਤਾਂ ਇਹ ਸਰੀਰ ਲਈ ਬੇਹੱਦ ਗੁਣਕਾਰੀ ਸਾਬਤ ਹੋ ਸਕਦੀਆਂ ਹਨ।

# ਮਨੁੱਖ ਦਾ ਸੁਰੱਖਿਆ ਕਵਚ ਲੰਮੇ ਕੇਸ

ਸਿਰ ਉੱਤੇ ਲੰਮੇ ਕੇਸ ਮਨੁੱਖਤਾ ਦੀ ਵਿਲੱਖਣਤਾ ਹੈ। ਇਹ ਇੱਕ ਵਿਗਿਆਨਕ ਤੱਥ ਹੈ ਕਿ ਮਨੁੱਖ ਦੇ ਹੀ ਸਿਰ ਦੇ ਵਾਲ ਇੰਨੀ ਜ਼ਿਆਦਾ ਲੰਬਾਈ ਤਕ ਵਧੇ ਹਨ, ਜਦੋਂਕਿ ਇਸੇ ਜਾਤੀ ਦੇ ਹੋਰ ਜੀਵਾਂ ਦੇ ਸਿਰ ਦੇ ਵਾਲ ਇਸ ਲੰਬਾਈ ਤੱਕ ਨਹੀਂ ਵਧਦੇ। ਕੁਦਰਤ ਦਾ ਵਿਕਾਸ ਯੋਜਨਾਬੱਧ ਤਰੀਕੇ ਨਾਲ ਹੋ ਰਿਹਾ ਹੈ। ਜਿਉਂ ਜਿਉਂ ਮਨੁੱਖ ਦੇ ਦਿਮਾਗ਼ ਦਾ ਵਿਕਾਸ ਹੁੰਦਾ ਗਿਆ, ਤਿਉਂ ਤਿਉਂ ਇਸ ਦੇ ਸਿਰ ਦੇ ਵਾਲ ਵੀ ਲੰਮੇ ਹੁੰਦੇ ਗਏ।ਬਾਕੀ ਬਾਂਦਰ ਅਤੇ ਅਜਿਹੇ ਹੋਰ ਥਣਧਾਰੀ ਜੀਵਾਂ ਨਾਲੋਂ ਮਨੁੱਖ ਦਾ ਦਿਮਾਗ਼ ਸੱਤ ਗੁਣਾ ਵੱਡਾ ਹੈ। ਮਨੁੱਖੀ ਦਿਮਾਗ਼ ਸਮੁੱਚੀ ਕਾਇਨਾਤ ਦਾ ਸਭ ਤੋਂ ਉਪਰਲਾ ਸਿਰਾ ਹੈ। ਦਿਮਾਗ਼ ਸਿਰ ਵਿੱਚ ਹੈ। ਸਾਰੀ ਕਾਇਨਾਤ ਵਿੱਚ ਸਿਰਫ਼ ਮਨੁੱਖ ਹੀ ਇੱਕ ਅਜਿਹਾ ਜੀਵ ਹੈ ਜਿਸ ਦੇ ਸਿਰ ਉੱਤੇ ਲੰਮੇ ਵਾਲ ਹਨ। ਵਿਗਿਆਨਕ ਪੱਖ ਤੋਂ ਕਿਸੇ ਜੀਵ ਨੂੰ ਮਨੁੱਖ ਤਾਂ ਹੀ ਕਿਹਾ ਜਾਂਦਾ ਹੈ ਜੇ ਉਸ ਦੇ ਸਿਰ ਉੱਤੇ ਲੰਬੇ ਵਾਲ ਹੋਣ।

ਕੇਸ ਕੁਦਰਤ ਵੱਲੋਂ ਨਿਰਧਾਰਿਤ ਨਿਸ਼ਚਿਤ ਲੰਬਾਈ ਤੱਕ ਹੀ ਵਧਦੇ ਹਨ।ਜੇ ਕੇਸ ਕੱਟ ਵੀ ਦਿੱਤੇ ਜਾਣ ਤਾਂ ਫਿਰ ਉਸੇ ਲੰਬਾਈ ਤੱਕ ਹੀ ਦੁਬਾਰਾ ਆ ਜਾਂਦੇ ਹਨ, ਨਾ ਵੱਧ ਤੇ ਨਾ ਹੀ ਘੱਟ।

ਕੇਸ ਮਨੁੱਖ ਦੀ ਸ਼ਖ਼ਸੀ, ਲਿੰਗਕ, ਨਸਲੀ ਅਤੇ ਭੂਗੋਲਿਕ ਪਛਾਣ ਵੀ ਹਨ। ਹਰ ਭੂਗੋਲਿਕ ਖੇਤਰ ਦੀਆਂ ਜ਼ਰੂਰਤਾਂ ਜੀਵਨ ਸ਼ੈਲੀ ਮੁਤਾਬਿਕ ਵੱਖ ਵੱਖ ਹੁੰਦੀਆਂ ਹਨ। ਜ਼ਰੂਰਤ ਅਨੁਕੂਲ ਬਣਾਉਣ ਲਈ ਸਰੀਰਕ ਬਣਤਰ ਵਿੱਚ ਸੋਧ ਹੁੰਦੀ ਰਹਿੰਦੀ ਹੈ। ਸੋਧ ਜੀਵ ਦੀ ਹੋਂਦ ਨੂੰ ਕਾਇਮ ਰੱਖਦੀ ਹੈ। ਜੀਵਨ ਸ਼ੈਲੀ ਅਨੁਸਾਰ ਵਾਲਾਂ ਦੀ ਬਣਤਰ ਵਿੱਚ ਵੀ ਯੋਜਨਾਬੱਧ ਵਿਕਾਸ ਰਾਹੀਂ ਸੋਧ ਹੁੰਦੀ ਰਹੀ ਹੈ। ਸਭ ਤੋਂ ਪਹਿਲਾ ਮਨੁੱਖ ਭੂ-ਮੱਧ ਰੇਖਾ ਦੇ ਨੇੜੇ ਰਹਿੰਦਾ ਸੀ। ਹੌਲੀ ਹੌਲੀ ਉਹ ਭੂ-ਮੱਧ ਰੇਖਾ ਤੋਂ ਦੂਰ ਜਾਣਾ ਸ਼ੁਰੂ ਹੋਇਆ। ਉੱਥੇ ਵਾਤਾਵਰਣ ਵਿੱਚ ਪਰਾਬੈਂਗਣੀ (ਯੂ.ਵੀ.) ਕਿਰਨਾਂ ਦੀ ਮਾਤਰਾ ਘੱਟ ਸੀ। ਇਹ ਕਿਰਨਾਂ ਵਿਟਾਮਿਨ ਡੀ ਬਣਾਉਣ ਲਈ ਲੋੜੀਂਦੀਆਂ ਹਨ। ਵਿਟਾਮਿਨ ਡੀ ਸਰੀਰ ਦੇ ਹਰ ਕਾਰਜ ਲਈ ਲੋੜੀਂਦਾ ਹੈ। ਪਰਾਬੈਂਗਣੀ ਕਿਰਨਾਂ ਦੀ ਲੋੜੀਂਦੀ ਮਾਤਰਾ ਨੂੰ ਜਜ਼ਬ ਕਰਨ ਲਈ ਵਾਲਾਂ ਦੀ ਬਣਤਰ ਵਿੱਚ ਤਬਦੀਲੀ ਆਈ। ਵਾਲ ਘੱਟ ਘੁੰਗਰਾਲੇ, ਸਿੱਧੇ ਅਤੇ ਸੰਘਣੇ ਹੋ ਗਏ। ਵੰਸ਼ ਅਣੂਆਂ ਅਰਥਾਤ ਜੀਨਾਂ ਵਿੱਚ ਵੀ ਤਬਦੀਲੀ ਹੋਈ। ਜੀਨ ਵਾਲਾਂ ਦੀ ਬਣਤਰ ਨੂੰ ਨਿਯੰਤਰਿਤ ਕਰਦੇ ਹਨ। ਜੈਨੇਟਿਕ ਬਣਤਰ ਉੱਤੇ ਸਰੀਰ ਦੀਆਂ ਕਿਰਿਆਵਾਂ ਨਿਰਭਰ ਕਰਦੀਆਂ ਹਨ। ਅਗਲੇਰੇ ਵੰਸ਼ਾਂ ਵਿੱਚ ਵਾਲ ਅਜਿਹੇ ਹੀ ਆਉਣੇ ਸ਼ੁਰੂ ਹੋ ਗਏ। ਗਰਮੀ ਸਿਰ ਅਤੇ ਚਿਹਰੇ ਦੇ ਵਾਲਾਂ ਰਾਹੀਂ ਜ਼ਿਆਦਾ ਆਦਾਨ ਪ੍ਰਦਾਨ ਹੁੰਦੀ ਹੈ। ਇਸ ਲਈ ਠੰਢੇ ਮੁਲਕਾਂ ਵਿੱਚ ਸਿਰ ਦੇ ਵਾਲ ਵਧੇਰੇ ਸੰਘਣੇ ਹੁੰਦੇ ਗਏ।

ਇਹ ਤਬਦੀਲੀਆਂ ਕੁਦਰਤ ਦੀ ਖ਼ਾਸ ਯੋਜਨਾ ਮੁਤਾਬਿਕ ਹਨ। ਗੁਰੂ ਨਾਨਕ ਦੇਵ ਜੀ ਨੇ ਜਪੁ ਬਾਣੀ ਵਿੱਚ ਉਚਾਰਨ ਕੀਤਾ ਹੈ: ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ ਮਨੁੱਖੀ ਸਰੀਰ ਦਾ ਆਕਾਰ ਹੁਕਮ ਵਿੱਚ ਹੀ ਹੋਇਆ ਹੈ। ਵਾਲਾਂ ਦੀ ਬਣਤਰ ਵੀ ਖ਼ਾਸ ਕਾਇਦੇ ਮੁਤਾਬਿਕ ਹੋਈ ਹੈ। ਸਰੀਰ ਉੱਤੇ ਕੇਸਾਂ ਦੀ ਘਾੜਤ ਗਰਭ ਦੌਰਾਨ ਹੀ ਸ਼ੁਰੂ ਹੋ ਜਾਂਦੀ ਹੈ। ਫਿਰ ਸਾਰੀ ਉਮਰ ਇਹ ਪ੍ਰਕਿਰਿਆ ਚਲਦੀ ਰਹਿੰਦੀ ਹੈ। ਜਨਮ ਤੋਂ ਪਹਿਲਾਂ ਦੇ ਵਾਲ, ਬਚਪਨ ਦੇ ਵਾਲ ਅਤੇ ਕਿਸ਼ੋਰ ਉਮਰ ਦੇ ਵਾਲਾਂ ਦੀ ਬਣਤਰ ਜ਼ਰੂਰਤ ਮੁਤਾਬਿਕ ਭਿੰਨ ਭਿੰਨ ਹੁੰਦੀ ਹੈ। ਸਰੀਰ ਦੇ ਹਰ ਭਾਗ ਦੇ ਵਾਲਾਂ ਦੀ ਬਣਤਰ ਵੀ ਭਿੰਨ ਭਿੰਨ ਹੁੰਦੀ ਹੈ। ਔਰਤ ਤੇ ਮਰਦ ਦੇ ਵਾਲਾਂ ਦਾ ਖਿਲਾਰ ਵੀ ਵੱਖ ਵੱਖ ਹੁੰਦਾ ਹੈ।ਵਾਲ ਸਰੀਰ ਦੇ ਅੰਗਾਂ ਦੀ ਦੇਖਭਾਲ ਲਈ ਮਹੱਤਵਪੂਰਨ ਹਨ। ਇਹ ਰੋਗਾਣੂਆਂ ਲਈ ਵਾੜ ਹਨ। ਇਹ ਸਾਡਾ ਸੁਰੱਖਿਆ ਕਵਚ ਹਨ।



ਕੇਸਾਂ ਦੀ ਜ਼ਰੂਰਤ ਕਿਸੇ ਖ਼ਾਸ ਫ਼?ਰਕੇ ਜਾਂ ਧਰਮ ਨਾਲ ਸਬੰਧਿਤ ਲੋਕਾਂ ਨੂੰ ਨਹੀਂ ਸਗੋਂ ਇਹ ਹਰ ਮਨੁੱਖ ਲਈ ਇੱਕੋ ਜਿੰਨੀ ਮਹੱਤਤਾ ਰੱਖਦੇ ਹਨ। ਸਰੀਰ ਦੇ ਹਰ ਅੰਗ ਉੱਤੇ ਉੱਗੇ ਵਾਲਾਂ ਦਾ ਆਪਣਾ ਹੀ ਮਨੋਰਥ ਹੈ। ਅੱਖਾਂ ਦੀਆਂ ਪੁਤਲੀਆਂ ਗਰਭ ਦੌਰਾਨ ਅੱਖਾਂ ਨੂੰ ਗਰਭਕੋਸ਼ ਵਿਚਲੇ ਪਾਣੀ ਤੋਂ ਬਚਾਉਂਦੀਆਂ ਹਨ। ਅੱਖਾਂ ਨੂੰ ਭਰਵੱਟੇ ਧੁੱਪ, ਪਸੀਨੇ ਅਤੇ ਮਿੱਟੀ ਘੱਟੇ ਤੋਂ ਬਚਾਉਂਦੇ ਹਨ। ਪਲਕਾਂ ਦੇ ਵਾਲਾਂ ਦੀਆਂ ਜੜ੍ਹਾਂ ਨਸਤੰਤੂਆਂ ਕਾਰਨ ਅੱਖਾਂ ਬਹੁਤ ਸੰਵੇਦਨਸ਼ੀਲ ਹੁੰਦੀਆਂ ਹਨ। ਕੀੜੇ ਆਦਿ ਤੋਂ ਖ਼ਤਰੇ ਦੀ ਇਤਲਾਹ ਝੱਟ ਮਿਲ ਜਾਂਦੀ ਹੈ। ਜਿਨ੍ਹਾਂ ਦੀਆਂ ਪਲਕਾਂ ਨਹੀਂ ਹੁੰਦੀਆਂ, ਉਨ੍ਹਾਂ ਨੂੰ ਅੱਖਾਂ ਦੀ ਇਨਫੈਕਸ਼ਨ ਵਾਰ ਵਾਰ ਹੁੰਦੀ ਰਹਿੰਦੀ ਹੈ। ਅੰਨ੍ਹਾਪਣ ਵੀ ਹੋ ਸਕਦਾ ਹੈ।

ਕੰਨਾਂ ਵਿਚਲੇ ਵਾਲ ਅਤੇ ਵਾਲਾਂ ਦੇ ਸੈੱਲ ਬਹੁਤ ਮਹੱਤਵਪੂਰਨ ਹਨ।ਬਾਹਰਲੇ ਕੰਨਾਂ ਵਿਚਲੇ ਵਾਲ ਕੰਨਾਂ ਦੀ ਟਿਊਬ ਨੂੰ ਸਾਫ਼ ਰੱਖਦੇ ਹਨ। ਜੇ ਟਿਊਬ ਬਲੌਕ ਹੋ ਜਾਵੇ ਤਾਂ ਸੁਣਨ ਵਿੱਚ ਵਿਘਨ ਪੈਂਦਾ ਹੈ। ਵਾਲ ਆਵਾਜ਼ਾਂ ਦੀ ਤੀਬਰਤਾ ਨੂੰ ਵੀ ਨਿਯਮਿਤ ਕਰਦੇ ਹਨ ਜਿਸ ਨਾਲ ਕੰਨ ਦਾ ਪਰਦਾ ਸੁਰੱਖਿਅਤ ਰਹਿੰਦਾ ਹੈ। ਅੰਦਰਲੇ ਕੰਨਾਂ ਵਿੱਚ ਪਰਦੇ ਦੇ ਅੰਦਰਵਾਰ ਵਾਲਾਂ ਦੇ ਸੈੱਲ ਹੁੰਦੇ ਹਨ। ਇਹ ਸੈੱਲ ਆਵਾਜ਼ਾਂ ਨੂੰ ਬਿਜਲੀ ਦੀਆਂ ਤਰੰਗਾਂ ਵਿੱਚ ਬਦਲ ਦਿੰਦੇ ਹਨ। ਇਹ ਤਰੰਗਾਂ ਦਿਮਾਗ਼ ਤੱਕ ਪਹੁੰਚਦੀਆਂ ਹਨ। ਜੇ ਵਾਲਾਂ ਦੇ ਇਹ ਸੈੱਲ ਨਾ ਹੁੰਦੇ ਤਾਂ ਮਨੁੱਖ ਬੋਲਾ ਹੀ ਹੁੰਦਾ। ਬਜ਼ੁਰਗਾਂ ਵਿੱਚ ਇਹ ਸੈੱਲ ਘੱਟ ਹੁੰਦੇ ਜਾਂਦੇ ਹਨ। ਇਸੇ ਕਾਰਨ ਬਜ਼ੁਰਗਾਂ ਵਿੱਚ ਉੱਚਾ ਸੁਣਨ ਦੀ ਸਮੱਸਿਆ ਆਮ ਹੀ ਹੁੰਦੀ ਹੈ। ਇਹ ਸੈੱਲ ਦੁਬਾਰਾ ਨਹੀਂ ਬਣਦੇ ਅਤੇ ਅਜਿਹਾ ਬੋਲਾਪਣ ਠੀਕ ਨਹੀਂ ਹੁੰਦਾ।

ਅੰਦਰਲੇ ਕੰਨਾਂ ਵਿੱਚ ਤਰਲ ਪਦਾਰਥ ਨਾਲ ਭਰੀਆਂ ਹੋਈਆਂ ਟਿਊਬਾਂ ਹੁੰਦੀਆਂ ਹਨ। ਇਨ੍ਹਾਂ ਟਿਊਬਾਂ ਵਿੱਚ ਵੀ ਵਾਲ ਹੁੰਦੇ ਹਨ।

**ਡਾ. ਦਰਸ਼ਨਜੋਤ ਕੌਰ**

ਵਾਲਾਂ ਦੀ ਹਿਲਜੁਲ ਤੋਂ ਦਿਮਾਗ਼ ਤੱਕ ਸਿਗਨਲ ਪਹੁੰਚ ਕੇ ਸਰੀਰ ਦੀ ਹਿਲਜੁਲ ਦਾ ਸੁਨੇਹਾ ਦਿਮਾਗ਼ ਨੂੰ ਦੇ ਦਿੰਦੇ ਹਨ। ਜੇ ਇਸ ਕੰਮ ਵਿੱਚ ਵਿਘਨ ਪੈ ਜਾਵੇ ਤਾਂ ਮਨੁੱਖ ਸਿੱਧਾ ਖੜ੍ਹਾ ਵੀ ਨਹੀਂ ਹੋ ਸਕਦਾ, ਚੱਕਰ ਆਉਣ ਲੱਗ ਜਾਂਦੇ ਹਨ। ਇਨ੍ਹਾਂ ਵਾਲਾਂ ਦੀ ਅਣਹੋਂਦ ਵਿੱਚ ਅਸੀਂ ਡਿੱਗਦੇ ਹੀ ਰਹਾਂਗੇ। ਸਭ ਕੁਝ ਹਿਲਦਾ ਹੀ ਲੱਗੇਗਾ, ਜਿਵੇਂ ਸਲਾਈਡ ਸ਼ੋਅ ਹੋਵੇ।

ਸੁੰਘਣ ਸ਼ਕਤੀ, ਸਾਹ ਪ੍ਰਣਾਲੀ ਦੀ ਏਅਰ ਕੰਡੀਸ਼ਨਿੰਗ, ਬਿਮਾਰੀਆਂ ਦੇ ਕਿਰਮਾਂ ਨੂੰ ਅੰਦਰ ਜਾਣ ਤੋਂ ਰੋਕਣਾ ਅਤੇ ਸਾਹ ਪ੍ਰਣਾਲੀ ਨੂੰ ਸਾਫ਼ ਰੱਖਣਾ ਨੱਕ ਵਿਚਲੇ ਵਾਲਾਂ ਉੱਤੇ ਨਿਰਭਰ ਹੈ। ਕੇਸ ਸਰੀਰ ਦੀ ਫ਼ੌਜ ਹਨ। ਇਨ੍ਹਾਂ ਨੇ ਸਮੁੱਚੇ ਸਰੀਰ ਦੀ ਕਿਲਾਬੰਦੀ ਕੀਤੀ ਹੋਈ ਹੈ। ਲੋੜ ਮੁਤਾਬਿਕ ਕਿਤੇ ਇਹ ਲੰਮੇ ਹਨ, ਕਿਤੇ ਛੋਟੀ ਛੋਟੀ ਲੂੰਈ ਦੀ ਤਰ੍ਹਾਂ। ਸਰੀਰ ਦੀ ਇਹ ਫ਼ੌਜ ਸਰੀਰ ਦੇ ਨੌਂ ਦਰਵਾਜ਼ਿਆਂ ਦੇ ਬਾਹਰ ਵਧੇਰੇ ਗਿਣਤੀ ਵਿੱਚ ਹੈ।

ਕੁਦਰਤ ਦਾ ਨਿਯਮ ਹੈ ਕਿ ਜਿਨ੍ਹਾਂ ਅੰਗਾਂ ਦੀ ਸਰੀਰ ਨੂੰ ਵਧੇਰੇ ਲੋੜ ਹੁੰਦੀ ਹੈ, ਉਨ੍ਹਾਂ ਅੰਗਾਂ ਦਾ ਵਿਕਾਸ ਹੋਰ ਅੰਗਾਂ ਨਾਲੋਂ ਤੇਜ਼ ਗਤੀ ਨਾਲ ਹੁੰਦਾ ਹੈ।ਹੱਡੀਆਂ ਦੀ ਮਿੱਝ ਤੋਂ ਬਾਅਦ ਵਾਲ ਹੀ ਅਜਿਹੇ ਅੰਗ ਹਨ, ਜਿਨ੍ਹਾਂ ਦਾ ਵਿਕਾਸ ਬਾਕੀ ਸਾਰੇ ਅੰਗਾਂ ਨਾਲੋਂ ਤੇਜ਼ ਅਤੇ ਲਗਾਤਾਰਤਾ ਨਾਲ ਹੋ ਰਿਹਾ ਹੈ। ਕੁਦਰਤ ਵਾਲਾਂ ਪ੍ਰਤੀ ਇੰਨੀ ਸੰਜੀਦਾ ਹੈ ਕਿ ਪੁਰਾਣਾ ਵਾਲ ਉਦੋਂ ਹੀ ਝੜਦਾ ਹੈ, ਜਦੋਂ ਨਵਾਂ ਉਸ ਦੀ ਥਾਂ ਉੱਤੇ ਆਉਣਾ ਸ਼ੁਰੂ ਹੋ ਜਾਂਦਾ ਹੈ। ਮੁਰਦਾ ਵਾਲ ਆਪੇ ਹੀ ਜੜ੍ਹਾਂ ਤੋਂ ਉੱਖੜ ਅਤੇ ਝੜ ਜਾਂਦੇ ਹਨ। ਵਾਲਾਂ ਦੇ ਤਣੇ ਨੂੰ ਜੇ ਸਿਰਫ਼ ਸਿਰੇ ਤੋਂ ਹੀ ਕੱਟਿਆ ਜਾਵੇ ਤਾਂ ਉਹ ਫਿਰ ਉਸੇ ਸ਼ਕਲ ਵਿੱਚ ਦੁਬਾਰਾ ਆ ਜਾਂਦਾ ਹੈ। ਵਾਲ ਕੱਟਣ ਨਾਲ ਦਰਦ ਨਹੀਂ ਹੁੰਦਾ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਵਾਲ ਬੇਲੋੜੇ ਹਨ। ਵਾਲਾਂ ਤੋਂ ਬਿਨਾਂ ਸਰੀਰ ਦਾ ਵਾਤਾਵਰਣ ਗੰਧਲਾ ਹੋ ਜਾਵੇਗਾ ਅਤੇ ਸਰੀਰ ਦੀ ਹੋਂਦ ਨੂੰ ਹੀ ਖ਼ਤਰਾ ਹੋ ਜਾਵੇਗਾ।

ਵਾਲਾਂ ਦਾ ਵਿਕਾਸ ਸਾਰੀ ਉਮਰ ਨਿਰਵਿਘਨ ਚਲਦਾ ਰਹਿੰਦਾ ਹੈ। ਵਿਕਾਸ ਦੌਰਾਨ ਸਟੈੱਮ ਸੈੱਲ ਬਣਦੇ ਹੀ ਰਹਿੰਦੇ ਹਨ। ਵਾਲ ਸਟੈੱਮ ਸੈੱਲਾਂ ਦਾ ਭੰਡਾਰ ਹਨ। ਇਨ੍ਹਾਂ ਸੈੱਲਾਂ ਦੀ ਹੋਂਦ ਕਾਰਨ ਵਾਲਾਂ ਵਾਲੀ ਜਗ੍ਹਾ ਉੱਤੇ ਜੇ ਕੋਈ ਜ਼ਖ਼ਮ ਹੋ ਜਾਵੇ ਤਾਂ ਬਹੁਤ ਛੇਤੀ ਠੀਕ ਹੋ ਜਾਂਦਾ ਹੈ। ਮਨੁੱਖ ਦੇ ਸਾਰੇ ਸਰੀਰ ਉੱਤੇ ਵਾਲ ਹਨ। ਜਿੱਥੇ ਜ਼ਿਆਦਾ ਸੰਘਣੇ ਹਨ, ਉੱਥੇ ਜ਼ਖ਼ਮ ਜ਼ਿਆਦਾ ਛੇਤੀ ਭਰਦੇ ਹਨ। ਬਾਂਹ ਦੇ ਬਾਹਰਲੇ ਪਾਸੇ ਦੇ ਜ਼ਖ਼ਮ ਅੰਦਰਲੇ ਪਾਸੇ ਨਾਲੋਂ ਜਲਦੀ ਠੀਕ ਹੁੰਦੇ ਹਨ। ਦੰਦਾਂ ਅਤੇ ਹੱਡੀਆਂ ਦੀ ਸਿਹਤ ਵੀ ਵਾਲਾਂ ਨਾਲ ਜੁੜੀ ਹੋਈ ਹੈ। ਕੇਸ ਸਾਡੀ ਅਹਿਸਾਸ ਸ਼ਕਤੀ ਨੂੰ ਵਧਾ ਕੇ ਸੰਭਾਵੀ ਸੰਕਟਾਂ ਤੋਂ ਸਾਨੂੰ ਸੁਚੇਤ ਕਰਦੇ ਹਨ।

ਚਿਹਰੇ ਦੇ ਵਾਲਾਂ ਦਾ ਮਾਨਸਿਕਤਾ ਨਾਲ ਗੂੜ੍ਹਾ ਸਬੰਧ ਹੈ। ਦਾੜ੍ਹੀ ਮਰਦਾਨਗੀ ਦਾ ਪ੍ਰਤੀਕ ਹੈ। ਮਨੋਵਿਗਿਆਨੀ ਪੈਲਗਰੀਨੀ ਕਹਿੰਦਾ ਹੈ ਕਿ ਦਾੜ੍ਹੀ ਵਾਲਾ ਵਿਅਕਤੀ ਆਜ਼ਾਦ ਮਾਨਸਿਕਤਾ ਵਾਲਾ, ਤਾਕਤਵਰ, ਤਿਆਰ ਬਰ ਤਿਆਰ ਅਤੇ ਬਹਾਦਰੀ ਦੇ ਕੰਮ ਕਰਨ ਵਾਲਾ ਹੁੰਦਾ ਹੈ। ਕੇਸਾਂ ਦੀ ਅਧਿਆਤਮਿਕ ਮਹੱਤਤਾ ਤੋਂ ਤਾਂ ਮੁਨਕਰ ਹੋਇਆ ਹੀ ਨਹੀਂ ਜਾ ਸਕਦਾ। ਸਿਰ ਉੱਤੇ ਲੰਮੇ ਵਾਲਾਂ ਨੂੰ ਤਾਂ ਹੀ ਰਿਸ਼ੀ ਜੂੜਾ ਕਿਹਾ ਜਾਂਦਾ ਹੈ।

ਕੇਸਾਂ ਦੇ ਵਿਕਾਸ ਵਿੱਚ ਦਖਲ ਦੇਣਾ ਵਾਹਿਗੁਰੂ ਦੇ ਹੁਕਮ ਵਿੱਚ ਦਖਲ ਦੇਣਾ ਹੈ। ਗੁਰੂ ਨਾਨਕ ਦੇਵ ਜੀ ਦੀਆਂ ਦਸਾਂ ਜੋਤਾਂ ਨੇ ਹਰ ਵਿਅਕਤੀ ਨੂੰ ਮਨੁੱਖਤਾ ਦੇ ਸਿਖਰ ਉੱਤੇ ਪਹੁੰਚਾਉਣ ਲਈ ਕੇਸਾਂ ਦੀ ਮਹੱਤਤਾ ਨੂੰ ਦਰਸਾਇਆ ਹੈ। ਕੇਸ ਕਟਾਉਣ ਨੂੰ ਬੱਜਰ ਭੁੱਲ ਕਿਹਾ ਹੈ। ਕੇਸਾਂ ਦੀ ਬੇਅਦਬੀ ਕਰਣ ਵਾਲੇ ਨੂੰ ਪਤਿਤ ਕਿਹਾ ਹੈ। ਕੇਸਾਂ ਨੂੰ ਗੁਰੂ ਦੀ ਮੋਹਰ ਦੱਸ ਕੇ ਕੇਸਾਂ ਦਾ ਮਾਣ ਵਧਾਇਆ ਹੈ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਮਨੁੱਖਤਾ ਦੀ ਆਜ਼ਾਦ ਮਾਨਸਿਕਤਾ, ਵਿਲੱਖਣਤਾ ਅਤੇ ਪਛਾਣ ਨੂੰ ਬਰਕਰਾਰ ਰੱਖਣ ਲਈ ਕੇਸਾਂ ਖ਼ਾਤਰ ਬੇਅੰਤ ਕੁਰਬਾਨੀਆਂ ਕੀਤੀਆਂ ਹਨ।ਕੇਸ ਸਿਰਫ਼ ਸਿੱਖਾਂ ਦੀ ਨਹੀਂ ਸਗੋਂ ਮਨੁੱਖਤਾ ਦੀ ਪਛਾਣ ਅਤੇ ਲੋੜ ਹਨ। ਮਨੁੱਖਤਾ ਨੂੰ ਬਰਕਰਾਰ ਰੱਖਣ ਲਈ ਸਮੁੱਚੀ ਮਨੁੱਖਤਾ ਨੂੰ ਕੇਸਾਂ ਸਬੰਧੀ ਸੁਚੇਤ ਕਰਨ ਦੀ ਲੋੜ ਹੈ।






# ਘੁੰਡ ਕੱਢ ਲੈ ਪੱਤਣ ’ਤੇ ਖੜ੍ਹੀਏ



ਜੋਗਿੰਦਰ ਕੌਰ ਅਗਨੀਹੋਤਰੀ

ਸਮਾਜ ਦੀਆਂ ਰਵਾਇਤਾਂ ਹੀ ਉਸ ਦੀ ਪਛਾਣ ਹਨ। ਮਨੁੱਖ ਨੇ ਆਪਣੇ ਅਨੁਸਾਰ ਹੀ ਰਵਾਇਤਾਂ ਚਲਾਈਆਂ। ਮਨੁੱਖ ਤੋਂ ਭਾਵ ਮਰਦ ਨਹੀਂ ਬਲਕਿ ਮਰਦ ਅਤੇ ਔਰਤ ਦੇ ਆਪਸੀ ਮੇਲ ਨੇ ਹੀ ਕੁਝ ਨਿਯਮ ਬਣਾਏ ਜੋ ਬਾਅਦ ਵਿੱਚ ਰਵਾਇਤਾਂ ਬਣ ਗਈਆਂ। ਜਿਉਂ ਜਿਉਂ ਮਨੁੱਖ ਨੂੰ ਸੋਝੀ ਆਉਂਦੀ ਗਈ ਤਿਉਂ ਤਿਉਂ ਉਸ ਨੇ ਸਮਾਜ ਵਿੱਚ ਵਿਚਰਨ ਦੇ ਨਵੇਂ ਢੰਗ ਤਰੀਕੇ ਅਪਣਾਏ।

ਸਭ ਤੋਂ ਪਹਿਲਾਂ ਤਾਂ ਰਲ ਮਿਲ ਕੇ ਰਹਿਣ ਦਾ ਕਾਰਜ ਆਰੰਭਿਆ ਅਤੇ ਫਿਰ ਉਸ ਤੋਂ ਬਾਅਦ ਇੱਕ ਸੁਚੱਜੇ ਤਰੀਕੇ ਨਾਲ ਆਦਮੀ ਤੇ ਔਰਤ ਨੂੰ ਇਕੱਠੇ ਰਹਿਣ ਵਾਸਤੇ ਵਿਆਹ ਵਰਗੀ ਰਵਾਇਤ ਸ਼ੁਰੂ ਕੀਤੀ ਜਿਸ ਨਾਲ ਦੋ ਵਿਅਕਤੀਆਂ ਨੂੰ ਆਪਣਾ ਨਿੱਜੀ ਜੀਵਨ ਜਿਊਣ ਦੀ ਕੁਝ ਖੁੱਲ੍ਹ ਦਿੱਤੀ ਗਈ। ਇਸੇ ਤਰ੍ਹਾਂ ਹੀ ਔਰਤ ਨੂੰ ਦੂਸਰੇ ਮਰਦਾਂ ਦੇ ਸਾਹਮਣੇ ਹੋਣ ਤੋਂ ਪਰਦਾ ਪ੍ਰਥਾ ਵੀ ਬਣਾਈ। ਅਜਿਹੀ ਪ੍ਰਥਾ ਨੂੰ ਨਿਭਾਉਣ ਲਈ ਘੁੰਡ ਕੱਢਣ ਦੀ ਰੀਤ ਚੱਲ ਪਈ। ਘੁੰਡ ਕੱਢਣ ਦੀ ਰੀਤ ਦਾ ਮਤਲਬ ਆਪਣੇ ਤੋਂ ਵੱਡਿਆਂ ਤੋਂ ਸ਼ਰਮਾਉਣਾ ਸੀ। ਸਮਾਜ ਵਿੱਚ ਇਹ ਰੀਤ ਅਜੇ ਤੱਕ ਪ੍ਰਚੱਲਿਤ ਹੈ। ਇਸ ਪਿੱਛੇ ਇੱਕ ਕਾਰਨ ਇਹ ਵੀ ਹੈ ਕਿ ਘਰ ਦੀ ਧੀ ਅਤੇ ਨੂੰਹ ਦੀ ਪਛਾਣ ਘੁੰਡ ਹੀ ਹੈ। ਨੂੰਹ ਭਾਵ ਵਹੁਟੀ ਪਰਿਵਾਰ ਦੇ ਵੱਡੇ ਜੀਆਂ ਤੋਂ ਜੋ ਉਸ ਦੇ ਸਤਿਕਾਰ ਯੋਗ ਹਨ ਤੋਂ ਪੱਲਾ ਕਰਦੀ ਹੈ। ਇਸ ਤਰ੍ਹਾਂ ਸਹੁਰੇ ਜਾਂ ਉਸ ਦੇ ਬਰਾਬਰ ਦੇ ਭਰਾ ਭਾਵ ਪਤਿਔਹਰੇ ਤੋਂ ਘੁੰਡ ਕੱਢਿਆ ਜਾਂਦਾ ਹੈ। ਇਸ ਤੋਂ ਬਾਅਦ ਪਤੀ ਦੇ ਵੱਡੇ ਭਰਾਵਾਂ ਤੋਂ ਵੀ ਘੁੰਡ ਕੱਢਿਆ ਜਾਂਦਾ ਹੈ। ਆਪਣੇ ਸ਼ਰੀਕੇ ਵਿੱਚ ਹੀ ਨਹੀਂ ਬਲਕਿ ਪਿੰਡ ਦੇ ਹੋਰ ਲੋਕਾਂ ਤੋਂ ਵੀ ਔਰਤ ਘੁੰਡ ਕੱਢਦੀ ਹੈ।

ਘੁੰਡ ਕੱਢਣਾ ਸ਼ਰਮ ਦਾ ਪ੍ਰਤੀਕ ਸੀ, ਪਰ ਔਰਤਾਂ ਨੂੰ ਘੁੰਡ ਕੱਢਣਾ ਇੱਕ ਬੋਝ ਲੱਗਣ ਲੱਗਾ ਕਿਉਂਕਿ ਇਸ ਨਾਲ ਉਨ੍ਹਾਂ ਨੂੰ ਕੰਮ ਕਰਨ ਵਿੱਚ ਦਿੱਕਤ ਆਉਣ ਲੱਗੀ। ਜ਼ਰੂਰੀ ਕੰਮ ਕਰਦਿਆਂ ਕਈ ਵਾਰ ਕਿਸੇ ਵੱਡੇ ਬੰਦੇ ਦੇ ਆਉਣ ’ਤੇ ਉਨ੍ਹਾਂ ਨੂੰ ਫਟਾਫਟ ਘੁੰਡ ਕੱਢਣਾ ਪੈਂਦਾ ਜਿਸ ਕਰਕੇ ਉਨ੍ਹਾਂ ਨੂੰ ਮਨ ਹੀ ਮਨ ਗੁੱਸਾ ਆਉਂਦਾ। ਅਜਿਹੇ ਗੁੱਸੇ ਦਾ ਪ੍ਰਗਟਾਵਾ ਲੋਕ ਗੀਤਾਂ ਵਿੱਚ ਇੰਜ ਕੀਤਾ ਜਾਂਦਾ ਹੈ;

**ਕੋਰੀ ਕੋਰੀ ਕੂੰਡੀ ਵਿੱਚ ਮਿਰਚਾਂ ਮੈਂ ਰਗੜਾ**
**ਸਹੁਰੇ ਦੀ ਅੱਖ ਵਿੱਚ ਪਾ ਦਿੰਨੀ ਆਂ**
**ਨੀਂ ਘੁੰਡ ਕੱਢਣੇ ਦੀ ਅਲਖ ਮੁਕਾ ਦਿੰਨੀ ਆਂ।**

ਜਾਂ ਫਿਰ ਅਜਿਹਾ ਗੀਤ ਜੇਠ ਨਾਲ ਵੀ ਜੋੜਿਆ ਜਾਂਦਾ ਕਿਉਂਕਿ ਵੱਡਾ ਹੋਣ ਕਾਰਨ ਉਸ ਤੋਂ ਵੀ ਘੁੰਡ ਕੱਢਣਾ ਪੈਂਦਾ। ਸੱਜ ਵਿਆਹੀਆਂ ਮੁਟਿਆਰਾਂ ਜਦੋਂ ਸਹੁਰੀ ਜਾਂਦੀਆਂ ਤਾਂ ਉਨ੍ਹਾਂ ਦੀ ਚਾਲ ਦੂਜੀਆਂ ਤੋਂ ਵੱਖਰੀ ਹੁੰਦੀ ਸੀ ਕਿਉਂਕਿ ਉਨ੍ਹਾਂ ਨੂੰ ਹੌਲੀ ਹੌਲੀ ਤੁਰਨਾ ਪੈਂਦਾ ਸੀ। ਇੱਕ ਘੁੰਡ ਕੱਢਣਾ ਤੇ ਦੂਜਾ ਹੌਲੀ ਹੌਲੀ ਤੁਰਨਾ ਉਨ੍ਹਾਂ ਨੂੰ ਔਖਾ ਲੱਗਦਾ ਸੀ। ਇਸ ਤਰ੍ਹਾਂ ਦੀ ਸਥਿਤੀ ਵਿੱਚ ਉਹ ਆਪਣੇ ਵਿਚਾਰ ਲੋਕ ਗੀਤਾਂ ਰਾਹੀਂ ਇੰਝ ਪ੍ਰਗਟ ਕਰਦੀਆਂ;

**ਸਹੁਰੀਂ ਜਾ ਕੇ ਦੋ ਦੋ ਪਿੱਟਣੇ**
**ਘੁੰਡ ਕੱਢਣਾ ਮੜਕ ਨਾਲ ਤੁਰਨਾ।**

ਸ਼ਰਮ/ਹਯਾ ਦਾ ਪ੍ਰਤੀਕ ਘੁੰਡ ਔਰਤ ਦਾ ਗਹਿਣਾ ਮੰਨਿਆ ਜਾਂਦਾ ਸੀ। ਸੱਜ ਵਿਆਹੀਆਂ ਔਰਤਾਂ ਅਤੇ ਬਜ਼ੁਰਗ ਔਰਤਾਂ ਵੀ ਦਰਵਾਜ਼ੇ ਜਾਂ ਸੱਥ ਵਿੱਚੋਂ ਲੰਘਣ ਵੇਲੇ ਘੱਗਰਾ ਵੀ ਪਾਉਂਦੀਆਂ ਸਨ ਅਤੇ ਘੁੰਡ ਵੀ ਕੱਢਦੀਆਂ ਸਨ। ਇਹ ਘੁੰਡ ਅਤੇ ਘੱਗਰਾ ਸਾਡੇ ਸੱਭਿਆਚਾਰ ਦੀ ਬਹੁਤ ਹੀ ਪੁਰਾਣੀ ਨਿਸ਼ਾਨੀ ਹੈ ਜਿਸ ਨੂੰ ਔਰਤਾਂ ਨੇ ਨਿਭਾਇਆ ਹੈ। ਔਰਤਾਂ ਪੂਰੇ ਕੱਪੜੇ ਪਾ ਕੇ ਖੇਤਾਂ ਵਿੱਚ ਰੋਟੀ ਵੀ ਲੈ ਕੇ ਜਾਂਦੀਆਂ ਸਨ ਅਤੇ ਖੂਹ ਤੋਂ ਪਾਣੀ ਵੀ ਭਰਦੀਆਂ ਸਨ। ਇਸ ਤੋਂ ਇਲਾਵਾ ਦੂਜੇ ਪਿੰਡ ਜਾਣ ਵੇਲੇ ਵੀ ਘੱਗਰਾ ਪਹਿਨਦੀਆਂ ਸਨ। ਕਿਸੇ ਮਰਗਤ ’ਤੇ ਜਾਣ ਵੇਲੇ ਮਤਲਬ ਮਕਾਨ ਜਾਣ ਵੇਲੇ ਵੀ ਔਰਤਾਂ ਚਿੱਟੇ ਘੱਗਰੇ ਪਾ ਕੇ ਜਾਂਦੀਆਂ ਸਨ। ਵਿਆਹ ਵੇਲੇ ਲਾੜੀ ਨੂੰ ਦਾਜ ਵਿੱਚ ਕਈ ਕਈ ਘੱਗਰੇ ਦਿੱਤੇ ਜਾਂਦੇ ਸਨ। ਸੱਟੜ ਤੇ ਸੂਫ਼ ਦੇ ਘੱਗਰੇ ਬੜੇ ਸ਼ੌਕ ਨਾਲ ਦਰਜੀ ਘਰ ਵਿੱਚ ਬੈਠ ਕੇ ਤਿਆਰ ਕਰਦੇ ਸਨ। ਇਨ੍ਹਾਂ ਘੱਗਰਿਆਂ ਨੂੰ ਬਣਾਉਣ ਵੇਲੇ ਇਨ੍ਹਾਂ ’ਤੇ ਕੀਮਤੀ ਪੱਟੀਆਂ ਜਿਨ੍ਹਾਂ ਵਿੱਚ ਚਾਂਦੀ ਦੀਆਂ ਤਾਰਾਂ ਹੁੰਦੀਆਂ ਸਨ, ਉਹ ਲਾਈਆਂ ਜਾਂਦੀਆਂ ਸਨ। ਇਨ੍ਹਾਂ ਪੱਟੀਆਂ ਨੂੰ ਕਤੂਨ ਕਿਹਾ ਜਾਂਦਾ ਹੈ। ਘੱਗਰਾ ਪਾ ਕੇ ਤੁਰਦੀ ਔਰਤ ਦੀ ਚਾਲ ਬਹੁਤ ਵਧੀਆ ਹੁੰਦੀ ਸੀ, ਜਿਸ ਨੂੰ ਦੇਖ ਕੇ ਅਗਲਾ ਘੁੰਡ ਵਾਲੀ ਦਾ ਮੂੰਹ ਦੇਖਣ ਵਾਸਤੇ ਉਤਾਵਲਾ ਹੋ ਜਾਂਦਾ ਕਿਉਂਕਿ ਘੱਗਰਾ ਪਾਇਆ ਹੋਣ ਕਰਕੇ ਘੁੰਡ ਵੀ ਕੱਢਿਆ ਹੁੰਦਾ ਸੀ, ਸੋ ਕਈ ਵਾਰ ਮਨਚਲੇ ਗੱਭਰੂ ਇਹ ਦੇਖ ਕੇ ਆਪ ਮੁਹਾਰੇ ਮੂੰਹੋਂ ਫੁੱਟ ਪੈਂਦੇ;

**ਕਾਲਾ ਘੱਗਰਾ ਸੂਫ਼ ਦਾ**
**ਧਰਤੀ ਸੰਭਰਦਾ ਜਾਏ ਨੀਂ।**

ਖ਼ੂਬਸੂਰਤ ਮੁਟਿਆਰਾਂ ਨੂੰ ਖ਼ੁਦ ਨੂੰ ਘੁੰਡ ਵਿੱਚ ਕੈਦ ਕਰਨਾ ਬਹੁਤ ਬੁਰਾ ਲੱਗਦਾ। ਕਈ ਵਾਰ ਅਜਿਹੀ ਸੁੰਦਰਤਾ ਨੂੰ ਜ਼ਾਹਰ ਕਰਨ ਲਈ ਇਹ ਵੀ ਕਿਹਾ ਜਾਂਦਾ;

**ਘੁੰਡ ਵਿੱਚ ਨਹੀਂ ਲੁਕਣੇ**
**ਸੱਜਣਾ ਨੈਣ ਕੁਆਰੇ।**

ਇਸ ਤਰ੍ਹਾਂ ਜਦੋਂ ਮੁਟਿਆਰਾਂ ਇਕੱਠੀਆਂ ਹੋ ਕੇ ਖੂਹਾਂ ਜਾਂ ਟੋਭਿਆਂ ਤੋਂ ਪਾਣੀ ਭਰਦੀਆਂ ਤਾਂ ਉਨ੍ਹਾਂ ਦਾ ਸੂਰਜ ਦੀ ਲਾਲੀ ਵਰਗਾ ਹੁਸਨ ਦੇਖ ਕੇ ਇੰਜ ਕਿਹਾ ਜਾਂਦਾ;

**ਘੁੰਡ ਕੱਢ ਲੈ ਪੱਤਣ ’ਤੇ ਖੜ੍ਹੀਏ**
**ਨੀਂ ਪਾਣੀਆਂ ਨੂੰ ਅੱਗ ਲੱਗ ਜੂ।**

ਘੁੰਡ ਕੱਢਣ ਵਾਲੀ ਔਰਤ ਭਾਵੇਂ ਸੋਹਣੀ ਨਾ ਵੀ ਹੋਵੇ, ਪਰ ਦੂਜਿਆਂ ਲਈ ਇਹ ਵਿਸ਼ੇਸ਼ ਬਣ ਜਾਂਦੀ ਹੈ। ਮਨੁੱਖ ਆਪਣੇ ਸੁਭਾਅ ਅਨੁਸਾਰ ਲੁਕੀ ਹੋਈ ਚੀਜ਼ ਨੂੰ ਦੇਖਣ ਲਈ ਉਤਾਵਲਾ ਹੋ ਜਾਂਦਾ ਹੈ। ਆਮ ਵਿਅਕਤੀਆਂ ਤੋਂ ਇਲਾਵਾ ਸਾਧੂ/ਜੋਗੀ ਵੀ ਘੁੰਡ ਵਾਲੀ ਨੂੰ ਦੇਖਣਾ ਚਾਹੁੰਦੇ ਹਨ। ਰਾਂਝੇ ਵਰਗੇ ਜੋਗੀਆਂ ਦੀ ਸਮਾਜ ਵਿੱਚ ਕਮੀ ਨਹੀਂ ਤਾਂ ਹੀ ਤਾਂ ਇਹ ਕਿਹਾ ਜਾਂਦਾ ਹੈ;

**ਘੁੰਡ ਕੱਢ ਕੇ ਖ਼ੈਰ ਨਾ ਪਾਈਏ**
**ਨੀਂ ਸਾਧੂ ਹੁੰਦੇ ਰੱਬ ਵਰਗੇ।**

ਜਦੋਂ ਕੋਈ ਮੁਟਿਆਰ ਵਿਆਹੀ ਆਉਂਦੀ ਤਾਂ ਉਸ ਨੂੰ ਡੋਲੀ ਵਿੱਚੋਂ ਉਤਾਰਨ ਤੋਂ ਬਾਅਦ ਸੱਸ ਖੰਡ-ਘਿਓ ਨਾਲ ਉਸ ਦਾ ਮੂੰਹ ਜੁਠਾਲਦੀ ਜਿਸਨੂੰ ਪਿਆਲਾ ਵੀ ਕਿਹਾ ਜਾਂਦਾ ਹੈ ਅਤੇ ਉਸ ਤੋਂ ਬਾਅਦ ਸ਼ਗਨ ਦਿੰਦੀ। ਉਸ ਸਮੇਂ ਵਿਆਹੁਤਾ ਨੰਗੇ ਮੂੰਹ ਨਹੀਂ ਬੈਠਦੀ ਸੀ। ਸ਼ਰੀਕੇ ਕਬੀਲੇ ਦੀਆਂ ਔਰਤਾਂ ਘੁੰਡ ਚੁਕਾ ਕੇ ਸ਼ਗਨ ਦਿੰਦੀਆਂ ਸਨ। ਜਦੋਂ ਵਿਆਹੁਤਾ ਘੁੰਡ ਚੁੱਕਦੀ ਤਾਂ ਉਹ ਆਪਣੀਆਂ ਅੱਖਾਂ ਬੰਦ ਕਰ ਲੈਂਦੀ। ਕਈ ਵਾਰ ਜੇਠ ਵੀ ਜਨਾਨਾ ਕੱਪੜੇ ਪਾ ਕੇ ਮੂੰਹ ਦੇਖਣ ਲਈ ਆ ਜਾਂਦੇ, ਪ੍ਰੰਤੂ ਕੋਲ ਬੈਠੀ ਵਿਚੋਲਣ ਜਾਂ ਕੋਈ ਜ਼ਿੰਮੇਵਾਰ ਔਰਤ ਉਸ ਦਾ ਹੱਥ ਦੱਬ ਕੇ ਸਮਝਾ ਦਿੰਦੀ ਕਿ ਘੁੰਡ ਨਹੀਂ ਚੁੱਕਣਾ। ਅਜਿਹੇ ਸਮੇਂ ਨੂੰ ਲੋਕ ਗੀਤਾਂ ਵਿੱਚ ਇੰਜ ਦਰਸਾਇਆ ਗਿਆ ਹੈ;

**ਨੀਂ ਘੁੰਡ ਚੱਕ ਦੇ ਭਾਬੀ**
**ਪੰਜਾ ਦਾ ਫੜ ਲੈ ਨੋਟ।**

ਸਮਾਜ ਵਿੱਚ ਬਦਲਾਅ ਆ ਗਿਆ ਹੈ। ਸਮੇਂ ਦਾ ਸੁਭਾਅ ਹੈ ਬਦਲਣਾ ਅਤੇ ਸਮਾਜ ਵੀ ਸਮੇਂ ਅਨੁਸਾਰ ਹੀ ਬਦਲਦਾ ਹੈ। ਘੜੀ ਦੀਆਂ ਸੂਈਆਂ ਦੇ ਚੱਲਣ ਨਾਲ ਸਮਾਜ ਨਹੀਂ ਬਦਲਦਾ ਬਲਕਿ ਨਵੀਂ ਪੀੜ੍ਹੀ ਦੇ ਵਿਚਾਰ ਹੀ ਨਵੀਆਂ ਰੀਤਾਂ ਚਲਾਉਂਦੇ ਹਨ। ਪਹਿਲਾਂ ਨਾਲੋਂ ਸਮਾਜ ਬਹੁਤ ਬਦਲ ਗਿਆ ਹੈ। ਖਾਣਾ-ਪੀਣਾ, ਪਹਿਨਣਾ, ਬੋਲਣਾ ਆਦਿ ਵਿੱਚ ਬਹੁਤ ਤਬਦੀਲੀ ਆਈ ਹੈ ਤਾਂ ਹੀ ਕਿਹਾ ਜਾਂਦਾ ਹੈ;

**ਘੱਗਰੇ ਵੀ ਗਏ ਫੁਲਕਾਰੀਆਂ ਵੀ ਗਈਆਂ**
**ਘੁੰਡ ਵੀ ਗਏ ਤੇ ਘੁੰਡ ਵਾਲੀਆਂ ਵੀ ਗਈਆਂ।**

ਤਬਦੀਲੀ ਤਾਂ ਬਹੁਤ ਜ਼ਿਆਦਾ ਆ ਗਈ ਹੈ, ਪਰ ਪੂਰੇ ਸਮਾਜ ’ਤੇ ਇਸ ਦਾ ਅਸਰ ਨਹੀਂ ਹੋਇਆ ਕਿਉਂਕਿ ਅਜੇ ਵੀ ਘੁੰਡ ਵਾਲੀਆਂ ਕਾਇਮ ਹਨ ਜੋ ਪੁਰਾਤਨ ਸੱਭਿਆਚਾਰ ਦੀ ਟਾਵੀਂ ਟਾਵੀਂ ਇੱਟ ਹਨ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਬਾਰਾ ਮਾਹ

ਵੱਖੋ ਵੱਖ ਰੁੱਤਾਂ ਵੱਖੋ ਵੱਖ ਰੰਗ ਜੀ।
ਜਿੰਦਗੀ ਜਿਉਣ ਵਾਲੇ ਸਿੱਖੋ ਢੰਗ ਜੀ।
ਆਖਦੇ ਸਿਆਣੇ ਚਿੱਤ ਨੂੰ ਟਿਕਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਚੇਤ ਦੇ ਮਹੀਨੇ ਦੇਸੀ ਚੜ੍ਹੇ ਸਾਲ ਜੀ।
ਮੌਸਮ ਵੀ ਹੋਵੇ ਵੀਰਨੋ ਕਮਾਲ ਜੀ।
ਸੰਧੂਆਂ ਸ਼ੌਕੀਨ ਕਵਿਤਾ ਬਣਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਵਿਸਾਖ ਵਿਸਾਖੀ ਹੋਂਵਦਾ ਤਿਉਹਾਰ ਜੀ।
ਕਣਕ ਫਸਲ ਭਰਦੀ ਭੰਡਾਰ ਜੀ।
ਖਾਲਸਾ ਦਿਵਸ ਸੰਗਤੇ ਮਨਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਜੇਠ ਦੇ ਮਹੀਨੇ ਤਪਸ਼ ਤਪਾਂਵਦੀ।
ਹਾੜ ਵਾਲੀ ਵਾੜ ਪੂਰਾ ਕਹਿਰ ਢਾਂਵਦੀ।
ਪੰਚਮ ਗੁਰਾਂ ਦੀ ਸ਼ਹੀਦੀ ਮਨਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਸਾਉਣ ਦਾ ਮਹੀਨਾ ਖੀਰ ਪੂੜੇ ਖਾਣ ਦਾ।
ਕੁੜੀਆਂ ਨੂੰ ਚਾਅ ਹੋਵੇ ਪੇਕੇ ਜਾਣ ਦਾ।
ਗਰਮੀ ਤੋਂ ਰਾਹਤ ਮੇਘ ਵਰਸਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਭਾਦੋਂ ਵਿੱਚ ਮੇਲਾ ਲੱਗਦਾ ਛਪਾਰ ਦਾ।
ਗਰਮੀ ਦਾ ਕਹਿਰ ਉੱਤੋਂ ਮੱਤ ਮਾਰਦਾ।
ਕ੍ਰਿਸ਼ਨ ਮੁਰਾਰ ਪੁਰਬ ਮਨਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਅੱਸੂ ਦੇ ਨੌਰਾਤੇ ਬੜੇ ਮਸ਼ਹੂਰ ਜੀ।
ਵਿਆਹਾਂ ਵਿੱਚ ਲੱਡੂ ਪੱਕਦੇ ਜ਼ਰੂਰ ਜੀ।
ਬਦੀ ਉੱਤੇ ਨੇਕੀ ਤਾਈਂ ਜਿੱਤ ਪਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਅਯੁੱਧਿਆ 'ਚ ਪੁੱਜੇ ਜਦੋਂ ਸ੍ਰੀ ਰਾਮ ਜੀ।
ਖ਼ੁਸ਼ ਹੋਇਆ ਨਰ ਨਾਰੀ ਸੀ ਤਮਾਮ ਜੀ।
ਬੰਦੀ ਛੋੜ ਮੌਕੇ ਦੀਪਕ ਜਗਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਪੋਹ ਦਾ ਮਹੀਨਾ ਹੋਵੇ ਠੰਢ ਜ਼ੋਰ ਦੀ।
ਚੇਤੇ ਆਵੇ ਸਾਨੂੰ ਗੜ੍ਹੀ ਚਮਕੌਰ ਦੀ।
ਵਿੱਚ ਸਰਹਿੰਦ ਹਾਜ਼ਰੀ ਲਗਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਚਾਲੀ ਸਿੰਘਾਂ ਮੁੱਖ ਗੁਰੂ ਵੱਲੋਂ ਮੋੜਿਆ।
ਪਾੜਕੇ ਬੇਦਾਵਾ ਗੁਰਾਂ ਗੰਢ ਜੋੜਿਆ।
ਆਪਣੇ ਪਿਆਰਿਆਂ ਨੂੰ ਗਲ ਲਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਫੱਗਣ ਮਹੀਨੇ ਹੋਲੀ ਹੋਲਾ ਆਂਵਦਾ।
ਆਨੰਦਾ ਦੀ ਪੁਰੀ ਖਾਲਸਾ ਮਨਾਂਵਦਾ।
ਬਾਰਾ ਮਾਹ ਚੇਤੇ ਦੇਸੀ ਕਰਵਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

**-ਗੁਰਿੰਦਰ ਸਿੰਘ ਸੰਧੂਆਂ**

## ਉਹ ਇੰਤਜਾਰ

ਮੈਂ ਸਿਰਫ ਗੋਬਿੰਦ ਦੇ ਨਾਂ ਦੀ ਮੀਰਾ ਨਹੀਂ,
ਸੱਚੀਂ ਪੂਰੀ ਰੂਹ ਤੋਂ ਵੀ ਬਣੀ ਆਂ,
ਮੈਂ ਅਣਜਾਣ ਨਹੀਂ ਉਹਦੇ ਸਵਾਲ ਜਵਾਬਾਂ ਤੋਂ,
ਮੈਂ ਪੂਰੀ ਤਰ੍ਹਾਂ ਜਾਣੂ ਓਹਦੀ ਰੂਹ ਰੂਹ ਦੀ ਸੂਹ ਤੋਂ ਵੀ ਹਾਂ,
ਮਿਲਿਆ ਏ ਨਾਂ ਸਾਡਾ ਇਸ ਗੱਲ ਦੀ ਖ਼ੁਸ਼ੀ ਬੜੀ ਏ,
ਪਰ ਉਸ ਸਮੇਂ ਦੀ ਤਰ੍ਹਾਂ ਅੱਜ ਵੀ ਮੀਰਾ ਗੋਵਿੰਦ ਦੇ ਇੰਤਜ਼ਾਰ ਵਿਚ ਖੜ੍ਹੀ ਏ।
ਕਈ ਮੁੱਕੀਆਂ ਨੇ ਮੁੱਦਤਾਂ ਅਤੇ ਕਈ ਯੁੱਗ ਪਲਟ ਗਏ,
ਜੋ ਪੁੱਛਣੇ ਸੀ ਸਵਾਲ ਉਹਨੂੰ ਮੇਰੇ ਖ਼ਿਆਲ ਚ ਸਰਕ ਗਏ।
ਹਰ ਵਾਰ ਜੁਦਾਈਆਂ ਸਾਡੇ ਵਿਚ ਪੈ ਹੀ ਜਾਂਦੀਆਂ ਨੇ,
ਕਦੋਂ ਉਹਨੇ ਪੂੰਝਣੇ ਨੇ ਤੇਰੇ ਹੰਝੂ ਇਹ ਮੇਰੀਆਂ ਗਿੱਲੀਆਂ ਪਲਕਾਂ ਕਹਿੰਦੀਆਂ ਨੇ।
ਹੱਸੀ ਖੇਡੀ ਤੇ ਕਦੇ ਕਦੇ ਭਾਵੇਂ ਨਾਲ ਉਹਦੇ ਲੜੀ ਹਾਂ,
ਪਰ ਅੱਜ ਵੀ ਰਾਵੀ ਗਵਾਹ ਹੈ ਸਮਾਂ,
ਮੈਂ ਮੀਰਾ ਮੇਰੇ ਗੋਬਿੰਦ ਦੇ ਇੰਤਜਾਰ ਵਿੱਚ ਖੜ੍ਹੀ ਹਾਂ।

**ਰਵਿੰਦਰ ਕੌਰ ਰਾਵੀ**

## ਮਹਿਕਾਂ ਵੰਡਦੇ ਫ਼ੁੱਲ ਨਾ ਤੋੜੋ

ਟਾਹਣੀਆਂ ਉੱਤੇ ਫੁੱਲ ਨੇ ਲੱਗੇ,
ਕਿੰਨੇ ਸੋਹਣੇ ਲੱਗਦੇ।
ਤਿੱਤਲੀਆਂ ਅਤੇ ਭੌਰੇ ਘੁੰਮਦੇ
ਫੁੱਲਾਂ ਉੱਤੇ ਫੱਬਦੇ।

ਦਿੰਦੇ ਸਾਨੂੰ ਮਹਿਕਾਂ, ਇਹ ਮੁੱਲ
ਨਾ ਕੋਈ ਮੰਗਦੇ।
ਹੋ ਜਾਂਦੇ ਨੇ ਖ਼ੁਸ਼, ਜਦ ਵੀ ਰਾਹੀ
ਉੱਧਰੋਂ ਲੰਘਦੇ।

ਧਰਤੀ ਦਾ ਸੁਹੱਪਣ ਹੈ, ਸਵਰਗ
ਦਾ ਨਜ਼ਾਰਾ।
ਸਾਡੇ ਵਾਂਗੂ ਖ਼ੁਸ਼ ਰਹੋ, ਕਰਦੇ
ਇਹ ਇਸ਼ਾਰਾ।

ਕੋਈ ਗੇਂਦਾਂ, ਗੁਲਾਬ, ਚਮੇਲੀ
ਤੇ ਕੋਈ ਗੁਲਮੋਹਰ।
ਵੱਖ ਵੱਖ ਰੰਗਾਂ ਦੇ ਵਿੱਚ ਵੇਖੋ
ਕਿੰਨੇ ਲੱਗੇ ਹੋਰ।

ਬੱਚਿਓ! ਹੱਥ ਨਾ ਲਾਇਓ, ਨਾ ਹੀ
ਤੁਸੀਂ ਤੋੜਿਓ।
ਕਿੰਨੀਆਂ ਕੋਮਲ ਟਾਹਣੀਆਂ ਨੇ,
ਇਹ ਨਾ ਮਰੋੜਿਓ।

ਆਪ ਮਸਤੀ ਵਿੱਚ ਰਹਿੰਦੇ ਤੇ
ਸਾਨੂੰ ਇਹੀ ਸਿਖਾਉਂਦੇ।
ਜਿੱਥੇ ਵੀ ਖਿੜ੍ਹਨ ਇਹ ਬੱਚਿਓ,
ਰੌਣਕਾਂ ਨੇ ਲਾਉਂਦੇ।

ਜੇ ਅਸੀਂ ਹੱਥ ਲਾਵਾਂਗੇ,
ਤਾਂ ਮਹਿਕ ਨੇ ਨੱਸ ਜਾਣਾਂ।
ਮੁਰਝਾ ਜਾਣਗੇ ਫੁੱਲ ਇਹ ਬੱਚਿਓ,
ਮੁੜ ਇਹਨਾਂ ਨਾ ਆਣਾ।

ਦੂਰੋਂ ਖੜ ਕੇ ਵੇਖੀ ਜਾਇਓ ਫੁੱਲ
ਪਿਆਰੇ ਪਿਆਰੇ।
'ਪੱਤੋ' ਆਖੇ ਉਸ ਕੁਦਰਤ ਦੇ ਜਾਈਏ
ਸਦਾ ਬਲਿਹਾਰੇ।

**ਹਰਪ੍ਰੀਤ ਪੱਤੋ**
94658-21417

## ਸਿਆਸਤ

ਕਿੰਝ ਮੱਘੇਗਾ, ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ?
ਜਿਥੇ ਵਗਦੀ ਰਹੀ ਹੈ ਹਮੇਸ਼ਾ
ਸਿਆਸਤ ਦੀ ਗੰਧਲੀ ਹਵਾ।
ਟਿਕਟਾਂ ਦਾ ਵਿਕਣਾ ਸ਼ਰਿਆਮ ਹੈ ਜਿਥੇ
ਜਿੱਤ ਕੇ ਵੀ ਵਿਕ ਜਾਣਾ ਆਮ ਹੈ ਜਿਥੇ,
ਹਰ ਪਾਰਟੀ ਚੰਦੇ ਤੇ ਖੜੀ ਹੈ ਜਿਥੇ
ਰਾਜਨੀਤੀ ਧੰਦੇ ਤੇ ਖੜੀ ਹੈ ਜਿਥੇ,
ਵਿਕਦੀਆਂ ਨੇ ਵੋਟਾਂ ਜਿਥੇ
ਕੌਡੀਆਂ ਦੇ ਭਾਅ।
ਕਿੰਝ ਮੱਘੇਗਾ, ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ?
ਜਹਾਜ਼ਾਂ ਦੇ ਘੁਟਾਲੇ ਨੇ ਜਿਥੇ
ਤੋਪਾਂ ਤੇ ਟੈਂਕਾ ਦੇ ਘੁਟਾਲੇ ਨੇ ਜਿਥੇ,
ਰੇਲਾਂ ਤੇ ਬੈਂਕਾਂ ਦੇ ਘੁਟਾਲੇ ਨੇ ਜਿਥੇ
ਕਾਲਾ ਧੰਨ ਰਿਹਾ ਵਿਦੇਸ਼ਾਂ ਚ ਜਾ
ਕਿੰਝ ਮੱਘੇਗਾ, ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ?
ਜਿਥੇ ਵਗਦੀ ਰਹੀ ਹੈ ਹਮੇਸ਼ਾ
ਸਿਆਸਤ ਦੀ ਗੰਧਲੀ ਹਵਾ।
ਸਰਮਾਏਦਾਰੀ ਅਤੇ ਹਾਕਮਾਂ ਦੀ
ਸਾਂਝ ਹੈ ਬੜੀ ਪੁਰਾਣੀ ਜਿਥੇ,
ਆਮ ਨੂੰ ਸਮਝ ਨਹੀਂ ਆਉਣੀ
ਇਹ ਸਭ ਰਾਮ ਕਹਾਣੀ ਜਿਥੇ,
ਕਿਰਤੀਆਂ ਤੇਰੇ ਹੱਕ ਸੀ ਜਿਹੜੇ
ਕੌਣ ਰਿਹਾ ਏ ਖਾ,
ਕਿੰਝ ਮੱਘੇਗਾ, ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ?
ਜਿਥੇ ਵਗਦੀ ਰਹੀ ਹੈ ਹਮੇਸ਼ਾ
ਸਿਆਸਤ ਦੀ ਗੰਧਲੀ ਹਵਾ।



**ਕੁਲਦੀਪ ਸਾਹਿਲ**

## ਹਾਕਮ ਦਾ ਹਥਿਆਰ

ਰਲਿਆ 'ਖੋਟ' ਜਦ ਸੋਨੇ 'ਚੋਂ ਕੱਢਦਾ ਏ
'ਸੇਕ ਅੱਗ' ਦਾ ਦੇਵੇ ਸੁਨਿਆਰ ਮੀਆਂ।
ਕੱਢੇ 'ਚਿੱਬ' ਜਦ ਪਿੱਤਲ ਦੇ ਭਾਂਡਿਆਂ 'ਚੋਂ
ਸੱਟ ਮਾਰਦਾ 'ਠਾਹ' ਠਠਿਆਰ ਮੀਆਂ।
'ਵਿੰਗੀ' ਇੱਟ ਨੂੰ ਕੰਧ ਵਿੱਚ ਚਿਣਨ ਵੇਲੇ
'ਤੇਸੀ' ਮਾਰਦਾ ਜਿਉਂ ਦਸਤਕਾਰ ਮੀਆਂ।
ਹਲ ਵਾਹੁੰਦਿਆਂ ਬਲ੍ਹਦ ਜੇ ਸਿਆੜ ਭੰਨੇਂ
ਪੁੜੇ ਉੱਪਰ ਝੱਟ ਪੈਂਦੀ ਏ 'ਆਰ' ਮੀਆਂ।
ਫੜ੍ਹਾਂ ਫੋਕੀਆਂ ਮਾਰਨ ਤੋਂ ਕਾਇਰ ਹਟਦੇ
ਸੁਣਕੇ 'ਸੂਰਮੇਂ' ਵਾਲੀ ਲਲਕਾਰ ਮੀਆਂ।
ਵਿੰਗਾ ਹੋ ਰਿਹਾ ਸਿੱਧਾ 'ਕੋਈ' ਕਰਨ ਵੇਲੇ
ਹਾਕਮ ਵਰਤਦੇ 'ਈਡੀ' ਹਥਿਆਰ ਮੀਆਂ!



**-ਤਰਲੋਚਨ ਸਿੰਘ ਦੁਪਾਲਪੁਰ**
001-408-905-5517

## ਬਿਆਈਆਂ ਦੀ ਟੀਸ

ਪੈਰਾਂ ਦੀਆਂ ਪਾਟੀਆਂ
ਬਿਆਈਆਂ ਦੀ ਟੀਸ ਨੂੰ
ਜੀ ਚਾਹੁੰਦਾ ਹੈ ਕਹਾਂ,
'ਐਵੇਂ ਨਾ ਰੌਲ਼ਾ ਪਾਇਆ ਕਰ।
ਪਤਾ ਹੈ ਮੈਨੂੰ ਵੀ,
ਜਦ ਵੀ ਪਿਛਾਂਹ ਝਾਤੀ ਮਾਰਦਾ ਹਾਂ,
ਤੇਰੀਆਂ ਪੈੜਾਂ ਦਾ ਸਫਰ
ਦੂਰ ਅਤੀਤ ਚੋਂ
ਬੰਜਰਾਂ, ਵੱਤਰਾਂ ਤੋਂ
ਕੱਚੇ ਪਹਿਆਂ ਤੇ
ਤਾਰਕੋਲੀ ਸੜਕਾਂ ਨੂੰ ਗਾਹੁੰਦਾ
ਮਹਾਂ ਨਗਰਾਂ ਦੀਆਂ ਸੀਮਾਵਾਂ ਵੀ
ਸਰ ਕਰਦਾ ਹੈ।
ਵਕਤ ਦੇ ਹਰ ਸਿਤਮ ਨੂੰ ਜਰਦਾ ਹੈ।'

ਫਿਰ ਅੰਦਰਲਾ ਹਾਉਕਾ
ਕਰਵਟ ਲੈਂਦਾ ਹੈ
'ਯਾ ਮੌਲਾ
ਕਦੀ ਤਾਂ ਇਧਰ ਵੀ ਨਜ਼ਰ ਕਰ
ਮੈਂ ਕਿੱਥੇ ਕਿੱਥੇ ਥਾਹ ਪਾਵਾਂ,
ਪੁਸ਼ਤ ਦਰ ਪੁਸ਼ਤ
ਸਫ਼ਰ ਇਸ ਟੀਸ ਦਾ ਹੈ ਕਿ
ਮੁੱਕਦਾ ਹੀ ਨਹੀਂ।
ਜੇ ਕਿਸਮਤ ਦੀ ਪੱਤਰੀ ਖ਼ੁੱਹਲਾਂ,
ਘਰ ਦੇ ਕੱਚੇ,
ਕਦੀ ਸੁਲਘਦੇ,
ਕਦੀ ਫਾਕੇ ਕੱਟਦੇ,
ਚੁੱਲ੍ਹੇ ਨੂੰ ਪੁੱਛਾਂ,
ਹਉਕਾ ਜਿਹਾ ਭਰਦਾ
ਉਹ ਵੀ ਕਹਿੰਦਾ ਹੈ
'ਤੂੰ ਵੀ ਤਾਂ
ਕੁੱਝ ਕਰ ਨਹੀਂ ਪਾਇਆ
ਉੱਥੇ ਹੀ ਖਲੋਤਾ ਹੈਂ
ਜਿੱਥੇ
ਤੇਰੇ ਬਾਪ ਦੇ ਬਾਪ ਦਾ ਬਾਪ
ਖੜ੍ਹਾ ਸੀ।
ਤੂੰ ਵੀ ਕਿਹੜਾ ਛੱਡੀ ਹੈ
ਸਮੇਂ ਤੇ ਕੋਈ ਛਾਪ।
ਨਾ ਤੇਰੀ ਕਿਸਮਤ ਬਦਲੀ ਹੈ,
ਨਾ ਮੇਰਾ ਮੂੰਹ-ਮੱਥਾ ਸੰਵਰਿਆ ਹੈ।'
ਤੇ ਮੈਂ ਨਿੰਮੋਝੂਣਾ ਜਿਹਾ ਹੋ
ਕਹਿੰਦਾ ਹਾਂ
ਨਹੀਂ, ਨਹੀਂ
ਹੁਣ ਵਕਤ ਬਦਲ ਗਿਆ ਹੈ,
ਅੰਬਰ ਦੀ ਤਾਸੀਰ ਬਦਲੀ ਹੈ।
ਮੈਂ ਤੁਰਾਂਗਾ,
ਵਕਤ ਤੇ ਹਵਾ ਦੇ
ਥਪੇੜਿਆਂ ਨਾਲ ਲੜਾਂਗਾ
ਦੂਰ ਦੁਮੇਲ ਤੇ ਉੱਗਦੀ ਲਾਲੀ
ਦੇ ਬੂਹੇ ਤੇ ਦਸਤਕ ਦਿਆਂਗਾ।
ਮੇਰਾ ਬੇਟਾ ਕਦੀ ਵੀ ਤੇਰਾ
ਇਹ ਉਲਾਂਭਾ ਨਹੀਂ ਸੁਣੇਗਾ
ਕਿ ਤੂੰ ਵੀ ਉੱਥੇ ਹੀ ਖੜ੍ਹਾ ਹੈਂ
ਜਿੱਥੇ ਤੇਰਾ ਬਾਪ ਖੜ੍ਹਾ ਸੀ।



**ਜਗਤਾਰ ਸਿੰਘ ਹਿੱਸੋਵਾਲ**

## ਪਿਆਰੀ ਮਾਂ ਬੋਲੀ

ਧੁਰ ਦਰਗਾਹੋਂ ਆਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਮੱਥੇ ਤਿਲਕ ਲਗਾ ਵਿਦਵਾਨਾਂ ਨੇ।
ਬਾਈਬਲ, ਰਾਮਾਇਣ, ਗ੍ਰੰਥ, ਪੁਰਾਣਾਂ ਨੇ।
ਯੁੱਗੋ ਯੁਗ ਵਡਿਆਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਬੱਚੇ ਦੇ ਬੋਲਾਂ ਤੋਂ ਲੈ ਕੇ ਅਰਥੀ ਤੱਕ।
ਸਤਿਅਮ, ਸੁੰਦਰ, ਵਿਦਿਆ, ਭਗਤੀ, ਸ਼ਕਤੀ ਤੱਕ।
ਜੀਵਨ ਦੀ ਸ਼ਹਿਨਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ
ਸੂਰਜ ਵਾਂਗੂ ਨੇਰ੍ਹੇ ਵਿੱਚ ਪ੍ਰਕਾਸ਼ ਕਰੇ।
ਜੰਮਦੇ ਬੱਚੇ ਦੇ ਬੋਲਾਂ ਵਿੱਚ ਆਸ ਧਰੇ।
ਕਰਦੀ ਪਰਉਪਕਾਰ ਵਿਚਾਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਚੌਰਾਸੀ ਲੱਖ ਜੂਨ 'ਚ ਇਸ ਦਾ ਵਾਸਾ ਹੈ।
ਬੱਚੇ ਦੀ ਕਿਲਕਾਰੀ ਵਰਗਾ ਹਾਸਾ ਹੈ।
ਰੱਬ ਨੇ ਖ਼ੂਬ ਬਣਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਨਾਲ ਹੀ ਬੰਦੇ ਦੀ ਪਹਿਚਾਣ ਬਣੇ।
ਮਾਨ ਬਣੇ ਤੇ ਆਣ ਬਣੇ ਤੇ ਸ਼ਾਨ ਬਣੇ।
ਜਿਸ ਨੇ ਵੀ ਹੈ ਪਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਦੁੱਧ ਵਿਚ ਨੂਰ ਅਲੌਕਿਕ ਸ਼ਕਤੀ ਹੈ।
ਬੰਦੇ ਦੀ ਬੱਸ ਇਸੇ ਕਰਕੇ ਹਸਤੀ ਹੈ।
ਵਰ੍ਹਦੀ ਬੱਦਲੀ ਛਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਲੱਖਾਂ ਰਿਸ਼ਤੇ ਇੱਕ ਹੀ ਖ਼ੂਨ ਰਵੇ।
ਯੁੱਗ-ਯੁਗ ਜੀਵੇ ਸ਼ਾਲਾ ਜੱਗ ਤੇ ਖ਼ੂਬ ਪਲੇ।
ਮਾਮੀ, ਚਾਚੀ, ਤਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
'ਬਾਲਮ' ਇਸ ਦੀ ਪੂਜਾ ਜਿਸ ਨੇ ਕੀਤੀ ਹੈ।
ਸੁੱਖਾਂ ਦੇ ਵਿਚ ਉਸ ਦੀ ਜ਼ਿੰਦਗੀ ਬੀਤੀ ਹੈ।
ਬਰਕਤ, ਮਿਹਰ ਲਿਆਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।

**ਬਲਵਿੰਦਰ 'ਬਾਲਮ' ਗੁਰਦਾਸਪੁਰ**
98156-25409

## ਮਾਂ ਤੇ ਬੋਲੀ

"ਪੰਜਾਬੀ ਸਾਡੀ ਮਾਂ" ਜੋ ਕਹਿੰਦੀ
ਜੀਭ ਭਾਵੇਂ ਮਸ਼ੀਨ ਹੁੰਦੀ ਹੈ।
ਉਹ 'ਮਾਂ' ਤੇ ਪੰਜਾਬੀ ਬੋਲੀ
ਦੋਹਾਂ ਦੀ ਤੌਹੀਨ ਹੁੰਦੀ ਹੈ।

ਬੋਲੀ ਆਪਣੀ ਥਾਂ ਵਿੱਚ ਫਿਟ ਹੈ
ਮਾਂ ਦੀ ਆਪਣੀ ਥਾਂ ਹੁੰਦੀ ਹੈ,
ਅਨਪੜ੍ਹ ਭਾਵੇਂ ਲਿਖ ਨਾ ਸਕਦੀ
ਗੁੰਗੀ ਮਾਂ ਵੀ ਮਾਂ ਹੁੰਦੀ ਹੈ।

ਬੋਲੀ ਅਕਸਰ ਯੁੱਗ ਯੁੱਗ ਜਿਉਂਦੀ
ਮਾਂ ਜਾਨ ਇੱਕ ਪੀੜ੍ਹੀ ਵਿੱਚ ਹੈ,
ਬੋਲੀ ਮਾਂ ਕਿਸੇ ਦੀ ਜੇਕਰ
ਉਹ ਬੋਲੀ ਜਲਦੀ ਹੀ ਚਿੱਤ ਹੈ।

ਬੋਲੀ ਨੂੰ ਮਾਂ ਕਹਿਣਾ 'ਪਰਖਿਆਂ'
ਵਰਦਾਨ ਨਹੀਂ ਸਰਾਪ ਹੁੰਦਾ ਹੈ,
ਬੋਲੀ ਪੂਜਕ ਭਗਤਾਂ ਤੋਂ ਇਹ
ਪਾਪ ਆਪਣੇ ਆਪ ਹੁੰਦਾ ਹੈ।

ਪੂਜਾ ਨਾਲ ਨਹੀਂ ਬੋਲੀ ਬਚਦੀ
ਸਿਫ਼ਤਾਂ ਦੇ ਅੰਬਾਰ ਥੱਲੇ ਨਾ,
ਅੰਗਰੇਜ਼ੀ ਹਿੰਦੀ ਤੋਂ ਤਾਂ ਬਚ ਜਊ
ਪਾਖੰਡਾਂ ਪਰ ਭਾਰ ਥੱਲੇ ਨਾ।

ਪੰਜਾਬੀ ਜੇ ਬਚਾਉਣਾ ਚਾਹੀਏ
ਇਹਦੇ ਬਹਿ ਕੇ ਭਜਨ ਨਾ ਗਾਈਏ,
ਅੱਜ ਦੇ ਹਾਣ ਦੀ ਕਰਨ ਲਈ ਇਹਨੂੰ
ਇਸ ਵਿੱਚ ਹੋਰ ਕਾਬਲੀਅਤ ਪਾਈਏ।

ਇੱਧਰੋਂ ਉਧਰੋਂ ਜਿੱਥੇ ਵੀ ਲੱਭਣ
ਲੋੜੀਂਦੇ ਪਰਖ਼ਿਆਂ ਸ਼ਬਦ ਅਪਣਾਈਏ,
ਛੁੜਾ ਕੇ 'ਠੇਠਤਾ' ਚਿੱਚੜਾਂ ਕੋਲੋਂ
ਪੰਜਾਬੀ ਨੂੰ ਵਿਕਾਸ ਰਾਹ ਪਾਈਏ।

**ਡਾ. ਸੁਖਪਾਲ ਸੰਘੇੜਾ ਓਰਫ ਪਰਖ਼ਾ**

# ਅਸਲੀਅਤ ਅਤੇ ਕਲਪਨਾ ਵਿੱਚ ਉਲਝਾ ਬਚਪਨ

ਅੱਜ ਦਾ ਬਚਪਨ ਇਕ ਅਜੀਬ ਦੋਹਰੇ ਸੰਸਾਰ ਵਿੱਚ ਜੀ ਰਿਹਾ ਹੈ—ਇੱਕ ਪਾਸੇ ਅਸਲੀਅਤ ਦੀ ਮਿੱਟੀ ਦੀ ਸੁਗੰਧ, ਦੂਜੇ ਪਾਸੇ ਕਲਪਨਾ ਦੀ ਚਮਕਦਾਰ ਸਕ੍ਰੀਨ। ਘਰ ਦੇ ਅੰਗਣ ਦੀਆਂ ਖੇਡਾਂ ਹੁਣ ਮੋਬਾਈਲ ਦੀਆਂ ਗੇਮਾਂ ਵਿੱਚ ਬਦਲ ਗਈਆਂ ਹਨ, ਕਹਾਣੀਆਂ ਦੀਆਂ ਕਿਤਾਬਾਂ ਦੀ ਥਾਂ ਐਨੀਮੇਟਿਡ ਵੀਡੀਓਆਂ ਨੇ ਲੈ ਲਈ ਹੈ। ਨਤੀਜਾ ਇਹ ਹੈ ਕਿ ਬਚਪਨ ਅਸਲੀ ਦੁਨੀਆ ਅਤੇ ਕਲਪਨਾਤਮਕ ਦੁਨੀਆ ਦੇ ਵਿਚਕਾਰ ਉਲਝ ਕੇ ਰਹਿ ਗਿਆ ਹੈ।



ਕਲਪਨਾ ਬੱਚੇ ਦੇ ਵਿਕਾਸ ਲਈ ਜ਼ਰੂਰੀ ਹੈ। ਇਹ ਉਸ ਦੀ ਰਚਨਾਤਮਕਤਾ ਨੂੰ ਪਰ ਪਾਉਂਦੀ ਹੈ, ਉਸ ਨੂੰ ਸੁਪਨੇ ਦੇਖਣ ਦੀ ਹਿੰਮਤ ਦਿੰਦੀ ਹੈ। ਪਰੀਆਂ ਦੀਆਂ ਕਹਾਣੀਆਂ, ਲੋਕ ਕਥਾਵਾਂ ਅਤੇ ਕਾਮਿਕ ਪਾਤਰ ਬੱਚੇ ਦੇ ਮਨ ਨੂੰ ਵਿਸ਼ਾਲਤਾ ਦਿੰਦੇ ਹਨ। ਪਰ ਜਦੋਂ ਕਲਪਨਾ ਹਕੀਕਤ ਤੋਂ ਵੱਧ ਹਾਵੀ ਹੋ ਜਾਂਦੀ ਹੈ, ਤਾਂ ਸਮੱਸਿਆ ਸ਼ੁਰੂ ਹੁੰਦੀ ਹੈ। ਬੱਚੇ ਰੀਲ ਅਤੇ ਰੀਅਲ ਦੇ ਫਰਕ ਨੂੰ ਸਮਝਣ ਵਿੱਚ ਅਸਮਰੱਥ ਰਹਿੰਦੇ ਹਨ। ਡਿਜ਼ੀਟਲ ਮੀਡੀਆ ਨੇ ਬੱਚਿਆਂ ਲਈ ਇੱਕ ਐਸੀ ਦੁਨੀਆ ਤਿਆਰ ਕਰ ਦਿੱਤੀ ਹੈ ਜਿੱਥੇ ਸਭ ਕੁਝ ਤੁਰੰਤ ਮਿਲਦਾ ਹੈ—ਤੁਰੰਤ ਮਨੋਰੰਜਨ, ਤੁਰੰਤ ਸਫਲਤਾ ਅਤੇ ਤੁਰੰਤ ਮਾਨਤਾ। ਇਸ ਕਲਪਨਾਤਮਕ ਸੰਸਾਰ ਵਿੱਚ ਹੀਰੋ ਹਮੇਸ਼ਾਂ ਜਿੱਤਦਾ ਹੈ, ਮੁਸ਼ਕਲਾਂ ਸਿਰਫ਼ ਕੁਝ ਮਿੰਟਾਂ ਵਿੱਚ ਖਤਮ ਹੋ ਜਾਂਦੀਆਂ ਹਨ। ਜਦੋਂ ਬੱਚਾ ਅਸਲੀ ਜੀਵਨ ਵਿੱਚ ਸੰਘਰਸ਼ ਦਾ ਸਾਹਮਣਾ ਕਰਦਾ ਹੈ, ਤਾਂ ਉਹ ਨਿਰਾਸ਼ਾ ਅਤੇ ਹਤਾਸ਼ਾ ਮਹਿਸੂਸ ਕਰਦਾ ਹੈ। ਉਸ ਨੂੰ ਲੱਗਦਾ ਹੈ ਕਿ ਜ਼ਿੰਦਗੀ ਵੀ ਫ਼ ?ਲਮਾਂ ਵਾਂਗ ਸੌਖੀ ਹੋਣੀ ਚਾਹੀਦੀ ਹੈ।

ਅਸਲੀਅਤ ਬੱਚੇ ਨੂੰ ਧੀਰਜ, ਸੰਘਰਸ਼ ਅਤੇ ਸਹਿਨਸ਼ੀਲਤਾ ਸਿਖਾਉਂਦੀ ਹੈ। ਮਿੱਟੀ ਵਿੱਚ ਖੇਡਣਾ, ਦੋਸਤਾਂ ਨਾਲ ਝਗੜ ਕੇ ਫਿਰ ਮਨਾ ਲੈਣਾ, ਹਾਰ ਕੇ ਵੀ ਦੁਬਾਰਾ ਕੋਸ਼ਿਸ਼ ਕਰਨਾ—ਇਹ ਸਾਰੇ ਅਨੁਭਵ ਜੀਵਨ ਦੇ ਸੱਚੇ ਪਾਠ ਹਨ। ਜੇ ਬਚਪਨ ਸਿਰਫ਼ ਕਲਪਨਾ ਦੇ ਆਧਾਰ 'ਤੇ ਬਣੇਗਾ, ਤਾਂ ਉਹ ਅਸਲੀ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਹੋਵੇਗਾ।

ਮਾਤਾ-ਪਿਤਾ ਅਤੇ ਅਧਿਆਪਕਾਂ ਦੀ ਭੂਮਿਕਾ ਇੱਥੇ ਬਹੁਤ ਮਹੱਤਵਪੂਰਨ ਹੈ। ਉਹਨਾਂ ਨੂੰ ਬੱਚਿਆਂ ਨੂੰ ਕਲਪਨਾ ਦੀ ਉਡਾਣ ਵੀ ਦੇਣੀ ਹੈ ਅਤੇ ਅਸਲੀਅਤ ਦੀ ਜ਼ਮੀਨ ਨਾਲ ਵੀ ਜੋੜ ਕੇ ਰੱਖਣਾ ਹੈ। ਕਿਤਾਬਾਂ ਪੜ੍ਹਨ ਦੀ ਆਦਤ, ਕੁਦਰਤ ਨਾਲ ਸੰਪਰਕ, ਖੇਡਾਂ ਵਿੱਚ ਹਿੱਸਾ ਅਤੇ ਪਰਿਵਾਰਕ ਗੱਲਬਾਤ—ਇਹ ਸਾਰੇ ਤਰੀਕੇ ਬਚਪਨ ਨੂੰ ਸੰਤੁਲਿਤ ਬਣਾਉਂਦੇ ਹਨ।




ਡਾ. ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110


ਬਚਪਨ ਦੀ ਦੁਨੀਆ ਹਮੇਸ਼ਾ ਹੀ ਕਹਾਣੀਆਂ, ਪਰੀਆਂ ਅਤੇ ਜਾਦੂਈ ਕਿੱਸਿਆਂ ਨਾਲ ਭਰੀ ਰਹੀ ਹੈ। ਪਰ ਅੱਜ ਦੇ ਡਿਜੀਟਲ ਯੁੱਗ ਨੇ ਬੱਚਿਆਂ ਦੀ ਕਲਪਨਾ ਨੂੰ ਇੱਕ ਨਵਾਂ ਪਰ ਬਹੁਤ ਹੀ ਗੁੰਝਲਦਾਰ ਮੋੜ ਦੇ ਦਿੱਤਾ ਹੈ। ਜਿੱਥੇ ਪਹਿਲਾਂ ਬੱਚੇ ਦਾਦੀ-ਨਾਨੀ ਦੀਆਂ ਕਹਾਣੀਆਂ ਸੁਣ ਕੇ ਆਪਣੇ ਮਨ ਵਿੱਚ ਇੱਕ ਕਾਲਪਨਿਕ ਸੰਸਾਰ ਸਿਰਜਦੇ ਸਨ, ਉੱਥੇ ਅੱਜ ਦੇ ਬੱਚੇ ਵੀਡੀਓ ਗੇਮਾਂ ਅਤੇ ਸੋਸ਼ਲ ਮੀਡੀਆ ਰਾਹੀਂ ਬਣੀ-ਬਣਾਈ ਕਲਪਨਾ ਵਿੱਚ ਜੀਅ ਰਹੇ ਹਨ।

**ਕਲਪਨਾ ਦਾ ਪ੍ਰਭਾਵ :** ਬੱਚਿਆਂ ਲਈ ਕਲਪਨਾ ਸਿਰਫ਼ ਖੇਡ ਨਹੀਂ, ਸਗੋਂ ਸਿੱਖਣ ਦਾ ਇੱਕ ਜ਼ਰੀਆ ਹੈ। ਜਦੋਂ ਇੱਕ ਬੱਚਾ ਕਿਸੇ ਸੁਪਰਹੀਰੋ ਵਾਂਗ ਵਿਹਾਰ ਕਰਦਾ ਹੈ, ਤਾਂ ਉਹ ਅਸਲ ਵਿੱਚ ਹਿੰਮਤ ਅਤੇ ਸ਼ਕਤੀ ਦੇ ਸੰਕਲਪ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਹਾਲਾਂਕਿ, ਜਦੋਂ ਇਹ ਕਲਪਨਾ 'ਵਰਚੁਅਲ ਰਿਐਲਿਟੀ' ਦਾ ਰੂਪ ਲੈ ਲੈਂਦੀ ਹੈ, ਤਾਂ ਬੱਚਾ ਅਸਲ ਦੁਨੀਆ ਦੇ ਰਿਸ਼ਤਿਆਂ ਅਤੇ ਭਾਵਨਾਵਾਂ ਤੋਂ ਦੂਰ ਹੋਣ ਲੱਗਦਾ ਹੈ।

**ਅਸਲੀਅਤ ਨਾਲ ਟਕਰਾਅ :** ਅੱਜ ਦੇ ਬੱਚੇ ਕਈ ਵਾਰ ਅਸਲੀਅਤ ਨੂੰ ਸਵੀਕਾਰ ਕਰਨ ਵਿੱਚ ਮੁਸ਼ਕਲ ਮਹਿਸੂਸ ਕਰਦੇ ਹਨ। ਇਸ ਦੇ ਮੁੱਖ ਕਾਰਨ ਹਨ:

**ਡਿਜੀਟਲ ਦੁਨੀਆ:** ਮੋਬਾਈਲ ਸਕ੍ਰੀਨ 'ਤੇ ਦਿਖਾਈ ਦੇਣ ਵਾਲੇ ਚਮਕਦਾਰ ਰੰਗ ਅਤੇ ਤੁਰੰਤ ਮਿਲਣ ਵਾਲੀ ਖ਼ੁਸ਼ੀ ( ਅਸਲ ਜੀਵਨ ਦੀ ਹੌਲੀ ਰਫ਼ਤਾਰ ਨੂੰ ਬੋਰਿੰਗ ਬਣਾ ਦਿੰਦੀ ਹੈ।

**ਸਮਾਜਿਕ ਦੂਰੀ:** ਬੱਚੇ ਬਾਹਰ ਮੈਦਾਨ ਵਿੱਚ ਖੇਡਣ ਦੀ ਬਜਾਏ ਵੀਡੀਓ ਗੇਮਾਂ ਵਿੱਚ ਦੋਸਤ ਬਣਾਉਣਾ ਜ਼ਿਆਦਾ ਪਸੰਦ ਕਰਦੇ ਹਨ, ਜਿਸ ਨਾਲ ਉਨ੍ਹਾਂ ਦਾ ਸਮਾਜਿਕ ਵਿਕਾਸ ਪ੍ਰਭਾਵਿਤ ਹੁੰਦਾ ਹੈ।

**ਸੰਤੁਲਨ ਦੀ ਲੋੜ :** ਇਹ ਕਹਿਣਾ ਗਲਤ ਹੋਵੇਗਾ ਕਿ ਕਲਪਨਾ ਬੁਰੀ ਹੈ। ਕਲਪਨਾ ਹੀ ਰਚਨਾਤਮਕਤਾ ਦੀ ਮਾਂ ਹੈ। ਪਰ ਚੁਣੌਤੀ ਇਹ ਹੈ ਕਿ ਬੱਚਿਆਂ ਨੂੰ ਇਹ ਸਮਝਾਇਆ ਜਾਵੇ ਕਿ ਸਕ੍ਰੀਨ ਦੀ ਦੁਨੀਆ ਅਤੇ ਜ਼ਮੀਨੀ ਹਕੀਕਤ ਵਿੱਚ ਫ਼ਰਕ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਕੁਦਰਤ ਨਾਲ ਜੋੜਨ, ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨ ਅਤੇ ਉਨ੍ਹਾਂ ਨਾਲ ਗੱਲਾਂ ਕਰਨ ਤਾਂ ਜੋ ਉਹ ਆਪਣੇ ਮਨ ਦੇ ਉਲਝਣਾਂ ਨੂੰ ਸੁਲਝਾ ਸਕਣ।

ਸਿੱਟਾ: ਬਚਪਨ ਦਾ ਅਸਲੀ ਆਨੰਦ ਕਲਪਨਾ ਦੀਆਂ ਉਡਾਣਾਂ ਭਰਨ ਵਿੱਚ ਹੀ ਹੈ, ਪਰ ਇਨ੍ਹਾਂ ਉਡਾਣਾਂ ਦੀਆਂ ਜੜ੍ਹਾਂ ਅਸਲੀਅਤ ਦੀ ਧਰਤੀ ਵਿੱਚ ਹੋਣੀਆਂ ਬਹੁਤ ਜ਼ਰੂਰੀ ਹਨ।

ਅੰਤ ਵਿੱਚ, ਕਲਪਨਾ ਅਤੇ ਅਸਲੀਅਤ ਦੋਵੇਂ ਬਚਪਨ ਦੇ ਜ਼ਰੂਰੀ ਹਿੱਸੇ ਹਨ। ਕਲਪਨਾ ਸੁਪਨੇ ਦਿੰਦੀ ਹੈ, ਅਸਲੀਅਤ ਉਹਨਾਂ ਨੂੰ ਸਾਕਾਰ ਕਰਨ ਦਾ ਰਾਹ ਦਿਖਾਉਂਦੀ ਹੈ। ਜੇ ਅਸੀਂ ਬੱਚਿਆਂ ਨੂੰ ਇਹ ਸੰਤੁਲਨ ਸਿਖਾ ਦਿੱਤਾ, ਤਾਂ ਉਹ ਨਾ ਸਿਰਫ਼ ਚੰਗੇ ਸੁਪਨੇ ਦੇਖਣਗੇ, ਬਲਕਿ ਉਹਨਾਂ ਨੂੰ ਸੱਚ ਬਣਾਉਣ ਦੀ ਸਮਰੱਥਾ ਵੀ ਰੱਖਣਗੇ।

# ਐਪਸਟੀਨ ਫਾਈਲਜ਼-ਇਕ ਦਾਨਵੀ ਤਾਣੇ-ਬਾਣੇ ਦੇ ਕਾਲੇ ਕਾਰਨਾਮੇ

ਐਪਸਟੀਨ ਫਾਈਲਜ਼ ਮਾਨਵੀ ਸੱਭਿਅਤਾ ਦਾ ਇਕ ਅਜਿਹਾ ਪਿੰਜਰ (ਕੰਕਾਲ) ਹੈ, ਜਿਸ 'ਚ ਸੱਤਾ, ਪੈਸੇ ਤੇ ਵਾਸਨਾ ਨੇ ਮਿਲ ਕੇ ਸ਼ਰੇਆਮ ਇਨਸਾਨੀਅਤ ਨੂੰ ਸ਼ਰਮਿੰਦਾ ਕੀਤਾ ਹੈ। ਅੱਜ ਪੂਰੀ ਦੁਨੀਆ 'ਚ ਇਹ ਸਵਾਲ ਪੁੱਛਿਆ ਜਾ ਰਿਹਾ ਹੈ ਕਿ, ਕੀ ਮਾਨਵਤਾ ਨੂੰ ਸ਼ਰਮਿੰਦਾ ਕਰਨ ਵਾਲੇ ਇਸ ਕਾਂਡ ਨੂੰ ਕੀ ਮਾਨਵੀ ਸੱਭਿਅਤਾ ਦਾ ਸਭ ਤੋਂ ਘਿਨੌਣਾ ਕਾਂਡ (ਸਕੈਂਡਲ) ਨਹੀਂ ਕਿਹਾ ਜਾ ਸਕਦਾ? ਇਸ ਦਾ ਉੱਤਰ ਬਿਨਾਂ ਸ਼ੱਕ 'ਹਾਂ' ਵਿਚ ਹੋ ਸਕਦਾ ਹੈ। ਇਤਿਹਾਸ 'ਚ ਕੁਝ ਅਜਿਹੇ ਕਾਂਡ ਹੁੰਦੇ ਹਨ, ਜੋ ਸਿਰਫ਼ ਕਾਨੂੰਨ ਵਿਵਸਥਾ ਦੀ ਨਾਕਾਮੀ ਨਹੀਂ ਹੁੰਦੀ, ਸਗੋਂ ਪੂਰੀ ਮਾਨਵੀ ਸੱਭਿਅਤਾ ਦੀ ਨੈਤਿਕਤਾ ਦੀ ਰੀੜ੍ਹ ਨੂੰ ਤੋੜ ਦਿੰਦੇ ਹਨ। ਐਪਸਟੀਨ ਫਾਈਲਜ਼ ਅਜਿਹੇ ਹੀ ਕਾਂਡ 'ਚੋਂ ਇਕ ਹੈ। ਇਹ ਮਹਿਜ਼ ਸੈਕਸ ਅਪਰਾਧਾਂ ਦੀ ਕਹਾਣੀ ਨਹੀਂ ਹੈ, ਸਗੋਂ ਉਸ ਖ਼ੌਫ਼ਨਾਕ ਦਾਸਤਾਂ ਦੀ ਝਲਕ ਹੈ, ਜਿੱਥੇ ਦੌਲਤ, ਸੱਤਾ ਤੇ ਰਸੂਖਦਾਰ ਮਿਲ ਕੇ ਮਾਸੂਮਾਂ ਨੂੰ ਸ਼ਿਕਾਰ ਬਣਾਉਂਦੇ ਹਨ। ਐਪਸਟੀਨ ਫਾਈਲਜ਼ ਅਜਿਹੇ ਹੀ ਇਕ ਦਾਨਵੀ ਨੈੱਟਵਰਕ ਦੇ ਕਾਰਨਾਮਿਆਂ ਨੂੰ ਉਜਾਗਰ ਕਰਦੀਆਂ ਹਨ।





ਅਮਰੀਕਾ ਦੇ ਜੈਫਰੀ ਐਪਸਟੀਨ 'ਤੇ ਨਾਬਾਲਿਗ ਲੜਕੀਆਂ ਦੀ ਸੈਕਸ-ਤਸਕਰੀ, ਜਿਨਸੀ ਸ਼ੋਸ਼ਣ ਤੇ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਲੋਕਾਂ ਤੱਕ ਪਹੁੰਚਾਉਣ ਦੇ ਦੋਸ਼ ਸਾਬਤ ਹੋਏ ਸਨ। ਇਸ ਮਾਮਲੇ ਦੀ ਜਾਂਚ ਦੌਰਾਨ ਸਾਹਮਣੇ ਆਇਆ ਸੀ ਕਿ ਇਹ ਕੋਈ ਨਿਵੇਕਲਾ ਅਪਰਾਧ ਨਹੀਂ, ਸਗੋਂ ਇਕ ਸੰਗਠਿਤ ਨੈੱਟਵਰਕ ਸੀ, ਜਿੱਥੇ ਲੜਕੀਆਂ ਨੂੰ ਭਰਤੀ ਕਰਕੇ ਉਨ੍ਹਾਂ ਨੂੰ ਸਿਖਲਾਈ ਦੇਣ ਬਾਅਦ ਦੁਨੀਆ ਭਰ ਦੇ ਰਸੂਖਦਾਰ ਸੱਤਾ ਦੇ ਮਾਲਕਾਂ ਨੂੰ ਸਪਲਾਈ ਕੀਤਾ ਜਾਂਦਾ ਸੀ। ਇਸ ਕਾਰਨਾਮੇ 'ਚ ਐਪਸਟੀਨ ਦੀ ਸਹਿਯੋਗੀ- ਘਿਸਲੇਨ ਮੈਕਸਵੈੱਲ ਸੀ, ਜੋ ਕਿਸੇ ਅਪਰਾਧਿਕ ਪਿੱਠਭੂਮੀ ਵਾਲੀ ਨਾ ਹੋ ਕੇ ਇਕ ਆਧੁਨਿਕ, ਪ੍ਰਭਾਵਸ਼ਾਲੀ ਤੇ ਰੁਤਬੇ ਵਾਲੇ ਪਰਿਵਾਰ ਨਾਲ ਸੰਬਧ ਰੱਖਦੀ ਸੀ। ਇਸ ਕਾਂਡ ਨੂੰ ਦੋ ਸਰਗਨੇ- ਐਪਸਟੀਨ ਤੇ ਬਿਸਲੇਨ ਮਿਲ ਕੇ ਬੇਹੱਦ ਖ਼ਤਰਨਾਕ ਬਣਾਉਂਦੇ ਹਨ। ਇਹ ਕਾਂਡ ਇੰਨਾ ਘਿਨਾਉਣੇ ਹੈ ਕਿ ਇਸ ਦੀ ਤੁਲਨਾ ਨਾਜ਼ੀ ਜਰਮਨੀ ਵਲੋਂ ਯਹੂਦੀਆਂ ਦੇ ਕੀਤੇ ਸੰਗਠਿਤ ਕਤਲੇਆਮ 'ਹੋਲੋਕਾਸਟ', ਜਾਪਾਨੀ ਸੈਨਾ ਦੀਆਂ ਨਾਨਜਿੰਗ ਸਮੂਹਿਕ ਹੱਤਿਆਵਾਂ ਤੇ ਅਮਰੀਕਾ 'ਚ ਸਿਆਫਾਮ (ਕਾਲੇ) ਲੋਕਾਂ 'ਤੇ ਦਹਾਕਿਆਂ ਤੱਕ ਕੀਤੇ ਗਏ ਅਣਮਨੁੱਖੀ ਪ੍ਰਯੋਗਾਂ ਨਾਲ ਕੀਤੀ ਜਾਂਦੀ ਹੈ। ਐਪਸਟੀਨ ਕਾਂਡ ਦੀ ਗਿਣਤੀ ਇਨ੍ਹਾਂ ਨਾਲ ਇਸ ਕਰਕੇ ਕੀਤੀ ਜਾਂਦੀ ਹੈ, ਕਿਉਂਕਿ ਇਹ ਸ਼ੋਸ਼ਣ ਕਿਸੇ ਇਕ ਵਿਅਕਤੀ ਦਾ ਨਹੀਂ, ਸਗੋਂ ਇਕ ਪੂਰੀ ਵਿਵਸਥਾ ਦਾ ਸੀ ਅਤੇ ਇਸ ਅਪਰਾਧ ਨੂੰ ਛੁਪਾਉਣ ਵਿਚ ਪੂਰਾ ਸਿਸਟਮ ਭਾਈਵਾਲ ਰਿਹਾ ਸੀ ਅਤੇ ਇੱਥੇ ਪੀੜਤਾਂ ਦੀ ਪੁਕਾਰ ਸੁਣਨ ਵਾਲਾ ਕੋਈ ਨਹੀਂ ਸੀ। ਇਹ ਆਧੁਨਿਕ ਯੁੱਗ ਦਾ ਅਜਿਹਾ ਸ਼ੀਸ਼ਾ ਸੀ, ਜਿੱਥੇ ਤਕਨੀਕ ਤਾਂ ਬਹੁਤ ਉੱਨਤ ਹੋ ਗਈ ਹੈ, ਪਰ ਨੈਤਿਕਤਾ ਬੁਰੀ ਤਰ੍ਹਾਂ ਨਿੱਘਰ ਚੁੱਕੀ ਹੈ।

ਐਪਸਟੀਨ ਫਾਈਲਜ਼ ਸਕੈਂਡਲ ਤੋਂ ਪਤਾ ਲਗਦਾ ਹੈ ਕਿ ਅਮਰੀਕੀ ਫਾਈਨੈਂਸਰ ਜੈਫਰੀ ਐਪਸਟੀਨ ਦਹਾਕਿਆਂ ਤੱਕ ਦੁਨੀਆ ਦੇ ਚੋਟੀ ਦੇ ਸਿਆਸਤਦਾਨਾਂ, ਨਾਮਵਰ ਕਾਰੋਬਾਰੀਆਂ, ਰਾਜ ਪਰਿਵਾਰਾਂ ਤੇ ਵਿਸ਼ਵ ਪੱਧਰੀ ਕੁਲੀਨ ਵਰਗ ਨੂੰ ਨੌਜਵਾਨ ਲੜਕੀਆਂ ਦੀ ਸਪਲਾਈ ਕਰਦਾ ਰਿਹਾ। ਜਿਸ ਦੇ ਲਈ ਐਪਸਟੀਨ ਨੇ ਇਕ ਗੁਪਤ ਨੈੱਟਵਰਕ ਬਣਾਇਆ ਹੋਇਆ ਸੀ, ਜੋ ਕਿਸੇ ਵੀ ਅਜਿਹੇ ਵਿਅਕਤੀ ਦੀ ਪਹੁੰਚ ਵਿਚ ਨਹੀਂ ਸੀ, ਜਿਹੜਾ ਇਸ ਸਕੈਂਡਲ ਵਿਚ ਸ਼ਾਮਿਲ ਨਾ ਹੋਵੇ। ਜਦੋਂ ਅਸੀਂ 'ਐਪਸਟੀਨ ਫਾਈਲਜ਼' ਕਹਿੰਦੇ ਹਾਂ ਤਾਂ ਇਸ ਦਾ ਮਤਲਬ ਇਸ ਘਿਨਾਉਣੇ ਸਕੈਂਡਲ ਨਾਲ ਜੁੜੇ ਲੱਖਾਂ ਦਸਤਾਵੇਜ਼ਾਂ-ਜਿਨ੍ਹਾਂ 'ਚ ਅਦਾਲਤਾਂ ਦੇ ਰਿਕਾਰਡ, ਗਵਾਹੀਆਂ, ਈ-ਮੇਲ, ਫਲਾਈਟ ਲਾਗਜ ਤੇ ਬਿਆਨ ਸ਼ਾਮਿਲ ਹਨ। ਇਹ ਦਸਤਾਵੇਜ਼ ਦੱਸਦੇ ਹਨ ਕਿ ਦੁਨੀਆ ਦੇ ਕਿਹੜੇ ਪ੍ਰਭਾਵਸ਼ਾਲੀ ਲੋਕਾਂ ਨੇ ਐਪਸਟੀਨ ਨਾਲ ਸੰਪਰਕ ਕੀਤਾ, ਕਿਹੜੇ-ਕਿਹੜੇ ਲੋਕ ਉਸ ਦੇ ਨਿੱਜੀ ਜੈੱਟ, 'ਲੋਲਿਤਾ ਐਕਸਪ੍ਰੈਸ' ਵਿਚ ਸਵਾਰ ਹੋਏ ਅਤੇ ਕਿਹੜੇ ਨਾਵਾਂ ਦਾ ਜ਼ਿਕਰ ਪੀੜਤਾਂ ਦੀਆਂ ਗਵਾਹੀਆਂ ਵਿਚ ਕੀਤਾ ਗਿਆ ਸੀ। ਦਰਅਸਲ ਇਸ ਸਕੈਂਡਲ ਦਾ ਪਰਦਾਫਾਸ਼ ਕਰਨ ਵਿਚ ਮਹੱਤਵਪੂਰਨ ਯੋਗਦਾਨ ਸਿਵਲ ਮੁਕੱਦਮੇਬਾਜ਼ੀ ਤੇ ਖੋਜੀ ਪੱਤਰਕਾਰਾਂ ਦੇ ਅਣਥੱਕ ਕੰਮ ਨੇ ਪਾਇਆ ਹੈ। ਇਹ ਸਕੈਂਡਲ ਪਹਿਲੀ ਵਾਰ 2005 ਤੇ 2008 ਵਿਚਕਾਰ ਉਸ ਸਮੇਂ ਸਾਹਮਣੇ ਆਇਆ ਸੀ, ਜਦੋਂ ਅਮਰੀਕਾ ਦੇ ਫਲੋਰਿਡਾ ਵਿਚ ਕੁਝ ਨਾਬਾਲਗ ਲੜਕੀਆਂ ਦੇ ਬਿਆਨ ਸਾਹਮਣੇ ਆਏ ਸਨ ਕਿ ਐਪਸਟੀਨ ਨੇ ਉਨ੍ਹਾਂ ਨੂੰ ਮਾਲਿਸ਼ ਕਰਨ ਲਈ ਬੁਲਾਇਆ ਸੀ, ਪਰ ਉਨ੍ਹਾਂ ਦਾ ਮਹੀਨਿਆਂ ਤੱਕ ਜਿਨਸੀ ਸ਼ੋਸ਼ਣ ਕੀਤਾ ਗਿਆ। ਇੰਨੇ ਵੱਡੇ ਸੈਕਸ ਸਕੈਂਡਲ ਲਈ ਜੈਫਰੀ ਐਪਸਟੀਨ ਨੂੰ ਬਹੁਤ ਥੋੜ੍ਹੀ ਸਜ਼ਾ ਮਿਲੀ ਸੀ। ਕਿਹਾ ਜਾਂਦਾ ਹੈ ਕਿ ਇਸ ਦੇ ਪਿੱਛੇ ਅਮਰੀਕੀ ਨਿਆਂ ਪ੍ਰਣਾਲੀ ਦੁਆਰਾ ਕੀਤਾ ਗਿਆ ਇਕ ਗੁਪਤ ਸੌਦਾ ਸੀ। ਜਦੋਂ 2019 ਵਿਚ ਇਸ ਬਦਨਾਮ ਅਪਰਾਧੀ ਨੂੰ ਨਿਊਯਾਰਕ ਵਿਚ ਇਕ ਫੈਡਰਲ ਸੈਕਸ ਤਸਕਰੀ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਤਾਂ ਉਸ ਦੀ ਹਨੇਰੀ ਗੁਫਾ ਦੇ ਭੇਦ ਖੁੱਲ੍ਹਣੇ ਸ਼ੁਰੂ ਹੋ ਗਏ। ਪਰ ਇਸ ਕਾਂਡ 'ਚ ਬੇਨਕਾਬ ਹੋਣ ਤੋਂ ਬਚਣ ਦੀ ਕੋਸ਼ਿਸ਼ ਕਰਨ ਵਾਲੇ ਦੁਨੀਆ ਦੇ ਬੇਹੱਦ ਸ਼ਕਤੀਸ਼ਾਲੀ ਲੋਕ ਸਨ। ਇਸ ਲਈ ਜੈਫਰੀ ਐਪਸਟੀਨ 2019 ਵਿਚ ਆਪਣੀ ਜੇਲ੍ਹ ਦੀ ਕੋਠੜੀ 'ਚ ਮ੍ਰਿਤਕ ਪਾਇਆ ਗਿਆ ਤਾਂ ਅਧਿਕਾਰਤ ਤੌਰ 'ਤੇ ਇਸ ਨੂੰ ਖ਼ੁਦਕੁਸ਼ੀ ਕਰਾਰ ਦਿੱਤਾ ਗਿਆ ਸੀ, ਪਰ ਪੂਰੀ ਦੁਨੀਆ ਜਾਣਦੀ ਹੈ ਕਿ ਅਜਿਹੇ ਮਾਮਲਿਆਂ ਵਿਚ ਖ਼ੁਦਕੁਸ਼ੀ ਦਾ ਕੀ ਅਰਥ ਹੁੰਦਾ ਹੈ? ਇਸ ਸਕੈਂਡਲ ਨਾਲ ਸਬੰਧਤ ਅਜੇ ਸਿਰਫ਼ ਕੁਝ ਹਜ਼ਾਰ ਦਸਤਾਵੇਜ਼ ਹੀ ਜਨਤਕ ਹੋਏ ਹਨ ਅਤੇ ਇਸ ਨਾਲ ਦੁਨੀਆ ਭਰ 'ਚ ਕਈ ਦਰਜਨ ਵੱਡੇ ਲੋਕ ਬੇਨਕਾਬ ਹੋ ਗਏ, ਜਿਨ੍ਹਾਂ ਬਾਰੇ ਕਦੇ ਕੋਈ ਕਲਪਨਾ ਵੀ ਨਹੀਂ ਕਰ ਸਕਦਾ ਸੀ। ਇਨ੍ਹਾਂ ਵਿਚ ਵੱਡੇ ਕਾਰੋਬਾਰੀ, ਪ੍ਰੋਫ਼ੈਸਰ, ਵਕੀਲ, ਵੱਡੇ ਸਿਆਸਤਦਾਨ, ਰਾਜਕੁਮਾਰ ਤੇ ਵਿਗਿਆਨੀ ਤੱਕ ਸ਼ਾਮਿਲ ਸਨ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ, ਬ੍ਰਿਟਿਸ਼ ਰਾਜਕੁਮਾਰ ਪ੍ਰਿੰਸ ਐਂਡਰਿਊ,


ਐਨ.ਕੇ. ਅਰੋੜਾ


ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਮਹਾਨ ਵਿਗਿਆਨੀ ਸਟੀਫਨ ਹਾਕਿੰਗ ਤੱਕ ਦੇ ਨਾਂਅ ਐਪਸਟੀਨ ਮਾਮਲੇ ਨਾਲ ਜੁੜੇ ਹੋਏ ਹਨ ਅਤੇ ਸੈਂਕੜੇ ਹੋਰ ਵੱਡੇ ਨਾਂਅ ਹੌਲੀ-ਹੌਲੀ ਬੇਨਕਾਬ ਹੋ ਰਹੇ ਹਨ। ਹਾਲਾਂਕਿ ਹਰ ਕਿਸੇ ਦੇ ਮਾਮਲੇ ਨੂੰ ਹੁਣ ਦਬਾਇਆ ਜਾ ਰਿਹਾ ਹੈ। ਇਸ ਸਕੈਂਡਲ ਨਾਲ ਸੰਬੰਧਿਤ ਜ਼ਿਆਦਾਤਰ ਜਿਉਂਦੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਐਪਸਟੀਨ ਨਾਲ ਰਿਸ਼ਤਾ ਸਿਰਫ਼ ਸੰਪਰਕ ਕਰਨ ਤੱਕ ਸੀ। ਪਰ 3 ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ, ਡੋਨਾਲਡ ਟਰੰਪ ਤੇ ਜੋਅ ਬਾਈਡਨ ਦੇ ਨਾਂਅ ਇਸ 'ਚ ਸ਼ਾਮਿਲ ਹਨ। ਟਰੰਪ 1990 ਤੋਂ 2000 ਦੇ ਵਿਚਕਾਰ ਕਈ ਵਾਰ ਐਪਸਟੀਨ ਦੀ ਮਹਿਮਾਨ ਨਿਵਾਜ਼ੀ ਪ੍ਰਾਪਤ ਕਰ ਚੁੱਕੇ ਹਨ, ਹਾਲਾਂਕਿ ਉਹ ਇਨ੍ਹਾਂ ਨੂੰ ਸਮਾਜਿਕ ਮੁਲਾਕਾਤਾਂ ਕਹਿੰਦੇ ਹਨ। ਇਨ੍ਹਾਂ ਦਸਤਾਵੇਜ਼ਾਂ ਵਿਚ ਸਾਬਕਾ ਰਾਸ਼ਟਰਪਤੀ ਜੋਅ ਬਾਈਡਨ ਦਾ ਵੀ ਨਾਂਅ ਸਾਹਮਣੇ ਆਇਆ ਹੈ, ਜਦ ਕਿ ਬਿਲ ਕਲਿੰਟਨ ਤਾਂ 'ਲੋਲਿਤਾ ਐਕਸਪ੍ਰੈਸ' ਦੇ ਇਕ ਨਿਯਮਤ ਮਹਿਮਾਨ ਹੁੰਦੇ ਸਨ। ਪਰ ਇਨ੍ਹਾਂ ਸਭ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਿਰਫ਼ ਐਪਸਟੀਨ ਨਾਲ ਜਾਣ-ਪਛਾਣ ਹੀ ਸੀ ਅਤੇ ਉਹ ਇਸ ਕਾਂਡ ਬਾਰੇ ਕੁਝ ਨਹੀਂ ਜਾਣਦੇ ਸਨ। ਫਿਰ ਵੀ ਇਹ ਭਿਆਨਕ ਅਪਰਾਧਿਕ ਕਹਾਣੀ ਇਕ ਵਾਰ ਫਿਰ ਮਨੁੱਖੀ ਸਮਾਜ ਨੂੰ ਚਿਤਾਵਨੀ ਦਿੰਦੀ ਹੈ: ਕਿ ਅਪਰਾਧ ਸਿਰਫ਼ ਗ਼ਰੀਬ ਇਲਾਕਿਆਂ ਵਿਚ ਹੀ ਨਹੀਂ ਵਧਦੇ ਫੁਲਦੇ, ਸਭ ਤੋਂ ਖ਼ਤਰਨਾਕ ਅਪਰਾਧ ਤਾਂ ਸਭ ਤੋਂ ਵਧ ਆਲੀਸ਼ਾਨ ਕਮਰਿਆਂ ਵਿਚ ਕੀਤੇ ਜਾਂਦੇ ਹਨ, ਜਦੋਂ ਸ਼ਕਤੀ ਤੇ ਪੈਸਾ ਇਕੱਠਾ ਹੋ ਜਾਵੇ ਤਾਂ ਨੈਤਿਕਤਾ ਸਭ ਤੋਂ ਪਹਿਲਾਂ ਮਰਦੀ ਹੈ।

ਜੇਕਰ ਐਪਸਟੀਨ ਦੇ ਭਿਆਨਕ ਨੈੱਟਵਰਕ ਨੂੰ ਅੱਜ 21ਵੀਂ ਸਦੀ ਦੀਆਂ ਸਭ ਤੋਂ ਭਿਆਨਕ ਅਪਰਾਧ ਕਹਾਣੀਆਂ 'ਚੋਂ ਇਕ ਮੰਨਿਆ ਜਾ ਰਿਹਾ ਹੈ ਤਾਂ ਇਸ ਦੀ ਵਜ੍ਹਾ ਇਹ ਹੈ ਕਿ ਇਸ ਸਕੈਂਡਲ ਦੇ ਸਾਹਮਣੇ ਆਏ ਦਸਤਾਵੇਜ਼ਾਂ ਤੋਂ ਪਤਾ ਲੱਗਾ ਹੈ ਕਿ ਨਾਬਾਲਗ ਕੁੜੀਆਂ ਨੂੰ ਭੋਗ ਦੀਆਂ ਵਸਤੂਆਂ ਸਮਝਦਿਆਂ ਉਨ੍ਹਾਂ ਦਾ ਸ਼ੋਸ਼ਣ ਬਕਾਇਦਾ ਸੰਗਠਿਤ ਕਾਰੋਬਾਰ ਰਾਹੀਂ ਕੀਤਾ ਗਿਆ ਸੀ। ਇਸ ਪੂਰੇ ਰਹੱਸਮਈ ਕਾਂਡ ਦੇ ਸਾਹਮਣੇ ਆਏ ਦਸਤਾਵੇਜ਼ਾਂ ਤੋਂ ਪਤਾ ਲਗਦਾ ਹੈ ਕਿ ਪ੍ਰਭਾਵਸ਼ਾਲੀ ਲੋਕ ਕਿਵੇਂ ਕਿਸੇ ਅਪਰਾਧ ਨੂੰ ਮੁਨਾਫ਼ੇ ਵਿਚ ਬਦਲ ਦਿੰਦੇ ਹਨ। ਜੇਕਰ ਜੈਫਰੀ ਐਪਸਟੀਨ ਦੀ ਰਹੱਸਮਈ ਹਾਲਤ 'ਚ ਮੌਤ ਨਾ ਹੋਈ ਹੁੰਦੀ ਤਾਂ ਸ਼ਾਇਦ ਇਹ ਅਪਰਾਧ ਇੰਨਾ ਸੰਗਠਿਤ ਸਾਬਤ ਨਾ ਹੋਇਆ ਹੁੰਦਾ। ਪਰ ਜਿਸ ਤਰ੍ਹਾਂ ਅਮਰੀਕਾ ਵਰਗੇ ਵਿਕਸਤ ਦੇਸ਼ ਵਿਚ ਐਪਸਟੀਨ ਦੀ ਮੌਤ ਤੋਂ ਬਾਅਦ ਪਤਾ ਲੱਗਾ ਕਿ ਜੇਲ੍ਹ ਦਾ ਕੋਈ ਵੀ ਕੈਮਰਾ ਕੰਮ ਨਹੀਂ ਕਰ ਰਿਹਾ ਸੀ, ਐਪਸਟੀਨ ਦੀ ਨਿਗਰਾਨੀ ਲਈ ਨਿਯੁਕਤ ਕੋਈ ਵੀ ਸੁਰੱਖਿਆ ਗਾਰਡ ਆਪਣੀ ਡਿਊਟੀ 'ਤੇ ਮੌਜੂਦ ਨਹੀਂ ਸੀ। ਇਸ ਤੋਂ ਪਤਾ ਲਗਦਾ ਹੈ ਕਿ ਇਹ ਕਿੰਨਾ ਭਿਆਨਕ ਸੰਗਠਿਤ ਅਪਰਾਧ ਸੀ, ਜਿਸ ਵਿਚ ਐਪਸਟੀਨ ਦੀ ਮੌਤ ਦੇ ਸਾਰੇ ਭੇਤ ਦੱਬੇ ਗਏ। ਇਸ ਲਈ ਹੁਣ ਤੱਕ ਦੀਆਂ ਜਿੰਨੀਆਂ ਵੀ ਹੈਰਾਨ ਕਰਨ ਵਾਲੀਆਂ ਅਪਰਾਧ ਕਹਾਣੀਆਂ ਸਾਬਤ ਹੋਈਆਂ ਹਨ, ਇਹ ਸਿਰਫ਼ ਕਹਾਣੀਆਂ ਨਹੀਂ ਹੁੰਦੀਆਂ; ਸਗੋਂ ਤਾਕਤਵਰ ਲੋਕਾਂ ਦੇ ਜਿਉਣ ਦਾ ਤਰੀਕਾ ਹੁੰਦੀਆਂ ਹਨ। ਇਹ ਸਕੈਂਡਲ ਇਸ ਲਈ ਵੀ ਦਹਿਸ਼ਤ ਪੈਦਾ ਕਰਦਾ ਹੈ, ਕਿਉਂਕਿ ਇਸ ਤੋਂ ਪਤਾ ਲਗਦਾ ਹੈ ਕਿ ਜਿਸ ਸੱਭਿਅਤਾ ਨੂੰ ਪ੍ਰਗਤੀਸ਼ੀਲ ਕਿਹਾ ਗਿਆ ਹੈ, ਇਹ ਅੰਦਰੋਂ ਕਿੰਨੀ ਦਾਨਵੀ ਬਿਰਤੀ ਵਾਲੀ ਹੈ। ਜਦੋਂ ਤੱਕ ਇਨ੍ਹਾਂ ਦਾਨਵਾਂ ਨੂੰ ਬੇਨਕਾਬ ਕਰਨ ਦੀ ਹਿੰਮਤ ਕਿਸੇ ਸੱਤਾ ਵਿਚ ਨਹੀਂ ਹੋਵੇਗੀ, ਉਸ ਸਮੇਂ ਤੱਕ ਦੁਨੀਆ ਦੇ ਹਰ ਚਮਕਦੇ ਸ਼ਹਿਰ ਦੇ ਹੇਠਾਂ ਅਜਿਹੇ ਹਨੇਰੇ ਤਹਿਖਾਨੇ ਹਮੇਸ਼ਾ ਮੌਜੂਦ ਰਹਿਣਗੇ।

Dosanjh Family
AUTO GROUP

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD